Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 18, Issue- 834, 26 Dec. to 01 Jan., 2025, Ph: 916-320-9444, E-mail: punjabmailusa@yahoo.com, Web: punjabmailusa.com

## ਸਾਲ 2025 'ਚ ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਟਰੰਪ ਦੀ ਤਲਵਾਰ ਦਾ ਖਤਰਾ

ਗੁਰਜਤਿੰਦਰ ਸਿੰਘ ਰੰਧਾਵਾ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀਆਂ ਚੋਣਾਂ ਦੌਰਾਨ ਅਮਰੀਕਾ ਵਿਚ ਗੈਰ ਪ੍ਰਵਾਸੀਆਂ ਨੂੰ ਰੋਕਣ ਦੀ ਜੋ ਸਹੁੰ ਖਾਧੀ ਸੀ, ਉਸ ਨੂੰ ਪੂਰਾ ਕਰਨ ਲਈ ਉਸ ਨੇ ਵੱਡੀ ਟੀਮ ਤਿਆਰ ਕਰ ਲਈ ਹੈ। ਟਰੰਪ ਨੇ ਉਨ੍ਹਾਂ ਲੋਕਾਂ ਨੂੰ ਆਪਣੀ ਵਜ਼ਾਰਤ ਵਿਚ ਰੱਖਿਆ ਹੈ, ਜਿਹੜੇ ਕਿ ਪਹਿਲਾਂ ਹੀ ਅਮਰੀਕਾ 'ਚ ਨਾਜਾਇਜ਼ ਘੁਸਪੈਠ ਦੇ ਖਿਲਾਫ ਸਨ। 20 ਜਨਵਰੀ ਨੂੰ ਡੋਨਾਲਡ ਟਰੰਪ ਸਹੁੰ ਚੁੱਕਣ ਜਾ ਰਹੇ ਹਨ। ਚੋਣਾਂ ਤੋਂ ਪਹਿਲਾਂ ਹੀ ਇਨ੍ਹਾਂ ਦੀ ਕਾਰਗੁਜ਼ਾਰੀ ਤੋਂ ਇੰਝ ਲੱਗ ਰਿਹਾ ਹੈ ਕਿ ਇਸ ਵਾਰ ਇਹ ਆਪਣੀ ਕਹਿਣੀ ਤੇ ਕਰਨੀ ਦੇ ਪਾਬੰਦ ਰਹਿਣਗੇ। ਚੋਣਾਂ ਤੋਂ ਪਹਿਲਾਂ ਟਰੰਪ ਨੇ ਜਿਹੜੇ ਵਾਅਦੇ ਅਮਰੀਕੀਆਂ ਨਾਲ ਕੀਤੇ ਸਨ, ਉਹ ਉਨ੍ਹਾਂ ਨੂੰ ਇੰਨ-ਬਿੰਨ ਲਾਗੂ ਕਰਾਉਣ ਲਈ ਕੰਮ ਕਰਨਗੇ। ਟਰੰਪ ਜਦੋਂ ਪਹਿਲੀ ਵਾਰ ਚੁਣੇ ਗਏ ਸਨ, ਉਸ ਵਕਤ ਵੀ ਉਨ੍ਹਾਂ ਨੇ ਮੈਕਸੀਕੋ ਦੇ ਬਾਰਡਰ 'ਤੇ ਵੱਡੀ ਕੰਧ ਉਸਾਰਨ ਦਾ ਐਲਾਨ ਕੀਤਾ ਸੀ, ਜਿਸ ਨੂੰ ਕਿ ਉਨ੍ਹਾਂ ਨੇ ਕਾਫੀ ਹੱਦ ਤੱਕ ਪੂਰਾ ਕੀਤਾ ਸੀ। ਬਹੁਤ ਸਾਰੇ ਅਜਿਹੇ ਬਿੱਲ ਵਾਪਸ ਲੈ ਲਏ ਸਨ, ਜਿਹੜੇ ਕਿ ਪਹਿਲੀਆਂ ਸਰਕਾਰਾਂ ਵੇਲੇ ਪਾਸ ਕੀਤੇ ਗਏ ਸਨ। ਇਸ ਵਾਰ ਵੀ ਕੁੱਝ ਅਜਿਹਾ ਹੀ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ। ਇਸ ਵਾਰ ਟਰੰਪ ਨੇ ਮੈਕਸੀਕੋ ਦੇ ਨਾਲ-ਨਾਲ ਕੈਨੇਡਾ ਅਤੇ ਚੀਨ ਸਮੇਤ ਕੁੱਝ ਹੋਰ ਮੁਲਕਾਂ 'ਤੇ ਵੀ ਪਾਬੰਦੀਆਂ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਜੇ ਤੁਸੀਂ ਆਪਣੇ ਦੇਸ਼ਾਂ ਤੋਂ ਗੈਰ ਕਾਨੂੰਨੀ ਲੋਕਾਂ ਦੀ ਘੁਸਪੈਠ ਅਤੇ ਨਸ਼ੇ ਆਦਿ ਵਰਗੇ ਸਾਮਾਨ ਦੀ ਸਮਗਲਿੰਗ ਬੰਦ ਨਹੀਂ ਕੀਤੀ, ਤਾਂ ਤੁਹਾਡੇ ਮੁਲਕਾਂ ਤੋਂ ਆਉਣ ਵਾਲੇ ਸਾਮਾਨ 'ਤੇ ਵੱਡਾ ਟੈਰਿਫ ਲਾਇਆ ਜਾਵੇਗਾ।

ਟਰੰਪ ਨੇ ਅੰਤਰਰਾਸ਼ਟਰੀ ਪੱਧਰ 'ਤੇ ਜਿੱਥੇ ਅਜਿਹੇ ਮੁੱਦਿਆਂ 'ਤੇ ਐਲਾਨ ਕੀਤੇ ਹਨ, ਉਥੇ ਸਥਾਨਕ 'ਡਾਕਾ' ਨੂੰ ਵੀ ਰੋਕਣ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਟਰੰਪ ਨੇ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਭੇਜਣ ਦਾ ਤਹੱਈਆ ਕੀਤਾ ਹੋਇਆ ਹੈ। ਇਸ ਤੋਂ ਲੱਗਦਾ ਹੈ ਕਿ ਟਰੰਪ ਲੱਖਾਂ ਦੀ ਗਿਣਤੀ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਮੁਲਕਾਂ ਵਿਚ ਭੇਜੇਗਾ।

ਬਹੁਤ ਸਾਰੇ ਰਿਪਬਲੀਕਨ ਸਟੇਟਾਂ ਦੇ ਗਵਰਨਰਾਂ ਨੇ ਟਰੰਪ ਦੀ ਇਨ੍ਹਾਂ ਨੀਤੀਆਂ ਦਾ ਸਮਰਥਨ ਕੀਤਾ ਹੈ ਅਤੇ ਆਪਣੀਆਂ ਸਟੇਟਾਂ ਵੱਲੋਂ ਸਹੂਲਤਾਂ ਦੇਣ ਦਾ ਐਲਾਨ ਵੀ ਕੀਤਾ ਹੈ। ਟੈਕਸਾਸ ਦੇ ਗਵਰਨਰ ਨੇ ਤਾਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਰਹਿ ਰਹੇ ਲੋਕਾਂ ਨੂੰ ਦੇਸ਼ ਤੋਂ ਬਾਹਰ ਕਰਨ ਲਈ ਜੇਲ੍ਹ ਦੀ ਵਿਵਸਥਾ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਇਥੋਂ ਤੱਕ ਕਿਹਾ ਹੈ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਭੇਜਣ ਲਈ ਅਮਰੀਕੀ ਸੁਰੱਖਿਆ ਦਸਤਿਆਂ 'ICE' ਸਮੇਤ ਅਮਰੀਕੀ ਫੌਜ ਦਾ ਵੀ ਸਹਾਰਾ ਲਿਆ ਜਾ ਸਕਦਾ ਹੈ।

ਅਮਰੀਕਾ ਵਿਚ ਰਹਿ ਰਹੇ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਰਾਜਨੀਤਿਕ ਸ਼ਰਨ ਲੈਣ ਵਾਲਿਆਂ ਨੂੰ ਵੀ ਇਸ ਵੇਲੇ ਆਉਣ ਵਾਲਾ ਸਮਾਂ ਹਨੇਰਾ ਜਿਹਾ ਜਾਪ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਟਰੰਪ 20 ਜਨਵਰੀ ਤੋਂ ਬਾਅਦ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਣ ਅਤੇ ਇਥੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਕੀ ਉਪਰਾਲੇ ਕਰਦੇ ਹਨ।

## ਪੰਜਾਬ ਦੇ ਵੱਖ-ਵੱਖ ਨਗਰ ਨਿਗਮਾਂ ਦੇ ਮੇਅਰ ਚੁਣਨ ਲਈ ਜੱਦੋਜਹਿਦ ਸ਼ੁਰੂ




**ਜਲੰਧਰ, (ਪੰਜਾਬ ਮੇਲ)**- ਪਿਛਲੇ ਦਿਨੀਂ ਪੰਜਾਬ 'ਚ ਹੋਈਆਂ ਨਗਰ ਨਿਗਮ ਚੋਣਾਂ ਤੋਂ ਬਾਅਦ ਹੁਣ ਮੇਅਰ ਚੁਣੇ ਜਾਣੇ ਹਨ। ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਫਗਵਾੜਾ ਦੇ ਮੇਅਰ ਚੁਣਨ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੇ ਜ਼ੋਰ ਅਜ਼ਮਾਇਸ਼ ਸ਼ੁਰੂ ਕਰ ਦਿੱਤੀ ਹੈ ਅਤੇ ਇਕ ਦੂਜੇ ਦੀਆਂ ਪਾਰਟੀਆਂ ਦੇ ਕੌਂਸਲਰਾਂ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜੇਕਰ ਗੱਲ ਕਰੀਏ ਜਲੰਧਰ ਨਗਰ ਨਿਗਮ ਦੀ, ਇਥੋਂ ਆਮ ਆਦਮੀ ਪਾਰਟੀ ਨੇ ਮੇਅਰ ਬਣਾਉਣ ਲਈ ਮੰਥਨ ਸ਼ੁਰੂ ਕਰ ਦਿੱਤਾ ਹੈ। ਦਿੱਲੀ ਵਿਖੇ ਮੇਅਰ ਬਣਾਉਣ ਦੇ ਮੁੱਦੇ 'ਤੇ ਪਾਰਟੀ ਦੇ ਸੀਨੀਅਰ ਲੀਡਰਾਂ ਨਾਲ ਵਿਚਾਰ-ਵਟਾਂਦਰੇ ਕੀਤੇ ਜਾ ਰਹੇ ਹਨ। ਇਥੋਂ ਮੇਅਰ ਅਹੁਦੇ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੁਣੇ ਗਏ ਵਨੀਤ ਧੀਰ, ਅਸ਼ਵਨੀ ਅਗਰਵਾਲ ਅਤੇ ਅਰੁਣਾ ਅਰੋੜਾ ਦਾ ਨਾਂ ਚਰਚਾ ਵਿਚ ਚੱਲ ਰਿਹਾ ਹੈ। ਜਲੰਧਰ ਉੱਤਰੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਸਭ ਤੋਂ ਵੱਧ 11 ਕੌਂਸਲਰ ਚੁਣੇ ਗਏ ਹਨ, ਇਸ ਲਈ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦਾ ਮੇਅਰ ਬਣਾਉਣ 'ਤੇ ਜ਼ੋਰ ਲੱਗ ਰਿਹਾ ਹੈ। ਦੂਜਾ ਨੰਬਰ ਪੱਛਮੀ ਵਿਧਾਨ ਸਭਾ ਹਲਕੇ ਦਾ ਆਉਂਦਾ ਹੈ, ਜਿੱਥੋਂ 10 ਕੌਂਸਲਰ ਆਮ ਆਦਮੀ ਪਾਰਟੀ ਦੇ ਜਿੱਤੇ ਹਨ। ਇਥੋਂ ਹੀ ਦੂਜੀਆਂ ਪਾਰਟੀਆਂ ਤੋਂ ਵੀ ਕਈ ਕੌਂਸਲਰ ਆਮ ਆਦਮੀ ਪਾਰਟੀ ਵਿਚ ਰਲ ਸਕਦੇ ਹਨ। ਲੁਧਿਆਣਾ 'ਚ ਵੀ ਆਮ ਆਦਮੀ ਪਾਰਟੀ ਹੀ ਮੇਅਰ ਬਣਾਉਣ ਲਈ ਆਪਣਾ ਦਾਅਵਾ ਪੇਸ਼ ਕਰ ਰਹੀ ਹੈ।

■ ਬਾਕੀ ਖਬਰ ਸਫਾ 15 'ਤੇ

## ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਜਲਦ ਲਿਆ ਜਾ ਸਕਦੈ ਫ਼ੈਸਲਾ



**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਪ੍ਰਧਾਨਗੀ ਤੋਂ ਦਿੱਤੇ ਅਸਤੀਫ਼ੇ ਨੂੰ ਲੈ ਕੇ ਪਾਰਟੀ ਵੱਲੋਂ ਜਲਦ ਹੀ ਕੋਈ ਫੈਸਲਾ ਲਿਆ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਜਨਵਰੀ ਦੇ ਪਹਿਲੇ ਹਫ਼ਤੇ ਸੱਦੀ ਜਾ ਸਕਦੀ ਹੈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਅਸਤੀਫ਼ੇ ਨੂੰ ਵਿਚਾਰਿਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਫੈਸਲਾ ਪਾਰਟੀ ਦੀ ਵਰਕਿੰਗ ਕਮੇਟੀ ਨੇ ਲੈਣਾ ਹੈ। ਵਰਕਿੰਗ ਕਮੇਟੀ ਦੀ ਮੀਟਿੰਗ ਜਨਵਰੀ ਵਿਚ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸੁਖਬੀਰ ਦੇ ਅਸਤੀਫ਼ੇ ਅਤੇ ਪਾਰਟੀ ਦੀ ਨਵੀਂ ਮੈਂਬਰਸ਼ਿਪ ਨੂੰ ਲੈ ਕੇ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਾਰਟੀ ਦੀ ਮਜ਼ਬੂਤੀ ਲਈ ਕਈ ਹੋਰ ਮਾਮਲਿਆਂ 'ਤੇ ਵਿਚਾਰ-ਚਰਚਾ ਹੋਵੇਗੀ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਮਗਰੋਂ ਸੁਖਬੀਰ ਬਾਦਲ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਮਗਰੋਂ ਦੋ ਦਸੰਬਰ ਨੂੰ ਅਕਾਲ ਤਖ਼ਤ ਦੇ ਜਥੇਦਾਰਾਂ ਨੇ ਸੁਖਬੀਰ ਸਣੇ ਕਈ ਹੋਰਨਾਂ ਅਕਾਲੀ ਆਗੂਆਂ ਨੂੰ ਤਨਖਾਹ ਲਗਾਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਦੇ ਅਸਤੀਫ਼ੇ ਪ੍ਰਵਾਨ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਅਸਤੀਫ਼ੇ ਪ੍ਰਵਾਨ ਕਰਨ ਲਈ ਕੁਝ ਦਿਨਾਂ ਦਾ ਸਮਾਂ ਮੰਗਿਆ ਸੀ।

## ਪੀਲੀਭੀਤ ਤੋਂ 3 ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਪੰਜਾਬ ਲਿਜਾ ਰਹੀ ਐਂਬੂਲੈਂਸ ਦੀ ਟੱਕਰ

**ਰਾਮਪੁਰ, (ਪੰਜਾਬ ਮੇਲ)**- ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਪੰਜਾਬ ਲੈ ਕੇ ਜਾ ਰਹੀ ਐਂਬੂਲੈਂਸ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਗੁਰਦਾਸਪੁਰ ਵਿਚ ਹੋਏ ਗ੍ਰਨੇਡ ਹਮਲੇ ਵਿਚ ਕਥਿਤ ਤੌਰ 'ਤੇ ਸ਼ਾਮਲ ਤਿੰਨ ਸ਼ੱਕੀ ਦਹਿਸ਼ਤਗਰਦ ਪੀਲੀਭੀਤ ਵਿਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲਿਸ ਦੀ ਸਾਂਝੀ ਟੀਮ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ ਸਨ।

■ **ਉੱਤਰ ਪ੍ਰਦੇਸ਼ ਤੇ ਪੰਜਾਬ ਪੁਲਿਸ ਦੀ ਸਾਂਝੀ ਟੀਮ ਨਾਲ ਹੋਏ ਮੁਕਾਬਲੇ 'ਚ ਮਾਰੇ ਗਏ ਸਨ ਸ਼ੱਕੀ**



ਪੀਲੀਭੀਤ ਵਿਚ ਮੁਕਾਬਲੇ ਦੌਰਾਨ ਮਾਰੇ ਗਏ ਵਰਿੰਦਰ ਸਿੰਘ, ਗੁਰਵਿੰਦਰ ਸਿੰਘ ਤੇ ਜਸ਼ਨਪ੍ਰੀਤ ਸਿੰਘ।

ਅਧਿਕਾਰੀਆਂ ਨੇ ਦੱਸਿਆ ਕਿ ਐਂਬੂਲੈਂਸ ਨਾਲ ਟੱਕਰ ਮਾਰਨ ਦੀ ਘਟਨਾ ਮੰਗਲਵਾਰ ਰਾਤ ਨੂੰ ਰਾਮਪੁਰ ਬਾਈਪਾਸ 'ਤੇ ਵਾਪਰੀ ਇਸ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ ਪਰ ਐਂਬੂਲੈਂਸ ਖਰਾਬ ਹੋ ਗਈ, ਜਿਸ ਤੋਂ ਬਾਅਦ ਲਾਸ਼ਾਂ ਨੂੰ ਕਿਸੇ ਹੋਰ ਵਾਹਨ 'ਚ ਲਿਜਾਇਆ ਗਿਆ।

ਰਾਮਪੁਰ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਵਿਦਿਆਸਾਗਰ ਮਿਸ਼ਰਾ ਨੇ ਦੱਸਿਆ ਕਿ ਪੀਲੀਭੀਤ ਤੋਂ ਤਿੰਨ ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਨੂੰ ਲੈ ਕੇ ਪੰਜਾਬ ਜਾ ਰਹੀ ਐਂਬੂਲੈਂਸ ਨੂੰ ਮੰਗਲਵਾਰ ਦੇਰ ਰਾਤ ਰਾਮਪੁਰ ਬਾਈਪਾਸ 'ਤੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਹਾਦਸੇ ਦੀ ਸੂਚਨਾ

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ 'ਚ 5 ਮਿਲੀਅਨ ਤੋਂ ਪਾਰ ਹੋਈ ਭਾਰਤੀ ਪ੍ਰਵਾਸੀਆਂ ਦੀ ਗਿਣਤੀ

**ਵਾਸ਼ਿੰਗਟਨ, (ਪੰਜਾਬ ਮੇਲ)**- ਸੰਯੁਕਤ ਰਾਜ ਅਮਰੀਕਾ ਵਿਚ ਭਾਰਤੀ ਭਾਈਚਾਰਾ ਤੇਜ਼ੀ ਨਾਲ ਵਧਿਆ ਹੈ, ਹੁਣ 2000 ਵਿਚ 1.9 ਮਿਲੀਅਨ ਦੇ ਮੁਕਾਬਲੇ, 2023 ਵਿਚ 50 ਲੱਖ ਲੋਕਾਂ ਨੂੰ ਪਾਰ ਕਰ ਗਿਆ ਹੈ। ਇਹ ਭਾਈਚਾਰਾ ਵਪਾਰ, ਸੱਭਿਆਚਾਰ ਅਤੇ ਨਵੀਨਤਾ ਰਾਹੀਂ ਅਮਰੀਕਾ ਅਤੇ ਭਾਰਤ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ।



ਯੂ.ਐੱਸ. ਸਟੇਟ ਡਿਪਾਰਟਮੈਂਟ ਵਿਚ ਹੋਏ ਇੱਕ ਤਾਜ਼ਾ ਸਮਾਗਮ ਵਿਚ, ਉਪ ਵਿਦੇਸ਼ ਸਕੱਤਰ ਰਿਚਰਡ ਆਰ. ਵਰਮਾ ਨੇ ਭਾਰਤੀ-ਅਮਰੀਕੀਆਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ 130 ਭਾਰਤੀ-ਅਮਰੀਕੀ ਬਾਇਡਨ-ਹੈਰਿਸ ਪ੍ਰਸ਼ਾਸਨ ਵਿਚ ਸੀਨੀਅਰ ਅਹੁਦਿਆਂ 'ਤੇ ਹਨ। ਕਾਰੋਬਾਰ ਵਿਚ 20% ਚੋਟੀ ਦੇ ਯੂ.ਐੱਸ. ਸਟਾਰਟਅੱਪਸ (ਜਿਨ੍ਹਾਂ ਨੂੰ ਯੂਨੀਕੋਰਨ ਕਿਹਾ ਜਾਂਦਾ ਹੈ) ਦੇ ਭਾਰਤੀ ਸੰਸਥਾਪਕ ਜਾਂ ਸਹਿ-ਸੰਸਥਾਪਕ ਹਨ। ਅਮਰੀਕਾ ਅਤੇ ਭਾਰਤ ਦੇ ਮਜ਼ਬੂਤ ਅਕਾਦਮਿਕ ਸਬੰਧ ਹਨ, ਲਗਭਗ 300 ਐਕਸਚੇਂਜ ਪ੍ਰੋਗਰਾਮ ਪ੍ਰਮੁੱਖ ਭਾਰਤੀ ਕਾਲਜਾਂ ਨੂੰ ਅਮਰੀਕਾ ਦੀਆਂ 205 ਯੂਨੀਵਰਸਿਟੀਆਂ ਨਾਲ ਜੋੜਦੇ ਹਨ। ਇਹ ਸਾਂਝੇਦਾਰੀ ਸਹਿਯੋਗ ਅਤੇ ਨਵੇਂ ਵਿਚਾਰਾਂ ਨੂੰ ਉਤਸ਼ਾਹਿਤ ਕਰਦੀਆਂ ਹਨ।

■ ਬਾਕੀ ਖਬਰ ਸਫਾ 15 'ਤੇ

## ਕਿਸਾਨ ਮੋਰਚਿਆਂ 'ਚ ਸ਼ਾਮਲ ਨਹੀਂ ਹੋਵੇਗਾ ਸੰਯੁਕਤ ਕਿਸਾਨ ਮੋਰਚਾ



ਸੰਯੁਕਤ ਕਿਸਾਨ ਮੋਰਚਾ ਦੇ ਆਗੂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

**ਚੰਡੀਗੜ੍ਹ, (ਪੰਜਾਬ ਮੇਲ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੰਜਾਬ ਤੇ ਹਰਿਆਣਾ ਦੇ ਬਾਰਡਰਾਂ 'ਤੇ ਸਾਢੇ 10 ਮਹੀਨਿਆਂ ਤੋਂ ਚਲਾਏ ਰਹੇ ਮੋਰਚਿਆਂ ਵਿਚ ਸ਼ਾਮਲ ਨਾ ਹੋਣ ਦਾ ਫ਼ੈਸਲਾ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਹ ਮੀਟਿੰਗ ਕਿਸਾਨ ਆਗੂ ਨਿਰਭੈ ਸਿੰਘ

■ **ਜਨਵਰੀ 'ਚ ਰਾਸ਼ਟਰਪਤੀ ਨਾਲ ਮੁਲਾਕਾਤ ਤੇ ਮੋਗਾ ਵਿਚ ਵੱਡਾ ਇਕੱਠ ਕਰਨ ਦਾ ਲਿਆ ਫ਼ੈਸਲਾ**

ਢੁੱਡੀਕੇ, ਪ੍ਰੇਮ ਸਿੰਘ ਭੰਗੂ ਅਤੇ ਹਰਜਿੰਦਰ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਹੋਈ। ਕਿਸਾਨ ਆਗੂਆਂ ਨੇ ਜਨਵਰੀ ਦੇ ਪਹਿਲੇ ਹਫ਼ਤੇ ਰਾਸ਼ਟਰਪਤੀ ਨੂੰ ਮਿਲਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ 9 ਜਨਵਰੀ ਨੂੰ ਮੋਗਾ ਵਿਚ ਵੱਡਾ ਇਕੱਠ ਕਰਨ ਦਾ ਐਲਾਨ ਵੀ ਕੀਤਾ। ਸੰਯੁਕਤ ਕਿਸਾਨ ਮੋਰਚਾ ਦੇ

■ ਬਾਕੀ ਖਬਰ ਸਫਾ 15 'ਤੇ

# ਟਰੰਪ ਵੱਲੋਂ ਡੈਨਮਾਰਕ ਤੋਂ ਗ੍ਰੀਨਲੈਂਡ ਖਰੀਦਣ ਦਾ ਸੱਦਾ

**ਵੈਸਟ ਪਾਮ ਬੀਚ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਨਮਾਰਕ ਤੋਂ ਗ੍ਰੀਨਲੈਂਡ ਖਰੀਦਣ ਦੇ ਆਪਣੇ ਸੱਦੇ ਨੂੰ ਦੁਹਰਾਇਆ ਹੈ। ਆਪਣੇ ਪਹਿਲੇ ਕਾਰਜਕਾਲ ਵਿਚ ਵੀ ਉਨ੍ਹਾਂ ਇਹ ਸੱਦਾ ਦਿੱਤਾ ਸੀ ਪਰ ਸਫਲਤਾ ਨਹੀਂ ਮਿਲੀ ਸੀ। ਇਸ ਦੇ ਨਾਲ ਡੈਨਮਾਰਕ ਵੀ ਉਨ੍ਹਾਂ ਮਿੱਤਰ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨਾਲ ਟਰੰਪ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਟਕਰਾਅ ਵਾਲਾ ਰੁਖ ਅਪਣਾ ਰਹੇ ਹਨ। ਟਰੰਪ ਨੇ ਐਤਵਾਰ ਨੂੰ ਡੈਨਮਾਰਕ ਵਿਚ ਆਪਣੇ ਰਾਜਦੂਤ ਦੀ ਘੋਸ਼ਣਾ ਕਰਦੇ ਹੋਏ ਲਿਖਿਆ, "ਪੂਰੀ ਦੁਨੀਆਂ



ਵਿਚ ਰਾਸ਼ਟਰੀ ਸੁਰੱਖਿਆ ਅਤੇ ਆਜ਼ਾਦੀ ਦੇ ਉਦੇਸ਼ਾਂ ਲਈ, ਅਮਰੀਕਾ ਨੂੰ ਲੱਗਦਾ ਹੈ ਕਿ ਗ੍ਰੀਨਲੈਂਡ ਦੀ ਮਾਲਕੀ ਅਤੇ ਨਿਯੰਤਰਣ ਇੱਕ ਪੂਰਨ ਲੋੜ ਹੈ।"

ਟਰੰਪ ਨੇ ਫਿਰ ਗ੍ਰੀਨਲੈਂਡ 'ਤੇ ਯੋਜਨਾ ਬਣਾਈ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਹਫਤੇ ਦੇ ਅੰਤ ਵਿਚ ਸੁਝਾਅ ਦਿੱਤਾ ਸੀ ਕਿ ਜੇਕਰ ਅਟਲਾਂਟਿਕ ਅਤੇ ਪ੍ਰਸ਼ਾਂਤ ਮਹਾਸਾਗਰਾਂ ਨੂੰ ਜੋੜਨ ਵਾਲੇ ਪਨਾਮਾ ਦੇ ਜਲ ਮਾਰਗ ਦੀ ਵਰਤੋਂ ਕਰਨ ਲਈ ਲੋੜੀਂਦੇ ਵਧ ਰਹੇ ਸ਼ਿਪਿੰਗ ਖਰਚਿਆਂ ਨੂੰ ਘਟਾਉਣ ਲਈ ਕੁਝ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਦਾ ਦੇਸ਼ ਪਨਾਮਾ ਨਹਿਰ 'ਤੇ ਦੁਬਾਰਾ ਕੰਟਰੋਲ ਕਰ ਸਕਦਾ ਹੈ। ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ 'ਗ੍ਰੇਟ ਸਟੇਟ ਆਫ ਕੈਨੇਡਾ' ਦਾ 'ਗਵਰਨਰ' ਬਣਾਉਣ ਦਾ ਸੁਝਾਅ ਵੀ ਦੇ ਰਹੇ ਹਨ।

ਗ੍ਰੀਨਲੈਂਡ ਦੁਨੀਆਂ ਦਾ ਸਭ ਤੋਂ ਵੱਡਾ ਟਾਪੂ ਹੈ, ਜੋ ਅਟਲਾਂਟਿਕ ਅਤੇ ਆਰਕਟਿਕ ਮਹਾਸਾਗਰਾਂ ਦੇ ਵਿਚਕਾਰ ਸਥਿਤ ਹੈ। ਇਹ 80 ਫ਼ੀਸਦੀ ਬਰਫ਼ ਦੀ ਚਾਦਰ ਨਾਲ ਢੱਕਿਆ ਹੋਇਆ ਹੈ ਅਤੇ ਇੱਥੇ ਇੱਕ ਵੱਡਾ ਅਮਰੀਕੀ ਫੌਜੀ ਅੱਡਾ ਹੈ। ਡੈਨਮਾਰਕ ਦੇ ਰਾਸ਼ਟਰਪਤੀ ਮਿਉਟੇ ਬੋਰੁਪ ਐਗੇਡੇ ਨੇ ਕਿਹਾ ਹੈ ਕਿ ਗ੍ਰੀਨਲੈਂਡ 'ਤੇ ਅਮਰੀਕੀ ਨਿਯੰਤਰਣ ਦੀ ਟਰੰਪ ਦੀ ਤਾਜ਼ਾ ਅਪੀਲ ਉਨ੍ਹਾਂ ਦੇ ਪਹਿਲੇ ਕਾਰਜਕਾਲ ਵਾਂਗ ਹੀ ਵਿਅਰਥ ਰਹੇਗੀ। ਉਨ੍ਹਾਂ ਕਿਹਾ, "ਗ੍ਰੀਨਲੈਂਡ ਸਾਡਾ ਹੈ। ਅਸੀਂ ਵਿਕਰੀ ਲਈ ਤਿਆਰ ਨਹੀਂ ਹਾਂ ਅਤੇ ਕਦੇ ਵੀ ਵਿਕਰੀ ਨਹੀਂ ਕਰਾਂਗੇ। ਸਾਨੂੰ ਆਜ਼ਾਦੀ ਲਈ ਆਪਣੀ ਸਦੀਆਂ ਪੁਰਾਣੀ ਲੜਾਈ ਨਹੀਂ ਹਾਰਨੀ ਚਾਹੀਦੀ।"

# ਬਾਇਡਨ ਵੱਲੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 40 'ਚੋਂ 37 ਦੀ ਸਜ਼ਾ ਉਮਰ ਕੈਦ 'ਚ ਤਬਦੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਸੰਘੀ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 40 ਵਿਚੋਂ 37 ਲੋਕਾਂ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਰਹੇ ਹਨ। ਇਹ ਐਲਾਨ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਕੁਝ ਹਫ਼ਤੇ ਪਹਿਲਾਂ ਕੀਤਾ ਗਿਆ ਹੈ, ਜੋ ਮੌਤ ਦੀ ਸਜ਼ਾ ਦੇ ਜ਼ੋਰਦਾਰ ਸਮਰਥਕ ਹਨ।



ਇਹ ਕਦਮ ਪੁਲਿਸ ਅਤੇ ਫੌਜੀ ਅਧਿਕਾਰੀਆਂ, ਸੰਘੀ ਜ਼ਮੀਨਾਂ 'ਤੇ ਰਹਿਣ ਵਾਲੇ ਲੋਕਾਂ ਦੀ ਹੱਤਿਆ ਅਤੇ ਘਾਤਕ ਬੈਂਕ ਡਕੈਤੀਆਂ ਜਾਂ ਨਸ਼ੀਲੇ ਪਦਾਰਥਾਂ ਦੇ ਸੌਦਿਆਂ 'ਚ ਸ਼ਾਮਲ ਲੋਕਾਂ ਦੇ ਨਾਲ-ਨਾਲ ਫੈਡਰਲ ਯੂਨਿਟਾਂ ਵਿਚ ਸੁਰੱਖਿਆ ਗਾਰਡਾਂ ਜਾਂ ਕੈਦੀਆਂ ਦੀਆਂ ਹੱਤਿਆਵਾਂ ਵਿਚ ਦੋਸ਼ੀ ਪਾਏ ਗਏ ਲੋਕਾਂ ਨੂੰ ਜੀਵਨ ਦਾਨ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਹੁਣ ਸਿਰਫ਼ ਤਿੰਨ ਸੰਘੀ ਕੈਦੀਆਂ ਨੂੰ ਹੀ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਬਾਇਡਨ ਨੇ ਇੱਕ ਬਿਆਨ ਵਿਚ ਕਿਹਾ, "ਮੈਂ ਆਪਣਾ ਕਰੀਅਰ ਹਿੰਸਕ ਅਪਰਾਧ ਨੂੰ ਘਟਾਉਣ ਅਤੇ ਇੱਕ ਨਿਰਪੱਖ ਅਤੇ ਪ੍ਰਭਾਵਸ਼ਾਲੀ ਨਿਆਂ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਕੀਤਾ ਹੈ। ਮੈਂ ਪੈਰੋਲ ਦੀ ਸੰਭਾਵਨਾ ਤੋਂ ਬਿਨਾਂ ਸੰਘੀ ਮੌਤ ਦੀ ਸਜ਼ਾ ਵਾਲੇ 40 ਵਿਅਕਤੀਆਂ ਵਿਚੋਂ 37 ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਰਿਹਾ ਹਾਂ। ਇਹ ਅੱਤਵਾਦ ਅਤੇ ਨ਼ਫਰਤ ਤੋਂ ਪ੍ਰੇਰਿਤ ਸਮੂਹਿਕ ਕਤਲੇਆਮ ਤੋਂ ਇਲਾਵਾ ਹੋਰ ਮਾਮਲਿਆਂ ਵਿਚ ਮੌਤ ਦੀ ਸਜ਼ਾ 'ਤੇ ਮੇਰੇ ਪ੍ਰਸ਼ਾਸਨ ਵੱਲੋਂ ਲਗਾਈ ਗਈ ਰੋਕ ਦੇ ਅਨੁਰੂਪ ਹੈ।"

# ਅਮਰੀਕਾ 'ਚ ਪ੍ਰਵਾਸੀਆਂ 'ਤੇ ਨਜ਼ਰ ਰੱਖਣ ਬਾਰੇ ਜਾਰੀ ਪੱਤਰ ਨੇ ਪੈਦਾ ਕੀਤਾ ਸਹਿਮ ਦਾ ਮਾਹੌਲ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕਾ ਵਿਚ ਅੱਜਕੱਲ੍ਹ ਇਕ ਪੱਤਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪੱਤਰ ਵਿਚ ਅਮਰੀਕੀਆਂ ਨੂੰ ਪ੍ਰਵਾਸੀਆਂ ਉੱਪਰ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਇਸ ਪੱਤਰ 'ਚ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਸੰਭਾਵੀ ਪ੍ਰਵਾਸੀ ਦੀ ਕਾਰ ਦਾ ਲਾਇਸੈਂਸ ਪਲੇਟ ਨੰਬਰ ਨੋਟ ਕਰਨ ਕਿਉਂਕਿ ਹੋ ਸਕਦਾ ਹੈ ਕਿ ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਹੋਵੇ। ਇਸ ਪੱਤਰ ਦਾ ਪ੍ਰਵਾਸੀਆਂ ਦੇ ਅਧਿਕਾਰਾਂ ਪ੍ਰਤੀ ਸਰਗਰਮ ਸਮੂਹਾਂ ਨੇ ਵਿਰੋਧ ਕੀਤਾ ਹੈ ਤੇ ਪ੍ਰਵਾਸੀਆਂ ਨੂੰ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਲਈ ਇਕ ਮੁਹਿੰਮ ਵੀ ਚਲਾਈ ਹੈ। ਓਰੇਗਨ ਦੇ ਇਕ ਸ਼ੈਰਿਫ ਨੇ ਕਿਹਾ ਹੈ ਕਿ ਉਸ ਨੇ ਇਸ ਸਬੰਧੀ ਐੱਫ.ਬੀ.ਆਈ. ਨਾਲ ਸੰਪਰਕ ਕੀਤਾ ਹੈ ਤੇ ਇਸ ਉਪਰ ਚਿੰਤਾ ਪ੍ਰਗਟਾਈ ਹੈ। ਲਿਨਕੋਲਨ ਕਾਊਂਟੀ ਸ਼ੈਰਿਫ ਦੇ ਦਫਤਰ ਵੱਲੋਂ ਜਾਰੀ ਇਕ ਪ੍ਰੈੱਸ ਬਿਆਨ ਵਿਚ ਇਸ ਪੱਤਰ ਦੀ ਨਿੰਦਾ ਕੀਤੀ ਗਈ ਹੈ ਤੇ ਕਿਹਾ ਹੈ ਕਿ ਇਹ ਪੱਤਰ ਲੋਕਾਂ ਵਿਚ ਫੁੱਟ ਪਾਉਣ ਦਾ ਕਾਰਨ ਬਣ ਸਕਦਾ ਹੈ।

ਸ਼ੈਰਿਫ ਕਰਟਿਸ ਲੈਂਡਰਜ਼ ਨੇ ਕਿਹਾ ਹੈ ਕਿ ਉਸ ਨੂੰ ਵੀ ਅਜਿਹਾ ਪੱਤਰ ਮਿਲਿਆ ਹੈ, ਜਿਸ ਉਪਰੰਤ ਉਸ ਨੇ ਸੰਘੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਹੈ। ਐੱਫ.ਬੀ.ਆਈ. ਨੇ ਕਿਹਾ ਹੈ ਕਿ ਉਹ ਅਜਿਹੇ ਪੱਤਰ ਭੇਜੇ ਜਾਣ ਤੋਂ ਜਾਣੂ ਹੈ। ਐੱਫ.ਬੀ.ਆਈ. ਅਨੁਸਾਰ ਇਸ ਪੱਤਰ ਰਾਹੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਲੋਕਾਂ ਦਾ ਹੌਂਸਲਾ ਵਧਾਇਆ ਗਿਆ ਹੈ ਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀ ਚਿੰਤਾ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਸਾਂਝੀ ਕਰਨ। ਪੱਤਰ ਵਿਚ ਕਿਹਾ ਗਿਆ ਹੈ ਕਿ ਜੇਕਰ ਉਹ ਚਰਚ ਪਾਰਕਿੰਗ ਖੇਤਰ ਵਿਚ ਬੈਠੇ ਹਨ ਜਾਂ ਸਕੂਲ ਤੋਂ ਆਪਣੇ ਬੱਚਿਆਂ ਨੂੰ ਲੈਣ ਗਏ ਹਨ, ਤਾਂ ਸੰਭਾਵੀ ਪ੍ਰਵਾਸੀਆਂ ਦੀਆਂ ਕਾਰਾਂ ਦੇ ਨੰਬਰ ਲਿਖ ਲੈਣ ਕਿਉਂਕਿ ਹੋ ਸਕਦਾ ਹੈ ਕਿ ਉਨ੍ਹਾਂ ਪ੍ਰਵਾਸੀਆਂ ਕੋਲ ਦੇਸ਼ ਵਿਚ ਰਹਿਣ ਲਈ ਸਥਾਈ ਕਾਨੂੰਨੀ ਦਰਜਾ ਨਾ ਹੋਵੇ।

ਓਰੇਗਨ ਅਟਾਰਨੀ ਜਨਰਲ ਐਲਨ ਰੋਸਨਬਲਮ ਨੇ ਪੱਤਰਾਂ ਦੀ ਨਿੰਦਾ ਕਰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਨਸਲੀ ਕਿਸਮ ਦੇ ਪੱਤਰ ਰਾਹੀਂ ਲੋਕਾਂ ਤੇ ਉਨ੍ਹਾਂ ਦੇ ਆਗੂਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਓਰੇਗਨ 'ਚ ਸਫਲ ਨਹੀਂ ਹੋਣਗੀਆਂ। ਸ਼ੈਰਿਫ ਕਰਟਿਸ ਲੈਂਡਰਜ ਨੂੰ ਇਸ ਪੱਤਰ ਦੀ ਕਾਪੀ ਆਪਣੇ ਮੇਲਬਾਕਸ 'ਚ ਮਿਲੀ ਹੈ। ਮੇਅਰਾਂ ਤੇ ਕੌਂਸਲਰਾਂ ਨੂੰ ਵੀ ਇਸ ਕਿਸਮ ਦੇ ਪੱਤਰ ਮਿਲਣ ਦੀਆਂ ਖਬਰਾਂ ਹਨ। ਸਮਝਿਆ ਜਾਂਦਾ ਹੈ ਕਿ ਇਹ ਪੱਤਰ ਰਾਸ਼ਟਰਪਤੀ ਚੋਣ ਜਿੱਤੇ ਡੋਨਾਲਡ ਟਰੰਪ ਦੀ ਉਸ ਮੁਹਿੰਮ ਦਾ ਹਿੱਸਾ ਹੈ, ਜਿਸ ਤਹਿਤ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸਮੂਹਿਕ ਤੌਰ 'ਤੇ ਦੇਸ਼ ਨਿਕਾਲਾ ਦਿੱਤਾ ਜਾਣਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਬਾਇਡਨ ਵੱਲੋਂ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੇ ਕਰਜ਼ੇ ਮਾਫ ਕਰਨ ਦਾ ਐਲਾਨ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਉਨ੍ਹਾਂ ਦੇ ਕਰਜ਼ੇ ਮਾਫ ਕਰ ਦਿੱਤੇ ਹਨ। ਬਾਇਡਨ ਨੇ 55 ਹਜ਼ਾਰ ਅਮਰੀਕੀ ਵਿਦਿਆਰਥੀਆਂ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਵਿਦਿਆਰਥੀਆਂ ਦਾ ਲਗਭਗ 4.28 ਅਰਬ ਡਾਲਰ (ਕਰੀਬ 36 ਹਜ਼ਾਰ ਕਰੋੜ ਰੁਪਏ) ਦਾ ਕਰਜ਼ਾ ਖਤਮ ਹੋ ਜਾਵੇਗਾ। ਵ੍ਹਾਈਟ ਹਾਊਸ ਵਲੋਂ ਸ਼ੁੱਕਰਵਾਰ ਨੂੰ ਜਾਰੀ ਬਿਆਨ ’ਚ ਕਿਹਾ ਗਿਆ ਕਿ ਬਾਇਡਨ ਨੇ ਵਿਦਿਆਰਥੀਆਂ ਦੇ ਇਲਾਵਾ ਹੋਰ ਅਮਰੀਕੀ ਨਾਗਰਿਕਾਂ ਦੇ ਕਰਜ਼ੇ ਵੀ ਮਾਫ ਕਰਨ ਦਾ ਫੈਸਲਾ ਕੀਤਾ ਹੈ। ਇਸ ਵਿਚ ਅਧਿਆਪਕ, ਨਰਸਾਂ, ਹੋਰ ਸੇਵਾ ਪ੍ਰਦਾਤਾ, ਵਕੀਲ, ਪੁਲਿਸ ਆਦਿ ਸ਼ਾਮਲ ਹਨ।



ਅਮਰੀਕੀ ਸਿੱਖਿਆ ਮੰਤਰੀ ਮਿਗੁਏਲ ਕਾਰਡੋਨਾ ਨੇ ਕਿਹਾ ਕਿ ਇਸ ਨਵੇਂ ਫੈਸਲੇ ਤੋਂ ਬਾਅਦ ਬਾਇਡਨ ਦੇ 4 ਸਾਲਾਂ ਦੇ ਕਾਰਜਕਾਲ ਦੌਰਾਨ ਲਗਭਗ 50 ਲੱਖ ਲੋਕਾਂ (55 ਹਜ਼ਾਰ ਵਿਦਿਆਰਥੀਆਂ ਸਮੇਤ) ਦੇ ਕਰੀਬ 180 ਅਰਬ ਡਾਲਰ (ਲਗਭਗ 15.29 ਲੱਖ ਕਰੋੜ ਰੁਪਏ) ਦੇ ਕਰਜ਼ੇ ਮਾਫ ਕਰਨ ਦਾ ਰਸਤਾ ਸਾਫ ਹੋ ਜਾਵੇਗਾ। ਬਿਆਨ ਵਿਚ ਬਾਇਡਨ ਨੇ ਕਿਹਾ ਕਿ ਉਹ ਆਪਣੇ ਸ਼ਾਸਨ ਦੇ ਪਹਿਲੇ ਦਿਨ ਤੋਂ ਇਹ ਯਕੀਨੀ ਕਰਨਾ ਚਾਹੁੰਦੇ ਸਨ ਕਿ ਜਨਤਾ ਉਨ੍ਹਾਂ ਦੀ ਸਰਕਾਰ ਨੂੰ ਇੱਕ ਚੰਗੇ ਸ਼ਾਸਕ ਵਜੋਂ ਯਾਦ ਰੱਖੇ, ਨਾ ਕਿ ਇੱਕ ਬੁਰੇ ਅਤੇ ਕਠੋਰ ਸ਼ਾਸਕ ਵਜੋਂ। ਡੈਮੋਕ੍ਰੇਟਿਕ ਰਾਸ਼ਟਰਪਤੀ ਨੇ 2022 ਵਿਚ ਵਿਦਿਆਰਥੀ ਕਰਜ਼ਾ ਮਾਫੀ ਦਾ ਇੱਕ ਇਤਿਹਾਸਕ ਪ੍ਰੋਗਰਾਮ ਸ਼ੁਰੂ ਕੀਤਾ ਸੀ।

ਪਿਊ ਰਿਸਰਚ ਸੈਂਟਰ ਦੀ ਇੱਕ 2023 ਦੀ ਇਕ ਰਿਪੋਰਟ ਦੱਸਦੀ ਹੈ ਕਿ 40 ਸਾਲ ਤੋਂ ਘੱਟ ਉਮਰ ਦੇ ਹਰ ਚਾਰ ਵਿਚੋਂ ਇੱਕ ਅਮਰੀਕੀ ਬਾਲਗ ਵਿਦਿਆਰਥੀ ਕਰਜ਼ੇ ਵਿਚ ਘਿਰਿਆ ਹੈ। ਇਸ ’ਚ ਉਨ੍ਹਾਂ ’ਤੇ ਔਸਤਨ 20 ਹਜ਼ਾਰ ਤੋਂ 25 ਹਜ਼ਾਰ ਡਾਲਰ ਦਾ ਕਰਜ਼ਾ ਹੈ। ਅਮਰੀਕੀ ਕਾਲਜਾਂ ਵਿਚ ਪੜ੍ਹਨ ਦੀ ਲਾਗਤ ਆਮ ਤੌਰ ’ਤੇ ਪ੍ਰਤੀ ਸਾਲ 10 ਹਜ਼ਾਰ ਤੋਂ 70 ਹਜ਼ਾਰ ਡਾਲਰ ਦੇ ਵਿਚਕਾਰ ਹੁੰਦੀ ਹੈ। ਇਸ ਕਾਰਨ ਬਹੁਤ ਸਾਰੇ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪਣੇ ਆਪ ਨੂੰ ਵੱਡੇ ਕਰਜ਼ੇ ਵਿਚ ਘਿਰਿਆ ਪਾਉਂਦੇ ਹਨ।

## ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਅਮਰੀਕਾ ਦੌਰੇ ’ਤੇ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 6 ਰੋਜ਼ਾ ਦੌਰੇ ’ਤੇ ਅਮਰੀਕਾ ਪਹੁੰਚ ਗਏ ਹਨ। ਡੋਨਲਡ ਟਰੰਪ ਦੇ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਇਹ ਭਾਰਤ ਵੱਲੋਂ ਅਮਰੀਕਾ ਦੀ ਪਹਿਲੀ ਉੱਚੀ ਪੱਧਰੀ ਯਾਤਰਾ ਹੈ।



ਵਿਦੇਸ਼ ਮੰਤਰਾਲੇ ਨੇ ਕਿਹਾ, “ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 24 ਤੋਂ 29 ਦਸੰਬਰ ਤੱਕ ਅਮਰੀਕਾ ਦਾ ਦੌਰਾ ਕਰਨਗੇ।” ਇਕ ਸੰਖੇਪ ਬਿਆਨ ਵਿਚ ਕਿਹਾ ਗਿਆ, “ਉਹ ਪ੍ਰਮੁੱਖ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ ’ਤੇ ਚਰਚਾ ਕਰਨ ਵਾਸਤੇ ਆਪਣੇ ਹਮਰੁਤਬਾ ਆਗੂਆਂ ਨੂੰ ਮਿਲਣਗੇ।” ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਜੈਸ਼ੰਕਰ ਅਮਰੀਕਾ ਵਿਚ ਭਾਰਤ ਦੇ ਕੌਂਸਲ ਜਨਰਲਜ਼ ਦੇ ਸੰਮੇਲਨ ਦੀ ਪ੍ਰਧਾਨਗੀ ਵੀ ਕਰਨਗੇ।

## ਸਰੀ ’ਚ ਭਾਰਤੀ ਵਿਦਿਆਰਥਣ ਦਾ ਘਰ ’ਚ ਦਾਖ਼ਲ ਹੋ ਕੇ ਤੇਜ਼ਧਾਰ ਹਥਿਆਰਾਂ ਨਾਲ ਕਤਲ

**ਬ੍ਰਿਟਿਸ਼ ਕੋਲੰਬੀਆ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਸਰੀ ਵਿੱਚ ਘਰ ਵਿਚ ਦਾਖਲ ਹੋ ਕੇ ਕੁੱਝ ਅਣਪਛਾਤੇ ਹਮਲਾਵਰਾਂ ਵੱਲੋਂ ਭਾਰਤੀ ਕੁੜੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦੇਣ ਦੀ ਮੰਦਭਾਗੀ ਖ਼ਬਰ ਆਈ ਹੈ। ਮ੍ਰਿਤਕਾ ਦੀ ਪਛਾਣ ਕੁਰੂਕਸ਼ੇਤਰ ਦੇ ਪਿੰਡ ਠਸਕਾ ਮਿਰਾਜੀ ਦੀ ਰਹਿਣ ਵਾਲੀ 23 ਸਾਲਾ ਸਿਮਰਨ ਕੌਰ ਵਜੋਂ ਹੋਈ ਹੈ, ਜੋ ਕੈਨੇਡਾ ਦੇ ਸਰੀ ਸ਼ਹਿਰ ਦੇ ਗਿਲਡਫੋਰਡ ਇਲਾਕੇ ’ਚ ਕਿਰਾਏ ਦੇ ਮਕਾਨ ’ਚ ਰਹਿੰਦੀ ਸੀ।

ਬੀਤੀ 14 ਦਸੰਬਰ ਨੂੰ ਜਦੋਂ ਉਹ ਘਰ ’ਚ ਸੀ, ਤਾਂ ਕੁਝ ਅਣਪਛਾਤੇ ਹਮਲਾਵਰ ਘਰ ਦੇ ਅੰਦਰ ਦਾਖਲ ਹੋ ਗਏ ਅਤੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਜਦੋਂਕਿ ਉਸ ਦੇ ਨਾਲ ਕਮਰੇ ਵਿਚ ਰਹਿ ਰਹੇ ਇਕ ਮੁੰਡੇ ਅਤੇ ਕੁੜੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਸਿਮਰਨਜੀਤ ਕੌਰ 2 ਸਾਲ ਪਹਿਲਾਂ ਹੀ ਸਟੂਡੈਂਟ ਵੀਜ਼ੇ ’ਤੇ ਕੈਨੇਡਾ ਗਈ ਸੀ। ਉਹ ਉੱਥੇ ਬਿਜ਼ਨੈੱਸ ਮੈਨੇਜਮੈਂਟ ਦਾ ਕੋਰਸ ਕਰ ਰਹੀ ਸੀ। ਕੈਨੇਡੀਅਨ ਪੁਲਿਸ ਦੀ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੁਆਰਾ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਟਰੰਪ ਵੱਲੋਂ ਭਾਰਤੀ-ਅਮਰੀਕੀ ਸ਼੍ਰੀਰਾਮ ਕ੍ਰਿਸ਼ਨਨ ਏ.ਆਈ. ’ਤੇ ਵ੍ਹਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ-ਅਮਰੀਕੀ ਉੱਦਮੀ ਸ਼੍ਰੀਰਾਮ ਕ੍ਰਿਸ਼ਨਨ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ’ਤੇ ਵ੍ਹਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। “ਸ਼੍ਰੀਰਾਮ ਕ੍ਰਿਸ਼ਨਨ ਵ੍ਹਾਈਟ ਹਾਊਸ ਆਫਿਸ ਆਫ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਕੰਮ ਕਰਨਗੇ,” ਟਰੰਪ ਨੇ ਬੀਤੇ ਐਤਵਾਰ ਨੂੰ ਏ.ਆਈ. ਤਰੱਕੀ ’ਤੇ ਕੇਂਦ੍ਰਿਤ ਨਿਯੁਕਤੀਆਂ ਦੀ ਇੱਕ ਲੜੀ ਦੇ ਨਾਲ ਕ੍ਰਿਸ਼ਨਨ ਦਾ ਐਲਾਨ ਕੀਤਾ। ਕ੍ਰਿਸ਼ਨਨ, ਇੱਕ ਮਸ਼ਹੂਰ ਉੱਦਮ ਪੂੰਜੀਵਾਦੀ ਅਤੇ ਲੇਖਕ ਦੇ ਨਾਲ ਇੱਕ ਪ੍ਰਭਾਵਸ਼ਾਲੀ ਪਿਛੋਕੜ ਵਾਲਾ ਹੈ, ਜਿਸਨੇ ਟਵਿੱਟਰ, ਮਾਈਕ੍ਰੋਸਾਫਟ, ਫੇਸਬੁੱਕ, ਯਾਹੂ! ਅਤੇ ਸਨੈਪਚੈਟ ਵਰਗੇ ਤਕਨੀਕੀ ਦਿੱਗਜਾਂ ਦੇ ਨਾਲ ਕੰਮ ਕੀਤਾ ਹੈ। ਸ਼੍ਰੀਰਾਮ ਏ.ਆਈ. ਵਿਚ ਲਗਾਤਾਰ ਅਮਰੀਕੀ ਲੀਡਰਸ਼ਿਪ ਨੂੰ ਯਕੀਨੀ ਬਣਾਉਣ ਅਤੇ ਵਿਗਿਆਨ ਅਤੇ ਤਕਨਾਲੋਜੀ ’ਤੇ ਰਾਸ਼ਟਰਪਤੀ ਦੇ ਸਲਾਹਕਾਰਾਂ ਦੀ ਕੌਂਸਲ ਦੇ ਨਾਲ ਕੰਮ ਕਰਨ ਸਮੇਤ, ਸਰਕਾਰ ਵਿਚ ਏ.ਆਈ. ਨੀਤੀ ਨੂੰ ਆਕਾਰ ਦੇਣ ਅਤੇ ਤਾਲਮੇਲ ਕਰਨ ਵਿਚ ਮਦਦ ਕਰਨ ’ਤੇ ਧਿਆਨ ਕੇਂਦਰਿਤ ਕਰੇਗਾ। ਸ਼੍ਰੀਰਾਮ ਨੇ ਇੱਕ ਸੰਸਥਾਪਕ ਮੈਂਬਰ ਵਜੋਂ ਮਾਈਕ੍ਰੋਸਾਫਟ ਵਿਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ।



ਉਸ ਦੀ ਘੋਸ਼ਣਾ ਦੇ ਬਾਅਦ, ਕ੍ਰਿਸ਼ਨਨ ਨੇ ਐਕਸ ’ਤੇ ਆਪਣਾ ਧੰਨਵਾਦ ਵੀ ਪ੍ਰਗਟ ਕੀਤਾ ਅਤੇ ਪੋਸਟ ਸਾਂਝੀ ਕਰਦੇ ਹੋਏ ਕਿਹਾ ਕਿ “ਮੈਂ ਆਪਣੇ ਦੇਸ਼ ਦੀ ਸੇਵਾ ਕਰਨ ਦੇ ਯੋਗ ਹੋਣ ਅਤੇ ਡੇਵਿਡ ਸਾਕਸ ਦੇ ਨਾਲ ਮਿਲ ਕੇ ਕੰਮ ਕਰਨ ਵਾਲੇ ਏ.ਆਈ. ਵਿਚ ਨਿਰੰਤਰ ਅਮਰੀਕੀ ਲੀਡਰਸ਼ਿਪ ਨੂੰ ਯਕੀਨੀ ਬਣਾਉਣ ਲਈ ਮਾਣ ਮਹਿਸੂਸ ਕਰ ਰਿਹਾ ਹਾਂ। ਕ੍ਰਿਸ਼ਨਨ ਦੀ ਨਿਯੁਕਤੀ ਦੀ ਭਾਰਤੀ-ਅਮਰੀਕੀ ਭਾਈਚਾਰੇ ਦੁਆਰਾ ਵਿਆਪਕ ਤੌਰ ’ਤੇ ਸ਼ਲਾਘਾ ਕੀਤੀ ਗਈ ਹੈ। ਚੇਨਈ, ਭਾਰਤ ਵਿਚ ਜਨਮੇ ਕ੍ਰਿਸ਼ਨਨ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਚਲੇ ਗਏ। ਇੱਕ ਤਜ਼ਰਬੇਕਾਰ ਤਕਨੀਕੀ ਨੇਤਾ ਹੋਣ ਤੋਂ ਇਲਾਵਾ, ਉਹ ਇੱਕ ਉੱਦਮ ਪੂੰਜੀਵਾਦੀ, ਪੋਡਕਾਸਟਰ ਅਤੇ ਲੇਖਕ ਵੀ ਹੈ।

## ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਹਸਪਤਾਲ ’ਚ ਦਾਖ਼ਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ 42ਵੇਂ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਸੋਮਵਾਰ ਨੂੰ ਬੁਖਾਰ ਅਤੇ ਹੋਰ ਸਿਹਤ ਜਾਂਚਾਂ ਲਈ ਵਾਸ਼ਿੰਗਟਨ ਦੇ ਜਾਰਜਟਾਊਨ ਯੂਨੀਵਰਸਿਟੀ ਮੈਡੀਕਲ ਸੈਂਟਰ ’ਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੇ ਡਿਪਟੀ ਚੀਫ ਆਫ ਸਟਾਫ ਏਂਜਲ ਯੂਰੇਨਾ ਨੇ ਕਿਹਾ ਕਿ ਇਹ ਕਦਮ ਸਾਵਧਾਨੀ ਵਜੋਂ ਚੁੱਕਿਆ ਗਿਆ ਹੈ। ਯੂਰੇਨਾ ਨੇ ਬਿਆਨ ਵਿਚ ਕਿਹਾ ਕਿ ਉਹ ਸਾਬਕਾ ਰਾਸ਼ਟਰਪਤੀ ਨੂੰ ਮਿਲ ਰਹੀ ਦੇਖਭਾਲ ਲਈ ਧੰਨਵਾਦੀ ਹੈ।



ਬਿਲ ਕਲਿੰਟਨ, ਜਿਨ੍ਹਾਂ ਨੇ ਜਨਵਰੀ 1993 ਤੋਂ ਜਨਵਰੀ 2001 ਤੱਕ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਦੋ ਵਾਰ ਸੇਵਾ ਕੀਤੀ, ਨੇ ਸਾਲਾਂ ਦੌਰਾਨ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਲੰਬੇ ਸਮੇਂ ਤੱਕ ਛਾਤੀ ਵਿਚ ਦਰਦ ਅਤੇ ਸਾਹ ਲੈਣ ਵਿਚ ਤਕਲੀਫ਼ ਦੀ ਸ਼ਿਕਾਇਤ ਕਰਨ ਤੋਂ ਬਾਅਦ 2004 ’ਚ ਉਨ੍ਹਾਂ ਨੂੰ ਬਾਈਪਾਸ ਸਰਜਰੀ ਕਰਵਾਉਣੀ ਪਈ। 2005 ਵਿਚ ਉਨ੍ਹਾਂ ਨੂੰ ਫੇਫੜਿਆਂ ਦੀ ਸਮੱਸਿਆ ਲਈ ਸਰਜਰੀ ਕਰਵਾਈ ਅਤੇ 2010 ਵਿਚ ਉਨ੍ਹਾਂ ਦੀਆਂ ਕੋਰੋਨਰੀ ਧਮਨੀਆਂ ਵਿਚ ਸਟੈਂਟ ਲਗਾਏ ਗਏ ਸਨ।

ਆਪਣੀ ਸਿਹਤ ਨੂੰ ਸੁਧਾਰਨ ਲਈ ਕਲਿੰਟਨ ਨੇ ਇਕ ਸ਼ਾਕਾਹਾਰੀ ਖੁਰਾਕ ਅਪਣਾਈ ਜਿਸ ਨਾਲ ਉਸਦਾ ਭਾਰ ਘਟਾਉਣ ਅਤੇ ਉਸਦੀ ਤੰਦਰੁਸਤੀ ਵਿਚ ਸੁਧਾਰ ਹੋਇਆ। ਹਾਲਾਂਕਿ, 2021 ਵਿਚ ਉਸ ਨੂੰ ਇਨਫੈਕਸ਼ਨ ਕਾਰਨ ਕੈਲੀਫੋਰਨੀਆ ਵਿਚ 6 ਦਿਨ ਹਸਪਤਾਲ ਵਿਚ ਰਹਿਣਾ ਪਿਆ ਸੀ। ਇਹ ਇਨਫੈਕਸ਼ਨ ਪਿਸ਼ਾਬ ਨਾਲੀ ਤੋਂ ਸ਼ੁਰੂ ਹੋ ਕੇ ਖੂਨ ਦੇ ਪ੍ਰਵਾਹ ਵਿਚ ਫੈਲ ਜਾਂਦੀ ਹੈ। ਉਸਦੇ ਸਾਥੀਆਂ ਦੇ ਅਨੁਸਾਰ ਉਸਦੀ ਹਾਲਤ ਕਦੇ ਵੀ ਗੰਭੀਰ ਨਹੀਂ ਹੋਈ ਅਤੇ ਉਹ ਸੈਪਟਿਕ ਸਦਮੇ ਦੀ ਸਥਿਤੀ ਵਿਚ ਨਹੀਂ ਪਹੁੰਚਿਆ।

ਕਲਿੰਟਨ ਨੇ ਡੈਮੋਕਰੇਟ ਵਜੋਂ ਆਪਣੇ ਕਾਰਜਕਾਲ ਤੋਂ ਬਾਅਦ ਵੀ ਰਾਜਨੀਤੀ ਵਿਚ ਸਰਗਰਮ ਭੂਮਿਕਾ ਨਿਭਾਈ ਹੈ। ਹਾਲ ਹੀ ਵਿਚ ਉਸਨੇ ਸ਼ਿਕਾਗੋ ’ਚ ਆਯੋਜਿਤ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਵਿਚ ਹਿੱਸਾ ਲਿਆ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਵ੍ਹਾਈਟ ਹਾਊਸ ਦੀ ਦਾਅਵੇਦਾਰੀ ਲਈ ਪ੍ਰਚਾਰ ਕੀਤਾ। ਹਸਪਤਾਲ ਦੇ ਸੂਤਰਾਂ ਅਨੁਸਾਰ ਇਸ ਵਾਰ ਹਸਪਤਾਲ ਵਿਚ ਭਰਤੀ ਨੂੰ ਸਾਵਧਾਨੀ ਵਜੋਂ ਦੇਖਿਆ ਜਾ ਰਿਹਾ ਹੈ। ਡਾਕਟਰ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਕਰ ਰਹੇ ਹਨ ਅਤੇ ਹੁਣ ਤੱਕ ਕੋਈ ਗੰਭੀਰ ਪੇਚੀਦਗੀਆਂ ਦੀ ਰਿਪੋਰਟ ਨਹੀਂ ਕੀਤੀ ਗਈ ਹੈ।

## ਫਲੋਰੀਡਾ ’ਚ ਕਿਸ਼ਤੀ ਧਮਾਕੇ ’ਚ ਇਕ ਵਿਅਕਤੀ ਦੀ ਮੌਤ; 5 ਗੰਭੀਰ ਜ਼ਖਮੀ

**ਟਲਹਾਸੀ, (ਪੰਜਾਬ ਮੇਲ)-** ਅਮਰੀਕਾ ਦੇ ਫਲੋਰੀਡਾ ਸੂਬੇ ਦੇ ਫੋਰਟ ਲਾਡਰਡੇਲ ਮਰੀਨਾ ਵਿਖੇ ਇਕ ਕਿਸ਼ਤੀ ਵਿਚ ਧਮਾਕਾ ਹੋਣ ਤੋਂ ਬਾਅਦ ਅੱਗ ਲੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਮੰਗਲਵਾਰ ਨੂੰ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਇਸ ਤੋਂ ਪਹਿਲਾਂ ਕਿ ਫਾਇਰ ਫਾਈਟਰ ਅੱਗ ’ਤੇ ਕਾਬੂ ਪਾਉਂਦੇ, ਦੂਜੀ ਕਿਸ਼ਤੀ ਇਸ ਦੀ ਲਪੇਟ ਵਿਚ ਆ ਗਈ, ਜਿਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਗੰਭੀਰ ਰੂਪ ਵਿਚ ਝੁਲਸ ਗਏ, ਜਿਨ੍ਹਾਂ ਨੂੰ ਹਸਪਤਾਲ ਭੇਜਿਆ ਗਿਆ।



ਰਿਪੋਰਟ ਵਿਚ ਕਿਹਾ ਗਿਆ ਹੈ ਕਿ ਫੋਰਟ ਲਾਡਰਡੇਲ ਫਾਇਰ ਰੈਸਕਿਊ (ਐੱਫ.ਐੱਲ.ਐੱਫ.ਆਰ.) ਨੇ ਸੋਮਵਾਰ ਸ਼ਾਮ 6 ਵਜੇ ਦੇ ਕਰੀਬ ਘਟਨਾ ਬਾਰੇ ਕਈ 911 ਕਾਲਾਂ ਦਾ ਜਵਾਬ ਦਿੱਤਾ। ਐੱਫ.ਐੱਲ.ਐੱਫ.ਆਰ. ਅਨੁਸਾਰ ਜ਼ਖਮੀਆਂ ਵਿਚੋਂ 3 ਲੋਕ ਗੰਭੀਰ ਰੂਪ ਨਾਲ ਝੁਲਸੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੋਤਾਖੋਰਾਂ ਅਤੇ ਵਾਟਰਕ੍ਰਾਫਟ ਨੇ ਇੱਕ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ, ਜੋ ਧਮਾਕੇ ਤੋਂ ਬਾਅਦ ਲਾਪਤਾ ਹੋ ਗਿਆ ਸੀ। ਉਸ ਵਿਅਕਤੀ ਨੂੰ ਉਸੇ ਸ਼ਾਮ ਬਾਅਦ ਵਿਚ ਬ੍ਰੋਵਾਰਡ ਸ਼ੈਰਿਫ ਦੇ ਦਫਤਰ ਵੱਲੋਂ ਮ੍ਰਿਤਕ ਪਾਇਆ ਗਿਆ।


**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਓਹਾਇਓ ’ਚ ਪੰਜਾਬੀ ਸਿੱਖ ਸੁਖਵੀਰ ਗਰੇਵਾਲ ਬਣਿਆ ਪਹਿਲਾ ਸਿੱਖ ਪੁਲਿਸ ਅਧਿਕਾਰੀ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਕਲੀਵਲੈਂਡ ਵਿਖੇ ਪੰਜਾਬੀ ਸਿੱਖ ਸੁਖਵੀਰ ਗਰੇਵਾਲ ਨੂੰ ਪੁਲਿਸ ਵਿਭਾਗ ਦੇ ਪਹਿਲੇ ਸਿੱਖ ਅਧਿਕਾਰੀ ਬਣਨ ਦਾ ਮਾਣ ਹਾਸਲ ਹੋਇਆ ਹੈ। ਗਰੇਵਾਲ ਆਪਣੇ ਸਿੱਖ ਧਰਮ ’ਚ, ਦਾੜ੍ਹੀ ਅਤੇ ਦਸਤਾਰ ਕੇਸ ਰੱਖ ਕੇ ਨੌਕਰੀ ਕਰੇਗਾ।



ਪੁਲਿਸ ਦੇ ਕਲੀਵਲੈਂਡ ਡਿਵੀਜ਼ਨ ਨੇ ਹਾਲ ਹੀ ਵਿਚ ਦਾੜ੍ਹੀ ਰੱਖਣ ਦੀ ਇਜਾਜ਼ਤ ਦੇਣ ਲਈ ਆਪਣੀਆਂ ਨੀਤੀਆਂ ਵਿਚ ਤਬਦੀਲੀ ਕੀਤੀ, ਜਿਸ ਨੇ ਗਰੇਵਾਲ ਨੂੰ ਅਰਜ਼ੀ ਦੇਣ ਲਈ ਉਤਸ਼ਾਹਿਤ ਕੀਤਾ ਸੀ। ਕਲੀਵਲੈਂਡ ਡਿਵੀਜਨ ਦੀ ਪੁਲਿਸ ਮੁਖੀ ਡੋਰੋਥੀ ਟੌਡ ਨੇ ਆਪਣੇ ਸੰਬੋਧਨ ’ਚ ਇਹ ਵੀ ਕਿਹਾ ਕਿ ਅਸੀਂ ਮਰਦਾਂ ਤੇ ਔਰਤਾਂ ਦੇ ਇੱਕ ਵਿਭਿੰਨ ਸਮੂਹ ਲਈ ਉਨ੍ਹਾਂ ਦੇ ਧਰਮਾਂ ਪ੍ਰਤੀ ਵਚਨਬੱਧ ਹਾਂ, ਜੋ ਸਾਡੇ ਭਾਈਚਾਰਿਆਂ ’ਚ ਸ਼ਾਮਲ ਹੋ ਕੇ ਇੱਥੋ ਦੀ ਜਨਤਾ ਦੀ ਸੇਵਾ ਕਰਦੇ ਹਨ। ਮੈਨੂੰ ਇਹ ਬਹੁਤ ਵਧੀਆ ਲੱਗਿਆ ਹੈ। ਇਸ ਮੌਕੇ ਸੁਖਵੀਰ ਗਰੇਵਾਲ ਨੇ ਆਪਣੇ ਪੂਰੇ ਕਰੀਅਰ ’ਚ ਭਾਈਚਾਰਿਆਂ ਦੀ ਰੱਖਿਆ ਤੇ ਸੇਵਾ ਕਰਨ ਦਾ ਪ੍ਰਣ ਲਿਆ ਤੇ ਕਿਹਾ ਕਿ ਉਸ ਦੇ ਵਿਸ਼ਵਾਸ ਨੇ ਉਸ ਨੂੰ ਦੂਜਿਆਂ ਦੀ ਸੇਵਾ ਕਰਨ ਲਈ ਸੇਧ ਦਿੱਤੀ ਹੈ। ਇਸ ਤੋਂ ਪਹਿਲਾਂ ਗਰੇਵਾਲ ਅਲਾਇੰਸ ਪੁਲਿਸ ਵਿਭਾਗ ਲਈ ਵੀ ਕੰਮ ਕਰ ਚੁੱਕਿਆ ਹੈ ਤੇ ਉਹ ਓਹਾਇਓ ਸਟੇਟ ਦੀ ਨੈਸ਼ਨਲ ਗਾਰਡ ਵਿਚ ਸੇਵਾ ਨਿਭਾਅ ਚੁੱਕਾ ਹੈ। ਉਹ ਚਾਰ ਭਾਸ਼ਾਵਾਂ ਵੀ ਬੋਲਦਾ ਹੈ। ਉਸ ਨੇ ਕਿਹਾ ਕਿ ਸਿੱਖ ਧਰਮ ਦਾ ਇੱਕ ਵੱਡਾ ਹਿੱਸਾ ਨਿਰਸਵਾਰਥ ਹੈ। ਉਹ ਆਪਣੇ ਕਰੀਅਰ ਖੇਤਰ ਵਿਚ ਇਸਦਾ ਸਮਰਥਨ ਵੀ ਕਰਦਾ ਹੈ।

# ਟਰੰਪ ਵੱਲੋਂ ਟੀ.ਵੀ. ਸ਼ੋਅ ਨਿਰਮਾਤਾ ਮਾਰਕ ਬਰਨੇਟ ਬ੍ਰਿਟੇਨ ’ਚ ਵਿਸ਼ੇਸ਼ ਰਾਜਦੂਤ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਟੀ.ਵੀ. ਜਗਤ ਦੇ ਵੱਡੇ ਨਾਂ ਮਾਰਕ ਬਰਨੇਟ ਨੂੰ ਬ੍ਰਿਟੇਨ ਦਾ ਵਿਸ਼ੇਸ਼ ਰਾਜਦੂਤ ਬਣਾਇਆ ਹੈ। ਬਰਨੇਟ ਨੇ ਟਰੰਪ ਦੇ ਰਿਐਲਿਟੀ ਸ਼ੋਅ ‘ਦਿ ਅਪ੍ਰੈਂਟਿਸ’ ਨੂੰ ਬਣਾਇਆ ਸੀ। ਬਰਨੇਟ ਨੂੰ ਟਰੰਪ ਦਾ ਸਭ ਤੋਂ ਨਜ਼ਦੀਕੀ ਸਹਿਯੋਗੀ ਮੰਨਿਆ ਜਾਂਦਾ ਹੈ।



ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ’ਤੇ ਲਿਖਿਆ ਕਿ ਟੈਲੀਵਿਜ਼ਨ ਉਤਪਾਦਨ ਅਤੇ ਕਾਰੋਬਾਰ ਵਿਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਥਾਪਿਤ ਕਰਨ ਵਾਲੇ ਮਾਰਕ ਬਰਨੇਟ ਬ੍ਰਿਟੇਨ ਵਿਚ ਵਿਸ਼ੇਸ਼ ਰਾਜਦੂਤ ਵਜੋਂ ਕੂਟਨੀਤਕ ਹੁਨਰ ਦਿਖਾਉਣਗੇ। ਉਹ ਰਾਜਦੂਤ ਤੋਂ ਇਲਾਵਾ ਇਕ ਵੱਖਰੀ ਭੂਮਿਕਾ ’ਚ ਕੰਮ ਕਰਨਗੇ। ਨਾਲ ਹੀ ਉਸਦੀ ਨਿਯੁਕਤੀ ਲਈ ਅਮਰੀਕੀ ਸੈਨੇਟ ਦੀ ਮਨਜ਼ੂਰੀ ਦੀ ਲੋੜ ਨਹੀਂ ਹੋਵੇਗੀ। ਟਰੰਪ ਨੇ ਕਿਹਾ ਕਿ ਮਾਰਕ ਵਪਾਰ, ਨਿਵੇਸ਼ ਅਤੇ ਸੱਭਿਆਚਾਰਕ ਖੇਤਰਾਂ ਵਿਚ ਆਦਾਨ-ਪ੍ਰਦਾਨ ਦੇ ਨਾਲ ਕੂਟਨੀਤਕ ਸਬੰਧਾਂ ਨੂੰ ਅੱਗੇ ਵਧਾਉਣ ਲਈ ਕੰਮ ਕਰੇਗਾ। ਇਸ ਤੋਂ ਪਹਿਲਾਂ ਟਰੰਪ ਨੇ ਬੈਂਕਰ ਵਾਰੇਨ ਸਟੀਫਨਸ ਨੂੰ ਬ੍ਰਿਟੇਨ ’ਚ ਅਮਰੀਕੀ ਰਾਜਦੂਤ ਨਿਯੁਕਤ ਕੀਤਾ ਸੀ।

ਮਾਰਕ ਬਰਨੇਟ ਅਮਰੀਕੀ ਟੀ.ਵੀ. ਜਗਤ ਦਾ ਇਕ ਵੱਡਾ ਨਾਂ ਹੈ। ਲੰਡਨ ’ਚ ਜਨਮੇ ਬਰਨੇਟ ਨੇ ਰਿਐਲਿਟੀ ਸ਼ੋਅ ਸਰਵਾਈਵਰ ਬਣਾਇਆ। ਇਸ ਦੇ ਨਾਲ ਹੀ ਉਸਨੇ ਸ਼ਾਰਕ ਟੈਂਕ ਅਤੇ ਦਿ ਵਾਇਸ ਵਰਗੇ ਸ਼ੋਅ ਵੀ ਕੀਤੇ। ਬਰਨੇਟ ਨੇ 2018 ਤੋਂ 2022 ਤੱਕ ਐੱਮ.ਜੀ.ਐੱਮ. ਵਰਲਡ ਵਾਈਡ ਟੀ.ਵੀ. ਗਰੁੱਪ ਦੇ ਚੇਅਰਮੈਨ ਵਜੋਂ ਵੀ ਕੰਮ ਕੀਤਾ। 2004 ’ਚ ਬਰਨੇਟ ਦੁਆਰਾ ਸ਼ੁਰੂ ਕੀਤਾ ਗਿਆ ਪ੍ਰੋਗਰਾਮ ‘ਦਿ ਅਪ੍ਰੈਂਟਿਸ’ ਬਹੁਤ ਮਸ਼ਹੂਰ ਹੋਇਆ। ਇਸ ਸ਼ੋਅ ਰਾਹੀਂ ਹੀ ਡੋਨਾਲਡ ਟਰੰਪ ਪਹਿਲੀ ਵਾਰ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਸਾਹਮਣੇ ਆਏ ਸਨ। ਬਰਨੇਟ ਦੇ ਸ਼ੋਅ ਨੇ ਟਰੰਪ ਨੂੰ ਨਵੀਂ ਪਛਾਣ ਦਿੱਤੀ। ਉਨ੍ਹਾਂ ਬਾਰੇ ਧਾਰਨਾਵਾਂ ਨੂੰ ਵੀ ਬਦਲ ਦਿੱਤਾ। ਇਸ ਤੋਂ ਪਹਿਲਾਂ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਰਾਹੀਂ ਕਿੰਬਰਲੀ ਗਿਲਫੋਇਲ ਨੂੰ ਗ੍ਰੀਸ ’ਚ ਅਮਰੀਕੀ ਰਾਜਦੂਤ ਵਜੋਂ ਨਾਮਜ਼ਦ ਕੀਤਾ ਸੀ। ਗਿਲਫੋਇਲ ਲੰਬੇ ਸਮੇਂ ਤੋਂ ਟਰੰਪ ਦਾ ਸਮਰਥਕ ਰਿਹਾ ਹੈ ਅਤੇ ਉਸ ਨੇ ਆਪਣੇ ਪੁੱਤਰ ਡੋਨਾਲਡ ਟਰੰਪ ਜੂਨੀਅਰ ਨਾਲ ਮੰਗਣੀ ਕੀਤੀ ਸੀ। ਟਰੰਪ ਨੇ ਆਪਣੇ ਕਰੀਬੀ ਸਹਿਯੋਗੀ ਅਤੇ ਅਰਬਪਤੀ ਉਦਯੋਗਪਤੀ ਡੇਵਿਡ ਸਾਕਸ ਨੂੰ ਵ੍ਹਾਈਟ ਹਾਊਸ ਦਾ ਏ.ਆਈ. ਅਤੇ ਕ੍ਰਿਪਟੋ ਜ਼ਾਰ ਨਿਯੁਕਤ ਕੀਤਾ ਹੈ। ਡੇਵਿਡ ਸਾਕਸ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਕ੍ਰਿਪਟੋਕਰੰਸੀ ’ਤੇ ਟਰੰਪ ਸਰਕਾਰ ਨੂੰ ਸਲਾਹ ਦੇਣਗੇ। ਇਸ ਤੋਂ ਇਲਾਵਾ ਸਪੇਸਐਕਸ ਦੇ ਮਾਲਕ ਅਤੇ ਅਰਬਪਤੀ ਕਾਰੋਬਾਰੀ ਐਲੋਨ ਮਸਕ ਦੇ ਕਰੀਬੀ ਜੇਰੇਡ ਇਸਾਕਮੈਨ ਨੂੰ ਨੈਸ਼ਨਲ ਐਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨਾਸਾ) ਦਾ ਮੁਖੀ ਚੁਣਿਆ ਗਿਆ। ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ਦੇ ਸੀ.ਈ.ਓ. ਡੇਵਿਨ ਨੂਨਸ ਨੂੰ ਰਾਸ਼ਟਰਪਤੀ ਦੇ ਖੁਫੀਆ ਸਲਾਹਕਾਰ ਬੋਰਡ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ।

# ਅਮਰੀਕੀ ਸੰਸਦ ’ਚ ਫਾਇਨਾਂਸਿੰਗ ਬਿੱਲ ਪਾਸ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਉਪਰਲੇ ਸਦਨ ਸੈਨੇਟ ਨੇ ਸੰਘੀ ਸਰਕਾਰ ਦੇ ਕਾਰਜਾਂ ਅਤੇ ਆਫ਼ਤ ਸਹਾਇਤਾ ਲਈ ਅਸਥਾਈ ਫੰਡ ਮੁਹੱਈਆ ਕਰਾਉਣ ਦੀ ਦੋ-ਪੱਖੀ ਯੋਜਨਾ ਨੂੰ ਸ਼ਨੀਵਾਰ ਨੂੰ ਪਾਸ ਕਰ ਦਿੱਤਾ। ਇਸ ਬਿੱਲ ਵਿਚ ਨਵੇਂ ਸਾਲ ਵਿਚ ਕਰਜ਼ੇ ਦੀ ਸੀਮਾ ਵਧਾਉਣ ਦੀ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੰਗ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਜੇਕਰ ਇਹ ਬਿੱਲ ਨਿਰਧਾਰਤ ਸਮੇਂ ਵਿਚ ਪਾਸ ਨਾ ਹੁੰਦਾ, ਤਾਂ ਸਰਕਾਰੀ ਕੰਮਕਾਜ ਵਿਚ ਵਿਘਨ ਪੈਣ ਦਾ ਖਤਰਾ ਸੀ। ਹੇਠਲੇ ਸਦਨ ਦੇ ਪ੍ਰਤੀਨਿਧੀ ਸਭਾ ਦੇ

**■ ਸਰਕਾਰੀ ਕੰਮਕਾਜ ’ਚ ਵਿਘਨ ਪੈਣ ਦਾ ਖਦਸ਼ਾ ਟਲਿਆ**

ਸਪੀਕਰ ਮਾਈਕ ਜੌਹਨਸਨ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸੰਸਦ “ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰੇਗੀ” ਅਤੇ ਕ੍ਰਿਸਮਸ ਦੀਆਂ ਛੁੱਟੀਆਂ ਤੋਂ ਪਹਿਲਾਂ ਫੈਡਰਲ ਸਰਕਾਰ ਦੇ ਕੰਮ ਵਿਚ ਵਿਘਨ ਨਹੀਂ ਪੈਣ ਦੇਵੇਗੀ। ਹਾਲਾਂਕਿ, ਟਰੰਪ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਸੀ ਕਿ ਬਿੱਲ ਵਿਚ ਕਰਜ਼ੇ ਦੀ ਸੀਮਾ ਵਿਚ ਵਾਧੇ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਇੱਕ ਪੋਸਟ ਵਿਚ ਕਿਹਾ ਸੀ ਕਿ ਜੇਕਰ ਅਜਿਹਾ ਨਹੀਂ ਕੀਤਾ ਗਿਆ ਕੰਮਕਾਜ “ਹੁਣੇ ਬੰਦ ਹੋ” ਜਾਣਾ ਚਾਹੀਦਾ ਹੈ।

ਪ੍ਰਤੀਨਿਧੀ ਸਭਾ ਨੇ ਜੌਹਨਸਨ ਦੇ ਨਵੇਂ ਬਿੱਲ ਨੂੰ 34 ਦੇ ਮੁਕਾਬਲੇ 366 ਵੋਟਾਂ ਨਾਲ ਪਾਸ ਕਰ ਦਿੱਤਾ। ਸੈਨੇਟ ਨੇ ਇਸ ਨੂੰ 11 ਦੇ ਮੁਕਾਬਲੇ 85 ਵੋਟਾਂ ਦੇ ਬਹੁਮਤ ਨਾਲ ਪਾਸ ਕੀਤਾ। ਹੁਣ ਇਹ ਬਿੱਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਕੋਲ ਹੈ ਅਤੇ ਉਨ੍ਹਾਂ ਦੇ ਸ਼ਨੀਵਾਰ ਨੂੰ ਇਸ ’ਤੇ ਦਸਤਖਤ ਕਰਨ ਦੀ ਸੰਭਾਵਨਾ ਹੈ। ਸੈਨੇਟ ਦੇ ਬਹੁਮਤ ਦੇ ਨੇਤਾ ਚੱਕ ਸ਼ੂਮਰ ਨੇ ਕਿਹਾ, “ਸਰਕਾਰ ਦਾ ਕੰਮਕਾਜ ਬੰਦ ਨਹੀਂ ਹੋਵੇਗਾ।”



# ਬਾਇਡਨ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਨਿਯਮਾਂ 'ਚ ਦਿੱਤੀ ਢਿੱਲ

- **ਅਮਰੀਕਾ ਦੇ ਫ਼ੈਸਲੇ ਨਾਲ ਭਾਰਤੀ ਤਕਨਾਲੋਜੀ ਮਾਹਿਰਾਂ ਨੂੰ ਹੋਵੇਗਾ ਲਾਭ**
- **ਐੱਫ-1 ਵੀਜ਼ਾਧਾਰਕ ਵਿਦਿਆਰਥੀਆਂ ਨੂੰ ਵੀ ਮਿਲੇਗੀ ਰਾਹਤ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ ਹੇਠਲੇ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਦੇ ਨਿਯਮਾਂ 'ਚ ਢਿੱਲ ਦਿੱਤੀ ਹੈ, ਜਿਸ ਤਹਿਤ ਅਮਰੀਕੀ ਕੰਪਨੀਆਂ ਲਈ ਵਿਸ਼ੇਸ਼ ਹੁਨਰ ਵਾਲੇ ਵਿਦੇਸ਼ੀ ਮਾਹਿਰਾਂ ਨੂੰ ਨਿਯੁਕਤ ਕਰਨਾ ਆਸਾਨ ਹੋ ਜਾਵੇਗਾ। ਇਸ ਨਾਲ ਐੱਫ-1 ਸਟੂਡੈਂਟ ਵੀਜ਼ਾ ਨੂੰ ਆਸਾਨੀ ਨਾਲ ਐੱਚ-1ਬੀ ਵੀਜ਼ੇ 'ਚ ਤਬਦੀਲ ਕੀਤਾ ਜਾ ਸਕੇਗਾ। ਅਮਰੀਕੀ ਸਰਕਾਰ ਦੇ ਇਸ ਫ਼ੈਸਲੇ ਨਾਲ ਹਜ਼ਾਰਾਂ ਭਾਰਤੀ ਤਕਨਾਲੋਜੀ ਮਾਹਿਰਾਂ ਨੂੰ ਲਾਭ ਮਿਲਣ ਦੀ ਉਮੀਦ ਹੈ।

ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਵੱਲੋਂ ਐਲਾਨੇ ਇਸ ਨਿਯਮ ਦਾ ਉਦੇਸ਼ ਵਿਸ਼ੇਸ਼ ਅਹੁਦਿਆਂ ਅਤੇ ਗ਼ੈਰ-ਲਾਭਕਾਰੀ ਤੇ ਸਰਕਾਰੀ ਖੋਜ ਸੰਗਠਨਾਂ ਲਈ ਆਧੁਨਿਕ ਬਣਾ ਕੇ ਮਾਲਕਾਂ ਅਤੇ ਵਰਕਰਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਨਾ ਹੈ। ਇਕ ਸਰਕਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਬਦਲਾਅ ਨਾਲ ਅਮਰੀਕੀ ਕੰਪਨੀਆਂ ਨੂੰ ਆਪਣੀਆਂ ਜ਼ਰੂਰਤਾਂ ਮੁਤਾਬਕ ਨਿਯੁਕਤੀਆਂ ਕਰਨ ਅਤੇ ਆਲਮੀ ਬਾਜ਼ਾਰ 'ਚ ਮੁਕਾਬਲੇਬਾਜ਼ੀ 'ਚ ਬਣੇ ਰਹਿਣ 'ਚ ਸਹਾਇਤਾ ਮਿਲੇਗੀ। ਡੀ.ਐੱਚ.ਐੱਸ. ਮੁਤਾਬਕ ਇਸ ਨਿਯਮ 'ਚ ਐੱਫ-1 ਵੀਜ਼ਾਧਾਰਕ ਵਿਦਿਆਰਥੀਆਂ ਲਈ ਕੁਝ ਸਹੂਲਤ ਦਾ ਵੀ ਪ੍ਰਬੰਧ ਹੈ, ਜੋ ਆਪਣੇ ਵੀਜ਼ੇ ਨੂੰ ਐੱਚ-1ਬੀ 'ਚ ਬਦਲਣਾ ਚਾਹੁੰਦੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਨਾਬਾਲਗ ਨਾਲ ਜਿਨਸੀ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਦੋਸ਼ 'ਚ ਭਾਰਤੀ ਵਿਅਕਤੀ ਗ੍ਰਿਫਤਾਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨ ਇੱਕ ਅਮਰੀਕੀ ਅੰਡਰਕਵਰ ਅਧਿਕਾਰੀ ਨੇ ਇੱਕ ਭਾਰਤੀ ਨਾਗਰਿਕ ਨੂੰ ਇੱਕ ਨਾਬਾਲਗ ਨਾਲ ਜਿਨਸੀ ਗਤੀਵਿਧੀ 'ਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ।

ਅੰਡਰਕਵਰ ਏਜੰਟ ਨੇ ਇੱਕ ਐੱਨ.ਆਰ.ਆਈ. ਵਿਅਕਤੀ ਦੇ ਖਿਲਾਫ ਅਪਰਾਧਿਕ ਸਬੂਤ ਇਕੱਠੇ ਕਰਨ ਲਈ ਆਨਲਾਈਨ ਇੱਕ 13 ਸਾਲ ਦੀ ਲੜਕੀ ਦੇ ਰੂਪ ਆਪਣੇ ਆਪ ਨੂੰ ਪੇਸ਼ ਕੀਤਾ। 24 ਸਾਲਾਂ ਗੁਜਰਾਤੀ ਭਾਰਤੀ ਕੀਰਤਨ ਪਟੇਲ ਜਿਸ ਨਾਲ ਗੱਲਬਾਤ ਕਰਦਾ ਸੀ। ਅਸਲ ਵਿਚ ਉਹ ਅੰਡਰਕਵਰ ਏਜੰਟ ਸੀ। ਜਿਸ ਨੇ ਉਸ ਨੂੰ ਜਾਲ ਵਿਚ ਫਸਾ ਕੇ ਸਰੀਰਕ ਸਬੰਧ ਬਣਾਉਣ ਲਈ ਕੀਰਤਨ ਪਟੇਲ ਨੂੰ ਲਾਲਚ ਦਿੱਤਾ ਅਤੇ ਫਲੋਰੀਡਾ ਦਾ ਗੁਜਰਾਤੀ ਨੌਜਵਾਨ ਉਸ ਦੇ ਜਾਲ ਵਿਚ ਫਸ ਗਿਆ। ਅਮਰੀਕਾ ਦੇ ਸੂਬੇ ਫਲੋਰਿਡਾ ਵਿਚ ਅਮਰੀਕੀ ਅਟਾਰਨੀ ਦੇ ਦਫ਼ਤਰ ਅਨੁਸਾਰ ਕੀਰਤਨ ਪਟੇਲ (24) ਨੇ ਇੱਕ ਨਾਬਾਲਗ ਨੂੰ ਆਪਣੇ ਨਾਲ ਜਿਨਸੀ ਸਬੰਧ ਬਣਾਉਣ ਲਈ ਭਰਮਾਉਣ ਦੀ ਕੋਸ਼ਿਸ਼ ਕਰਨ ਲਈ ਆਪਣੇ ਆਪ ਨੂੰ ਦੋਸ਼ੀ ਵੀ ਮੰਨਿਆ ਹੈ। ਭਾਰਤੀ ਮੂਲ ਦੇ ਵਿਅਕਤੀ ਨੂੰ ਹੁਣ ਘੱਟੋ-ਘੱਟ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (ਐੱਚ.ਐੱਸ.ਆਈ.) ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਦੇ ਇੱਕ ਏਜੰਟ ਨੇ ਆਨਲਾਈਨ ਆਪਣੇ ਆਪ ਨੂੰ ਨਾਬਾਲਗ ਵਜੋਂ ਪੇਸ਼ ਕੀਤਾ ਅਤੇ ਕੀਰਤਨ ਪਟੇਲ ਨੇ ਬੀਤੀ ਮਈ ਵਿਚ ਉਨ੍ਹਾਂ ਨਾਲ ਜਿਨਸੀ ਤੌਰ 'ਤੇ ਸਪੱਸ਼ਟ ਚੈਟ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨਜ ਨੇ ਫਲੋਰੀਡਾ ਪਹੁੰਚ ਕੇ ਆਖਰਕਾਰ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਅਮਰੀਕਾ ਵੱਲੋਂ ਇਸ ਸਾਲ 192 ਦੇਸ਼ਾਂ ਦੇ 2,71,000 ਪ੍ਰਵਾਸੀ ਡਿਪੋਰਟ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਦੀ ਰਿਪੋਰਟ ਅਨੁਸਾਰ ਪ੍ਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਦਰ 'ਚ ਪਿਛਲੇ ਸਾਲ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਦਰ 2014 ਤੋਂ ਬਾਅਦ ਸਭ ਤੋਂ ਜ਼ਿਆਦਾ ਹੈ।

ਵੀਰਵਾਰ ਨੂੰ ਜਾਰੀ ਰਿਪੋਰਟ ਮੁਤਾਬਕ ਰਾਸ਼ਟਰਪਤੀ ਜੋਅ ਬਾਇਡਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਘੱਟ ਕਰਨ ਲਈ ਸਖਤ ਕਦਮ ਚੁੱਕੇ ਹਨ, ਜਿਸ ਕਾਰਨ ਇਹ ਵਾਧਾ ਹੋਇਆ। 30 ਸਤੰਬਰ ਨੂੰ ਖਤਮ ਹੋਏ ਵਿੱਤੀ ਸਾਲ ਮੁਤਾਬਕ ਇਸ ਸਾਲ 'ਚ 192 ਦੇਸ਼ਾਂ ਦੇ 2,71,000 ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ। ਇਹ ਅੰਕੜਾ 2021 'ਚ ਬਾਇਡਨ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਸਭ ਤੋਂ ਵੱਧ ਸੀ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ (2017-2021) ਦੇ ਕਿਸੇ ਵੀ ਸਾਲ ਦੇ ਅੰਕੜੇ ਨਾਲੋਂ ਵੱਧ ਸੀ।

ਅਮਰੀਕੀ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ਨੇ ਟਰੰਪ ਦੀਆਂ ਸਖਤ ਇਮੀਗ੍ਰੇਸ਼ਨ ਨੀਤੀਆਂ ਨੂੰ ਬਦਲਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੀ ਸਮੱਸਿਆ ਦਾ ਸਾਹਮਣਾ ਕੀਤਾ ਅਤੇ ਆਖਿਰਕਾਰ ਲਾਗੂ ਕਰਨ 'ਤੇ ਸਖਤ ਰੁਖ ਅਪਣਾਇਆ। ਰਿਪਬਲੀਕਨ ਪਾਰਟੀ ਦੇ ਨੇਤਾ ਡੋਨਾਲਡ ਟਰੰਪ ਨੇ ਨਵੰਬਰ 'ਚ ਰਾਸ਼ਟਰਪਤੀ ਚੋਣ ਜਿੱਤੀ ਅਤੇ ਰਿਕਾਰਡ ਗਿਣਤੀ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਵਾਅਦਾ ਕੀਤਾ।

ਰਾਇਟਰਜ਼ ਨੇ ਪਿਛਲੇ ਮਹੀਨੇ ਰਿਪੋਰਟ ਦਿੱਤੀ ਸੀ ਕਿ ਨਵਾਂ ਟਰੰਪ ਪ੍ਰਸ਼ਾਸਨ ਇਸ ਡਿਪੋਰਟੇਸ਼ਨ ਕੈਂਪੇਨ ਨੂੰ ਪੂਰਾ ਕਰਨ ਲਈ ਸੰਘੀ ਸਰਕਾਰੀ ਸਰੋਤਾਂ ਦੀ ਵਰਤੋਂ ਕਰੇਗਾ। ਵਿੱਤੀ ਸਾਲ 2019 ਵਿਚ ਆਈ.ਸੀ.ਈ. ਨੇ 2,67,000 ਪ੍ਰਵਾਸੀਆਂ ਨੂੰ ਹਟਾਇਆ ਸੀ। ਵਿੱਤੀ ਸਾਲ 2023 ਵਿਚ ਬਾਇਡਨ ਵੱਲੋਂ ਡਿਪੋਰਟ ਕੀਤੇ ਅਤੇ ਮੈਕਸੀਕੋ 'ਚ ਵਾਪਸ ਭੇਜਣ ਦੀ ਗਿਣਤੀ ਟਰੰਪ ਦੇ ਕਿਸੇ ਵੀ ਸਾਲ ਦੇ ਅੰਕੜਿਆਂ ਤੋਂ ਵੱਧ ਰਹੀ।

# ਕੈਲੀਫੋਰਨੀਆ ਗਵਰਨਰ ਵੱਲੋਂ ਬਰਡ ਫਲੂ ਦੇ ਮੱਦੇਨਜ਼ਰ ਐਮਰਜੈਂਸੀ ਦਾ ਐਲਾਨ

**ਲਾਸ ਏਂਜਲਸ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਏਵੀਅਨ ਇਨਫਲੂਐਂਜ਼ਾ ਏ (ਐੱਚ5ਐੱਨ1) ਦੇ ਫੈਲਣ ਦੇ ਮੱਦੇਨਜ਼ਰ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਐੱਚ5ਐੱਨ1 ਨੂੰ ਆਮ ਬੋਲਚਾਲ ਵਿਚ ਬਰਡ ਫਲੂ ਕਿਹਾ ਜਾਂਦਾ ਹੈ। ਇਸ ਫਲੂ ਕਾਰਨ ਸੂਬੇ ਦੇ ਗੋਲਡਨ ਸਟੇਟ ਵਿਚ 34 ਲੋਕ ਸੰਕਰਮਿਤ ਹੋ ਗਏ ਹਨ। ਗਵਰਨਰ ਦੇ ਦਫ਼ਤਰ ਅਨੁਸਾਰ, ਦੱਖਣੀ ਕੈਲੀਫੋਰਨੀਆ ਦੇ ਫਾਰਮਾਂ ਵਿਚ ਗਾਵਾਂ ਵਿਚ ਬਰਡ ਫਲੂ ਦੇ ਮਾਮਲੇ ਪਾਏ ਜਾਣ ਤੋਂ ਬਾਅਦ ਬੁੱਧਵਾਰ ਨੂੰ ਇਹ ਕਾਰਵਾਈ ਕੀਤੀ ਗਈ। ਬਿਆਨ ਵਿਚ ਕਿਹਾ ਗਿਆ ਹੈ ਕਿ ਡੇਅਰੀ ਗਾਵਾਂ ਵਿਚ ਇਹ ਮਾਮਲੇ ਪਾਏ ਜਾਣ ਤੋਂ ਬਾਅਦ, "ਵਾਇਰਸ ਦੇ ਫੈਲਣ ਨੂੰ ਰੋਕਣ ਅਤੇ ਘਟਾਉਣ ਲਈ ਨਿਗਰਾਨੀ ਵਧਾਉਣ ਅਤੇ ਤਾਲਮੇਲ ਵਾਲੀ ਰਾਜ ਵਿਆਪੀ ਪਹੁੰਚ ਅਪਣਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ।"

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense


Atul Kapoor
C.E.O


Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸਟਾਕਟਨ ’ਚ ਨਸ਼ਾ ਤਸਕਰ ਸੁਨੀਲ ਯਾਦਵ ਦਾ ਗੋਲੀਆਂ ਮਾਰ ਕੇ ਕਤਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕੀ ਸਟੇਟ ਕੈਲੀਫੋਰਨੀਆ ਦੇ ਸਟਾਕਟਨ ਸ਼ਹਿਰ ਵਿਚ ਸੋਮਵਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਇੱਕ ਨਸ਼ਾ ਤਸਕਰ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਪੰਜਾਬ ਦੇ ਫਾਜ਼ਿਲਕਾ ਦੇ ਰਹਿਣ ਵਾਲੇ ਸੁਨੀਲ ਯਾਦਵ ਵਜੋਂ ਹੋਈ ਹੈ। ਉਹ ਰਾਹੁਲ ਦੇ ਨਾਂ ਨਾਲ ਫਰਜ਼ੀ ਪਾਸਪੋਰਟ ’ਤੇ 2 ਸਾਲਾਂ ਤੋਂ ਅਮਰੀਕਾ ਦੇ ਕੈਲੀਫੋਰਨੀਆ ਵਿਚ ਰਹਿ ਰਿਹਾ ਸੀ। ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਦੀ ਅਗਵਾਈ ਵਾਲੇ ਵਿਰੋਧੀ ਗੈਂਗ ਨੇ ਯਾਦਵ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਅਮਰੀਕਾ ਤੋਂ ਪਹਿਲਾਂ, ਯਾਦਵ ਦੁਬਈ ਵਿਚ ਸਰਗਰਮ ਸੀ ਅਤੇ ਅੰਤਰਰਾਸ਼ਟਰੀ ਡਰੱਗ ਵਪਾਰ ਵਿਚ ਇੱਕ ਪ੍ਰਮੁੱਖ ਸਮੱਗਲਰ ਸੀ। ਰਾਜਸਥਾਨ ਪੁਲਿਸ ਨੇ ਇਸ ਤੋਂ ਪਹਿਲਾਂ ਯਾਦਵ ਦੇ ਇੱਕ ਸਾਥੀ ਨੂੰ ਦੁਬਈ ਵਿਚ ਸਥਾਨਕ ਏਜੰਸੀਆਂ ਦੀ ਮਦਦ ਨਾਲ ਗ੍ਰਿਫਤਾਰ ਕੀਤਾ ਸੀ। ਉਸ ਦੇ ਖਿਲਾਫ ਹਾਲ ਹੀ ’ਚ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ।

ਇੱਕ ਫੇਸਬੁੱਕ ਪੋਸਟ ਵਿਚ ਗੋਦਾਰਾ ਅਤੇ ਬਰਾੜ ਗੈਂਗ ਨੇ ਦੋਸ਼ ਲਾਇਆ ਕਿ ਯਾਦਵ ਨੇ ਪੰਜਾਬ ਪੁਲਿਸ ਨਾਲ ਮੁਕਾਬਲੇ ਦੌਰਾਨ ਅੰਕਿਤ ਭਾਦੂ ਦੀ ਮੌਤ ਵਿਚ ਭੂਮਿਕਾ ਨਿਭਾਈ ਸੀ। ਗੈਂਗ ਨੇ ਯਾਦਵ ’ਤੇ ਜਾਸੂਸੀ ਗਤੀਵਿਧੀਆਂ ’ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ। ਗੈਂਗ ਨੇ ਯਾਦਵ ’ਤੇ ਅਮਰੀਕਾ ’ਚ ਆਪਣੇ ਮੈਂਬਰਾਂ ਦੀ ਜਾਸੂਸੀ ਕਰਨ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਦੋਸ਼ ਲਗਾਇਆ ਕਿ ਉਸ ਨੇ ਲੋਕਾਂ ਨੂੰ ਉਨ੍ਹਾਂ ਦੇ ਸਮੂਹ ਨੂੰ ਹੋਣ ਵਾਲੇ ਸੰਭਾਵੀ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਅਤੇ ਝੂਠਾ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਖੁਫੀਆ ਏਜੰਸੀ ਅਤੇ ਪੁਲਿਸ ਦੁਆਰਾ ਭਰਤੀ ਕੀਤਾ ਗਿਆ ਸੀ। ਪੋਸਟ ਵਿਚ ਲਿਖਿਆ ਹੈ, ‘ਉਹ ਸਾਡੇ ਗਰੁੱਪ ਦਾ ਹਿੱਸਾ ਹੋਣ ਦਾ ਦਾਅਵਾ ਕਰਕੇ ਪੁਲਿਸ ਨੂੰ ਸਾਡੇ ਭਰਾਵਾਂ ਬਾਰੇ ਸੂਚਿਤ ਕਰਦਾ ਸੀ।’

# ਨਵੇਂ ਸਾਲ ਦੀਆਂ ਛੁੱਟੀਆਂ ਦਰਮਿਆਨ ਅਮਰੀਕੀ ਏਅਰਲਾਈਨਜ਼ ਨੇ ਰੋਕੀਆਂ ਸਾਰੀਆਂ ਉਡਾਣਾਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਨ ਏਅਰਲਾਈਨਜ਼ ਗਰੁੱਪ ਇੰਕ. ਨੇ ਕਿਹਾ ਕਿ ਉਸ ਦੀਆਂ ਸਾਰੀਆਂ ਉਡਾਣਾਂ ਨੂੰ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਸਾਲ ਦੇ ਸਭ ਤੋਂ ਵਿਅਸਤ ਦਿਨਾਂ ਦਰਮਿਆਨ ਕੰਪਨੀ ਨੇ ਉਡਾਣਾਂ ’ਤੇ ਅਣਮਿੱਥੇ ਸਮੇਂ ਲਈ ਰੋਕ ਲਗਾ ਦਿੱਤੀ ਹੈ।

ਏਅਰਲਾਈਨ ਨੇ ਐਕਸ ’ਤੇ ਇੱਕ ਬਿਆਨ ਵਿਚ ਕਿਹਾ, “ਯਾਤਰੀਆਂ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਇੱਕ ਵਾਰ ਇਸ ਸਮੱਸਿਆ ਨੂੰ ਠੀਕ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਸੁਰੱਖਿਅਤ ਢੰਗ ਨਾਲ ਤੁਹਾਡੀ ਮੰਜ਼ਿਲ ’ਤੇ ਪਹੁੰਚਾਵਾਂਗੇ।”

ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਨੇ ਕਿਹਾ ਕਿ ਅਮਰੀਕੀ ਏਅਰਲਾਈਨ ਨੇ ਆਪਣੀਆਂ



ਸਾਰੀਆਂ ਉਡਾਣਾਂ ਨੂੰ ਰੋਕਣ ਦੀ ਬੇਨਤੀ ਕੀਤੀ ਹੈ।

ਏਅਰਲਾਈਨ ਨੇ ਐਕਸ ਨੂੰ ਇੱਕ ਪੋਸਟ ਵਿਚ ਲਿਖਿਆ “ਅਸੀਂ ਵਰਤਮਾਨ ਸਮੇਂ ਵਿਚ ਸਾਰੀਆਂ ਅਮਰੀਕੀ ਏਅਰਲਾਈਨਾਂ ਦੀਆਂ ਉਡਾਣਾਂ ਵਿਚ ਤਕਨੀਕੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ। ਤੁਹਾਡੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਇੱਕ ਵਾਰ ਇਸ ਨੂੰ ਠੀਕ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਤੁਹਾਡੀ ਮੰਜ਼ਿਲ ਤੱਕ ਸੁਰੱਖਿਅਤ ਢੰਗ ਨਾਲ ਪਹੁੰਚਾਵਾਂਗੇ।”

# ਅਮਰੀਕਾ-ਕੈਨੇਡਾ ਬਾਰਡਰ ਸੰਧੀ ਅਨੁਸਾਰ ਕੈਨੇਡਾ ਨੇ ਸਰਹੱਦ ’ਤੇ ਲਾਈ ਸਖਤ ਪਾਬੰਦੀ

**ਓਟਾਵਾ, (ਪੰਜਾਬ ਮੇਲ)-** ਸੀ.ਬੀ.ਐੱਸ.ਏ. ਅਨੁਸਾਰ ਕੈਨੇਡਾ ਦੀ ਬਾਰਡਰ ਯੋਜਨਾ ਦੇ ਹਿੱਸੇ ਵਜੋਂ ਕੈਨੇਡਾ ਸਰਕਾਰ ਵੱਲੋਂ ਸੋਮਵਾਰ ਸ਼ਾਮ ਐਲਾਨ ਕੀਤਾ ਗਿਆ ਕਿ 23 ਦਸੰਬਰ ਨੂੰ ਰਾਤ 11:59 ਵਜੇ ਲਾਗੂ ਕਾਨੂੰਨ ਅਨੁਸਾਰ ਪ੍ਰਵੇਸ਼ ਬੰਦਰਗਾਹ ’ਤੇ ਫਲੈਗਪੋਲਰ ਨੂੰ ਵਰਕ ਪਰਮਿਟ ਅਤੇ ਸਟੂਡੈਂਟ ਪਰਮਿਟ ਪ੍ਰਦਾਨ ਨਹੀਂ ਕੀਤੇ ਜਾਣਗੇ।

ਵਰਨਣਯੋਗ ਹੈ ਕਿ ਫਲੈਗਪੋਲਿੰਗ ਉਦੋਂ ਹੁੰਦੀ ਹੈ, ਜਦੋਂ ਕੋਈ ਵਿਦੇਸ਼ੀ ਨਾਗਰਿਕ ਜੋ ਕੈਨੇਡਾ ’ਚ ਆਰਜ਼ੀ ਰਿਹਾਇਸ਼ੀ ਰੁਤਬਾ (ਟੈਂਪਰਰੀ) ਰੱਖਦੇ ਹਨ ਜਾਂ ਕੈਨੇਡਾ ਛੱਡ ਦਿੰਦੇ ਹਨ ਅਤੇ ਅਮਰੀਕਾ ਦੀ ਫੇਰੀ ਤੋਂ ਬਾਅਦ ਕੈਨੇਡਾ ਡੇ ਪ੍ਰਵੇਸ਼ ਦੇ ਬੰਦਰਗਾਹ ’ਤੇ ਇਮੀਗ੍ਰੇਸ਼ਨ ਸੇਵਾਵਾਂ



ਤੱਕ ਪਹੁੰਚ ਕਰਨ ਲਈ ਦੁਬਾਰਾ ਦਾਖਲ ਹੁੰਦੇ ਹਨ। ਇਸ ਲਈ ਅਮਰੀਕਾ ਕੈਨੇਡਾ ਬਾਰਡਰ ਸੰਧੀ ਅਨੁਸਾਰ ਸਰਹੱਦ ’ਤੇ ਸਖਤ ਪਾਬੰਦੀ ਲਾ ਦਿੱਤੀ ਗਈ ਹੈ । ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਅਨੁਸਾਰ ਸਰਹੱਦ ’ਤੇ ਇਮੀਗ੍ਰੇਸ਼ਨ ਸੇਵਾਵਾਂ ਕੈਨੇਡਾ ਪਹੁੰਚਣ ਵਾਲੇ ਵਿਅਕਤੀਆਂ ਲਈ ਹੁੰਦੀਆਂ ਹਨ, ਨਾ ਕਿ ਪਹਿਲਾਂ ਤੋਂ ਕੈਨੇਡਾ ’ਚ ਮੌਜੂਦ ਲੋਕਾਂ ਲਈ, ਕੰਮ ਜਾਂ ਸਟੱਡੀ ਪਰਮਿਟਾਂ ਲਈ ਅਰਜ਼ੀਆਂ ਤੇ ਨਵਿਆਉਣ ਲਈ।

# ਕੈਨੇਡਾ ਸਰਕਾਰ ਵੱਲੋਂ ਅਮਰੀਕਾ ਨਾਲ ਲੱਗਦੀ ਸਰਹੱਦ ਸੁਰੱਖਿਅਤ ਕਰਨ ਲਈ 90 ਕਰੋੜ ਅਮਰੀਕੀ ਡਾਲਰ ਤੋਂ ਵੱਧ ਖਰਚਨ ਦੀ ਯੋਜਨਾ

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਦੀ ਸਰਕਾਰ ਅਮਰੀਕਾ ਨਾਲ ਲੱਗਦੀ ਦੇਸ਼ ਦੀ ਸਰਹੱਦ ਨੂੰ ਸੁਰੱਖਿਅਤ ਕਰਨ ਲਈ 90 ਕਰੋੜ ਅਮਰੀਕੀ ਡਾਲਰ ਤੋਂ ਵੱਧ ਖਰਚ ਕਰਨ ਦੀ ਯੋਜਨਾ ਬਣਾ ਰਹੀ ਹੈ। ਸੀ.ਬੀ.ਸੀ. ਨਿਊਜ਼ ਪ੍ਰਸਾਰਕ ਨੇ ਵਿੱਤ ਮੰਤਰੀ ਡੋਮਿਨਿਕ ਲੇਬਲਾਂਕ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਰਿਪੋਰਟ ਵਿਚ ਕਿਹਾ ਗਿਆ ਕਿ ਸਰਕਾਰ ਦੇ ਟੀਚਿਆਂ ਵਿਚ ਫੈਂਟਾਨਾਇਲ ਵਪਾਰ ਦਾ ਪਤਾ ਲਗਾਉਣਾ ਅਤੇ ਉਸ ’ਤੇ ਨਕੇਲ ਕੱਸਣਾ, ਨਵੇਂ ਕਾਨੂੰਨ ਲਾਗੂ ਕਰਨ ਵਾਲੇ ਸਾਧਨਾਂ ਨੂੰ ਪੇਸ਼ ਕਰਨਾ, ਸੰਚਾਲਨ ਤਾਲਮੇਲ ਵਿਚ ਸੁਧਾਰ ਕਰਨਾ, ਜਾਣਕਾਰੀ ਸਾਂਝੀ ਕਰਨਾ ਅਤੇ ਇਮੀਗ੍ਰੇਸ਼ਨ ਅਤੇ ਸ਼ਰਣ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਰਕਾਰ ਹੋਰ ਚੀਜ਼ਾਂ ਦੇ ਇਲਾਵਾ, ਨਵੇਂ ਡਰੱਗ-ਡਿਟੈਕਸ਼ਨ ਡੌਗ ਯੂਨਿਟਾਂ ਨੂੰ ਸਿਖਲਾਈ ਦੇਵੇਗੀ, ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਸਮਰੱਥਾ ਦਾ ਵਿਸਤਾਰ ਕਰੇਗੀ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਹੈਲੀਕਾਪਟਰਾਂ, ਡਰੋਨਾਂ ਅਤੇ ਮੋਬਾਈਲ ਨਿਗਰਾਨੀ ਟਾਵਰਾਂ ਨਾਲ ਲੈਸ ਕਰਨ, ਸੰਗਠਿਤ ਅਪਰਾਧ ਦਾ ਮੁਕਾਬਲਾ ਕਰਨ ਲਈ ਸੰਯੁਕਤ ਸਟ੍ਰਾਈਕ ਫੋਰਸ ਲਈ ਫੰਡ ਅਲਾਟ ਕਰੇਗੀ।

ਅਮਰੀਕਾ ਦੇ ਨਵੇਂ ਚੁਣੇ ਗਏ

## ■ ਟਰੰਪ ਦੀ ਧਮਕੀ ਤੋਂ ਡਰਿਆ ਕੈਨੇਡਾ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ ਦੇ ਅਖੀਰ ਵਿਚ ਐਲਾਨ ਕੀਤਾ ਸੀ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਅਣਸੁਲਝੇ ਮੁੱਦਿਆਂ ਕਾਰਨ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਸਮਾਨ ’ਤੇ 25 ਫ਼ੀਸਦੀ ਟੈਰਿਫ ਲਗਾਉਣਗੇ। ਉਨ੍ਹਾਂ ਨੇ ਚੀਨੀ ਸਮਾਨ ’ਤੇ 10 ਫ਼ੀਸਦੀ ਨਿਰਯਾਤ ਡਿਊਟੀ ਜੋੜਨ ਦਾ ਵੀ ਵਾਅਦਾ ਕੀਤਾ। ਅਮਰੀਕਾ, ਮੈਕਸੀਕੋ ਅਤੇ ਕੈਨੇਡਾ (**USMCA**, ਪਹਿਲਾਂ NAFTA) ਵਿਚਕਾਰ ਸਮਝੌਤੇ ਦੀਆਂ ਸ਼ਰਤਾਂ ਦੇ ਤਹਿਤ, ਜੇਕਰ ਮੂਲ ਨਿਯਮਾਂ ਅਤੇ ਹੋਰ ਮਾਪਦੰਡਾਂ ਨੂੰ ਪੂਰਾ ਕੀਤਾ ਜਾਂਦਾ ਹੈ, ਤਾਂ ਬਹੁਤ ਸਾਰੀਆਂ ਵਸਤਾਂ ਦਾ 3 ਦੇਸ਼ਾਂ ਵਿਚ ਡਿਊਟੀ-ਮੁਕਤ ਵਪਾਰ ਕੀਤਾ ਜਾਂਦਾ ਹੈ। ਟਰੰਪ ਦਾ ਪ੍ਰਸਤਾਵ ਹਾਲਾਂਕਿ ਸਮਝੌਤੇ ਦੀ ਉਲੰਘਣਾ ਕਰੇਗਾ, ਜਿਸ ਨਾਲ ਖੇਤਰ ਦੇ ਰਾਜਾਂ ਵਿਚਕਾਰ ਆਰਥਿਕ ਅਤੇ ਰਾਜਨੀਤਿਕ ਸਬੰਧਾਂ ਵਿਚ ਸੰਭਾਵਿਤ ਤਣਾਅ ਆ ਸਕਦਾ ਹੈ।




# ਭੁੱਖੇ ਰਹਿਣ ਕਾਰਨ ਡੱਲੇਵਾਲ ਦੇ ਅੰਦਰੂਨੀ ਅੰਗ ਖਰਾਬ ਹੋਣ ਲੱਗੇ

**■ ਖਰਾਬ ਅੰਗਾਂ ਦਾ ਇਲਾਜ ਹੋਵੇਗਾ ਮੁਸ਼ਕਲ : ਡਾਕਟਰ**



ਜਗਜੀਤ ਸਿੰਘ ਡੱਲੇਵਾਲ ਦਾ ਹਾਲ-ਚਾਲ ਪੁੱਛਦੇ ਹੋਏ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ।

ਪਾਤੜਾਂ/ਚੰਡੀਗੜ੍ਹ, (ਪੰਜਾਬ ਮੇਲ)-ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਕਿਸਾਨੀ ਮੰਗਾਂ ਮਨਵਾਉਣ ਲਈ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ 30ਵੇਂ ਦਿਨ ਵੀ ਜਾਰੀ ਰਿਹਾ। ਉਨ੍ਹਾਂ ਦੀ ਜਾਂਚ ਕਰ ਰਹੇ ਡਾਕਟਰਾਂ ਅਨੁਸਾਰ ਡੱਲੇਵਾਲ ਦੇ ਅੰਦਰੂਨੀ ਅੰਗ ਖ਼ਰਾਬ ਹੋ ਰਹੇ ਹਨ ਅਤੇ ਇਸ ਨੁਕਸਾਨ ਦੀ ਭਰਪਾਈ ਨਹੀਂ ਹੋ ਸਕੇਗੀ। ਇਸ ਦੌਰਾਨ ਪਟਿਆਲਾ ਦੇ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਨੇ ਕਿਸਾਨ ਆਗੂ ਦਾ ਹਾਲ ਪੁੱਛਣ ਮਗਰੋਂ ਆਰਜ਼ੀ ਹਸਪਤਾਲ ਦਾ ਦੌਰਾ ਕੀਤਾ।

ਡੱਲੇਵਾਲ ਦੀ ਸਿਹਤ ਦੀ ਦੇਖਭਾਲ ਕਰ ਰਹੀ ਡਾਕਟਰ ਸਵੈਮਾਨ ਦੀ ਟੀਮ ਦੇ ਡਾਕਟਰ ਗੁਰਪਰਵੇਸ਼ ਸਿੰਘ ਨੇ ਦੱਸਿਆ ਕਿ ਕਿਸਾਨ ਆਗੂ ਦੀ ਸਿਹਤ ਦਾ ਕਾਫੀ ਨੁਕਸਾਨ ਹੋ ਚੁੱਕਿਆ ਹੈ, ਜਿਸ ਦੀ ਭਰਪਾਈ ਨਹੀਂ ਹੋ ਸਕੇਗੀ। ਇਸੇ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕਿਸੇ ਵੇਲੇ ਵੀ ਕੋਈ ਅਣਹੋਣੀ ਘਟਨਾ ਵਾਪਰ ਸਕਦੀ ਹੈ। ਕਿਸਾਨ ਆਗੂ ਰਾਜ ਸਿੰਘ ਥੇੜੀ, ਦਿਲਬਾਗ ਸਿੰਘ ਹਰੀਗੜ੍ਹ, ਕਾਕਾ ਸਿੰਘ ਕੋਟਲਾ ਅਤੇ ਗੁਰਵਿੰਦਰ ਸਿੰਘ ਭੰਗੂ ਨੇ ਕਿਹਾ ਕਿ ਕਿਸਾਨਾਂ ਨੇ ਜਿਸ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ, ਉਸ ਦੇਸ਼ ਵਿਚ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਡੱਲੇਵਾਲ ਮਰਨ ਵਰਤ 'ਤੇ ਬੈਠੇ ਹਨ। ਸਰਕਾਰ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਕਿਸਾਨ ਦਿਵਸ ਮੌਕੇ ਕਿਸਾਨਾਂ ਦਾ ਇਸ ਤੋਂ ਵੱਡਾ ਅਪਮਾਨ ਨਹੀਂ ਹੋ ਸਕਦਾ।

ਉੱਤਰ ਪ੍ਰਦੇਸ਼ ਤੋਂ ਭਾਰਤੀ ਕਿਸਾਨ ਯੂਨੀਅਨ (ਗੈਰ-ਸਿਆਸੀ) ਦੇ ਅਹੁਦੇਦਾਰ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਅਤੇ ਸਮਰਥਨ ਦੇਣ ਲਈ ਖਨੌਰੀ ਬਾਰਡਰ 'ਤੇ ਪਹੁੰਚੇ।

ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਪੁੱਜੇ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਉਨ੍ਹਾਂ ਕਿਸਾਨ ਆਗੂ ਅਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਦੁਆ ਵੀ ਕੀਤੀ। ਇਸੇ ਦੌਰਾਨ ਹਰਿਆਣਾ ਤੋਂ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਵੀ ਡੱਲੇਵਾਲ ਨਾਲ ਮੁਲਾਕਾਤ ਕੀਤੀ।

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਖਨੌਰੀ ਮੋਰਚੇ ਵਿਚ ਪਿਛਲੇ 27 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਸਮੂਹਿਕ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਨੂੰ ਹਉਮੈ ਤਿਆਗ ਕੇ ਮਰਨ ਵਰਤ ਖ਼ਤਮ ਕਰਵਾਉਣ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

# ਬ੍ਰਿਟੇਨ ਨੇ ਬ੍ਰਿਟਿਸ਼ ਫ਼ੌਜੀ ਦੇ ਅੱਤਵਾਦੀ ਲਿੰਕ 'ਤੇ ਪੰਜਾਬ ਪੁਲਿਸ ਦੇ ਦਾਅਵਿਆਂ ਨੂੰ ਨਕਾਰਿਆ !

ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਮੰਗਲਵਾਰ ਨੂੰ ਭਾਰਤ 'ਚ ਅੱਤਵਾਦੀ ਗਤੀਵਿਧੀਆਂ 'ਚ ਬ੍ਰਿਟਿਸ਼ ਫੌਜ ਦੇ ਇਕ ਸਿਪਾਹੀ ਦੀ ਸ਼ਮੂਲੀਅਤ ਬਾਰੇ ਪੰਜਾਬ ਪੁਲਿਸ ਦੇ ਦਾਅਵੇ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਸ ਨਾਂ ਦਾ ਕੋਈ ਵੀ ਸ਼ਖ਼ਸ ਬ੍ਰਿਟਿਸ਼ ਫੌਜ 'ਚ ਨਹੀਂ ਹੈ।

ਦ ਇੰਡੀਅਨ ਐਕਸਪ੍ਰੈੱਸ ਅਨੁਸਾਰ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਵੱਲੋਂ ਬੀਤੇ ਦਿਨ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਗਿਆ ਸੀ ਕਿ ਬ੍ਰਿਟਿਸ਼ ਸਿਪਾਹੀ ਵਜੋਂ ਸੇਵਾ ਕਰਦੇ ਹੋਏ ਜਗਜੀਤ ਸਿੰਘ ਨੇ ਫਤਿਹ ਸਿੰਘ ਬਾਗੀ ਉਪਨਾਮ ਵਰਤਦੇ ਹੋਏ ਅੱਤਵਾਦੀ ਮਡਿਊਲ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨੂੰ ਹੈਂਡਲ ਕੀਤਾ ਹੈ, ਜਿਸ ਦਾ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਨੋਟਿਸ ਲਿਆ ਤੇ ਇਸ ਦਾਅਵੇ ਤੋਂ ਇਨਕਾਰ ਕੀਤਾ ਹੈ। ਬਰਤਾਨਵੀ ਰੱਖਿਆ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਇਸ ਨਾਂ ਦਾ ਕੋਈ ਵੀ ਸ਼ਖ਼ਸ ਬ੍ਰਿਟਿਸ਼ ਫੌਜ 'ਚ ਤਾਇਨਾਤ ਨਹੀਂ ਹੈ। ਭਾਰਤੀ ਫੌਜ ਵੱਲੋਂ ਵੀ ਉਨ੍ਹਾਂ ਤਕ ਅਜਿਹੇ ਕਿਸੇ ਸ਼ਖ਼ਸ ਨਹੀਂ ਪਹੁੰਚ ਨਹੀਂ ਕੀਤੀ ਗਈ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਕੈਨੇਡਾ ਵੱਲੋਂ ਐੱਲ.ਐੱਮ.ਆਈ.ਏ. ਆਧਾਰਿਤ ਜੌਬ ਆਫਰ ਦੇ 50 ਅੰਕ ਬੰਦ ਕਰਨ ਦਾ ਐਲਾਨ

**■ ਸਟੈਂਡਿੰਗ ਕਮੇਟੀ 'ਚ ਵਿਚਾਰਿਆ ਗਿਆ ਸੀ ਮਾਮਲਾ**

ਓਟਵਾ, (ਪੰਜਾਬ ਮੇਲ)-ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਐਕਸਪ੍ਰੈੱਸ ਐਂਟਰੀ ਵਿਚ ਐੱਲ.ਐੱਮ.ਆਈ.ਏ. ਆਧਾਰਿਤ ਜੌਬ ਆਫ਼ਰ ਦੇ 50 ਅੰਕ ਬੰਦ ਕਰਨ ਦਾ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਜਿਨ੍ਹਾਂ ਕਾਮਿਆਂ ਕੋਲ ਐੱਲ. ਐੱਮ. ਆਈ. ਏ. ਆਧਾਰਿਤ ਨੌਕਰੀ ਦੀ ਪੇਸ਼ਕਸ਼ ਹੁੰਦੀ ਹੈ, ਉਨ੍ਹਾਂ ਨੂੰ ਬਾਕੀਆਂ ਨਾਲੋਂ 50 ਅੰਕ ਵਧੇਰੇ ਮਿਲਦੇ ਹਨ। ਬਰੈਂਪਟਨ ਸੈਂਟਰ ਤੋਂ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਸ਼ਫ਼ਕਤ ਅਲੀ ਨੇ ਹਾਊਸ ਆਫ਼ ਕਾਮਨਜ਼ ਦੀ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਬਾਰੇ ਸਟੈਂਡਿੰਗ ਕਮੇਟੀ ਦੀ 25 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਅੰਕਾਂ ਦੇ ਮਾਮਲੇ ਨੂੰ ਚੁੱਕਿਆ ਸੀ।

ਕੈਨੇਡਾ ਵਿਚ 16 ਦਸੰਬਰ ਦੇ ਅੰਕੜਿਆਂ ਅਨੁਸਾਰ ਤਕਰੀਬਨ 63 ਹਜ਼ਾਰ ਦੇ ਕਰੀਬ ਅਜਿਹੇ ਬਿਨੈਕਾਰ ਹਨ, ਜਿਨ੍ਹਾਂ ਦੇ ਪੁਆਇੰਟ 451 ਤੋਂ 500 ਦੇ ਵਿਚਕਾਰ ਹਨ। ਇਸ ਦੌਰਾਨ ਕੈਨੇਡਾ ਸਰਕਾਰ ਵੱਲੋਂ ਫਲੈਗ ਪੋਲਿੰਗ ਬੰਦ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਸਰਕਾਰ ਦੇ ਇਸ ਐਲਾਨ ਨਾਲ ਇਮੀਗ੍ਰੇਸ਼ਨ ਅਰਜ਼ੀਆਂ ਉਪਰ ਵੀ ਅਸਰ ਪੈਣ ਦੀ ਸੰਭਾਵਨਾ ਹੈ। ਮੰਤਰੀ ਮਿੱਲਰ ਦਾ ਕਹਿਣਾ ਹੈ ਇਹ ਪ੍ਰਕਿਰਿਆ ਸਰਹੱਦ ਪਾਰ ਆਵਾਜਾਈ ਪ੍ਰਭਾਵਿਤ ਕਰਦੀ ਹੈ।

ਕੈਨੇਡਾ ਵਿਚ ਆਏ ਵਿਜ਼ਿਟਰ ਵਰਕ ਪਰਮਿਟ ਲੈਣ ਅਤੇ ਵਰਕ ਪਰਮਿਟ ਹੋਲਡਰ ਵਾਧੇ ਲਈ ਫਲੈਗ ਪੋਲਿੰਗ ਦੀ ਵਰਤੋਂ ਕਰਦੇ ਹਨ। ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਮੁਤਾਬਕ ਜਦੋਂ ਕੋਈ ਵਿਅਕਤੀ ਕੈਨੇਡਾ ਛੱਡ ਕੇ ਬਾਰਡਰ ਰਾਹੀਂ 24 ਘੰਟਿਆਂ ਦੇ ਅੰਦਰ-ਅੰਦਰ ਇਮੀਗ੍ਰੇਸ਼ਨ ਸੇਵਾਵਾਂ ਲਈ ਮੁੜ ਤੋਂ ਕੈਨੇਡਾ 'ਚ ਦਾਖ਼ਲ ਹੁੰਦਾ ਹੈ, ਤਾਂ ਇਸ ਤਹਿਤ ਵਿਜ਼ਿਟਰ ਸਰਹੱਦ 'ਤੇ ਫਲੈਗ ਪੋਲਿੰਗ ਵਿਧੀ ਰਾਹੀਂ ਵਰਕ ਪਰਮਿਟ ਦੀ ਅਰਜ਼ੀ ਦੇ ਸਕਦੇ ਹਨ। ਫਲੈਗ ਪੋਲਿੰਗ ਤਹਿਤ ਉਸੇ ਦਿਨ ਹੀ ਵਰਕ ਪਰਮਿਟ ਮਿਲ ਜਾਂਦਾ ਹੈ, ਜਦੋਂ ਕਿ ਆਨਲਾਈਨ ਬਹੁਤ ਸਮਾਂ ਉਡੀਕ ਕਰਨੀ ਪੈਂਦੀ ਸੀ।

ਬਹੁਤ ਸਾਰੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ 50 ਅੰਕ ਬੰਦ ਹੋਣ ਨਾਲ ਸਾਰਿਆਂ ਨੂੰ ਬਰਾਬਰ ਦਾ ਮੌਕਾ ਮਿਲੇਗਾ ਅਤੇ ਐਕਸਪ੍ਰੈੱਸ ਐਂਟਰੀ ਵਿਚ ਸਕੋਰ ਹੇਠਾਂ ਵੱਲ ਆਉਣਗੇ। ਐਕਸਪ੍ਰੈੱਸ ਐਂਟਰੀ ਇਕ ਅਜਿਹਾ ਪ੍ਰੋਗਰਾਮ ਹੈ, ਜਿਸ ਰਾਹੀਂ ਹੁਨਰਮੰਦ ਵਿਅਕਤੀ ਸਿੱਧੇ ਤੌਰ 'ਤੇ ਕੈਨੇਡਾ ਦੀ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰ ਸਕਦੇ ਹਨ। ਇਸ ਵਿਚ ਬਿਨੈਕਾਰਾਂ ਨੂੰ ਉਮਰ, ਪੜ੍ਹਾਈ, ਤਜ਼ਰਬੇ ਅਤੇ ਭਾਸ਼ਾ ਦੀ ਮੁਹਾਰਤ ਆਦਿ ਦੇ ਨੰਬਰ ਮਿਲਦੇ ਹਨ। ਕੈਨੇਡਾ 'ਚ ਪੜ੍ਹਾਈ ਕਰ ਚੁੱਕੇ ਵਿਦਿਆਰਥੀ ਅਤੇ ਕੱਚੇ ਕਾਮੇ ਵੀ ਇਸ ਪ੍ਰੋਗਰਾਮ ਤਹਿਤ ਪੀ.ਆਰ. ਲੈ ਸਕਦੇ ਹਨ। ਇਮੀਗ੍ਰੇਸ਼ਨ ਮਾਹਿਰਾਂ ਵੱਲੋਂ ਇਸ ਨੂੰ ਇਕ ਵਧੀਆ ਕਦਮ ਕਰਾਰ ਦਿੱਤਾ ਜਾ ਰਿਹਾ ਹੈ। ਅੰਕੜਿਆਂ ਮੁਤਾਬਕ ਅੰਤਰਰਾਸ਼ਟਰੀ ਵਿਦਿਆਰਥੀਆਂ, ਅਸਥਾਈ ਵਿਦੇਸ਼ੀ ਕਾਮਿਆਂ ਅਤੇ ਪਨਾਹ ਮੰਗਣ ਵਾਲਿਆਂ ਦੀ ਗਿਣਤੀ 2021 ਵਿਚ 13 ਲੱਖ ਤੋਂ ਵਧ ਕੇ ਇਸ ਸਾਲ ਦੀ ਦੂਜੀ ਤਿਮਾਹੀ ਵਿਚ ਲਗਭਗ 28 ਲੱਖ ਹੋ ਗਈ ਹੈ।



# ਝੂਠਾ ਪੁਲਿਸ ਮੁਕਾਬਲਾ: 32 ਸਾਲ ਬਾਅਦ ਮਿਲਿਆ ਪੀੜਤ ਪਰਿਵਾਰਾਂ ਨੂੰ ਇਨਸਾਫ਼

- ਸਾਬਕਾ ਐੱਸ.ਐੱਚ.ਓ. ਸਣੇ ਤਿੰਨ ਥਾਣੇਦਾਰਾਂ ਨੂੰ ਉਮਰ ਕੈਦ
- ਤਰਨ ਤਾਰਨ ਦੇ ਦੋ ਨੌਜਵਾਨਾਂ ਨੂੰ ਘਰੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦਾ ਸੀ ਦੋਸ਼


ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪੀੜਤ ਪਰਿਵਾਰ ਦੇ ਮੈਂਬਰ ਅਤੇ ਵਕੀਲ।

ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)- ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਕਰੀਬ 32 ਸਾਲ ਪੁਰਾਣੇ ਝੂਠੇ ਪੁਲੀਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਤਰਨ ਤਾਰਨ ਦੇ ਸਿਟੀ ਥਾਣੇ ਦੇ ਤਤਕਾਲੀ ਐੱਸ.ਐੱਚ.ਓ. ਗੁਰਬਚਨ ਸਿੰਘ, ਤਤਕਾਲੀ ਏ.ਐੱਸ.ਆਈ. ਰੇਸ਼ਮ ਸਿੰਘ ਅਤੇ ਸਾਬਕਾ ਥਾਣੇਦਾਰ ਹੰਸਰਾਜ ਸਿੰਘ ਨੂੰ ਦੋਸ਼ੀ ਮੰਨਦਿਆਂ ਧਾਰਾ 302 ਅਤੇ ਧਾਰਾ 120-ਬੀ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿਚ ਨਾਮਜ਼ਦ ਇੱਕ ਦੋਸ਼ੀ ਪੁਲਿਸ ਮੁਲਾਜ਼ਮ ਅਰਜੁਨ ਸਿੰਘ ਦੀ ਤਿੰਨ ਸਾਲ ਪਹਿਲਾਂ ਦਸੰਬਰ 2021 ਵਿਚ ਮੌਤ ਹੋ ਚੁੱਕੀ ਹੈ। ਦੋਸ਼ੀਆਂ 'ਤੇ ਤਰਨ ਤਾਰਨ ਦੇ ਦੋ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਅਤੇ ਲਾਸ਼ਾਂ ਨੂੰ ਲਾਵਾਰਸ ਦੱਸ ਕੇ ਖ਼ੁਦ ਹੀ ਸਸਕਾਰ ਕਰਨ ਦਾ ਦੋਸ਼ ਸੀ। ਦੱਸਣਯੋਗ ਹੈ ਕਿ ਮ੍ਰਿਤਕ ਨੌਜਵਾਨ ਜਗਦੀਪ ਸਿੰਘ ਮੱਖਣ ਪੰਜਾਬ ਪੁਲਿਸ ਵਿਚ ਸਿਪਾਹੀ ਅਤੇ ਗੁਰਨਾਮ ਸਿੰਘ ਪਾਲੀ ਐੱਸ.ਪੀ.ਓ. ਸੀ।

ਪੀੜਤ ਪਰਿਵਾਰ ਦੇ ਵਕੀਲਾਂ ਜਗਜੀਤ ਸਿੰਘ ਬਾਜਵਾ, ਸਰਬਜੀਤ ਸਿੰਘ ਵੇਰਕਾ ਅਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਦੋਸ਼ੀ ਥਾਣੇਦਾਰਾਂ ਨੂੰ ਧਾਰਾ 302, ਧਾਰਾ 120ਬੀ ਅਤੇ ਧਾਰਾ 218 ਤਹਿਤ ਉਮਰ ਕੈਦ ਤੇ ਸਵਾ ਦੋ ਲੱਖ ਰੁਪਏ ਜੁਰਮਾਨਾ, ਧਾਰਾ 364 ਤਹਿਤ ਸੱਤ ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਅਤੇ ਧਾਰਾ 343 ਤਹਿਤ ਦੋ ਸਾਲ ਦੀ ਕੈਦ ਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਜੇ ਦੋਸ਼ੀ ਜੁਰਮਾਨੇ ਦੀ ਰਾਸ਼ੀ ਜਮ੍ਹਾ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਨੂੰ ਤਿੰਨ ਸਾਲ ਹੋਰ ਵਾਧੂ ਸਜ਼ਾ ਭੁਗਤਣੀ ਪਵੇਗੀ।

ਪੀੜਤ ਪਰਿਵਾਰ ਦੇ ਵਕੀਲਾਂ ਨੇ ਦੱਸਿਆ ਕਿ ਜਗਦੀਪ ਸਿੰਘ ਉਰਫ਼ ਮੱਖਣ ਨੂੰ ਤਤਕਾਲੀ ਐੱਸ.ਐੱਚ.ਓ. ਗੁਰਬਚਨ ਸਿੰਘ ਦੀ ਅਗਵਾਈ ਵਾਲੀ ਟੀਮ ਨੇ 18 ਨਵੰਬਰ 1992 ਵਿਚ ਘਰੋਂ ਅਗਵਾ ਕਰ ਲਿਆ ਸੀ। ਅਗਵਾ ਕਰਨ ਤੋਂ ਪਹਿਲਾਂ ਪੁਲਿਸ ਨੇ ਘਰ ਵਿਚ ਗੋਲੀ ਚਲਾਈ ਅਤੇ ਗੋਲੀ ਵੱਜਣ ਕਾਰਨ ਮੱਖਣ ਦੀ ਸੱਸ ਸ਼ਿਵੰਦਰ ਕੌਰ ਦੀ ਮੌਤ ਹੋ ਗਈ ਸੀ।

ਇਸੇ ਤਰ੍ਹਾਂ ਉਕਤ ਪੁਲਿਸ ਟੀਮ ਨੇ ਤਿੰਨ ਦਿਨਾਂ ਬਾਅਦ 21 ਨਵੰਬਰ ਨੂੰ ਗੁਰਨਾਮ ਸਿੰਘ ਉਰਫ਼ ਪਾਲੀ ਨੂੰ ਵੀ ਘਰੋਂ ਚੁੱਕ ਲਿਆ ਸੀ। ਪਾਲੀ ਅਤੇ ਮੱਖਣ ਨੂੰ 30 ਨਵੰਬਰ 1992 ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਦੋਸ਼ੀ ਪੁਲਿਸ ਅਧਿਕਾਰੀਆਂ ਨੇ ਦੋਵੇਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਸਸਕਾਰ ਵੀ ਖ਼ੁਦ ਹੀ ਕਰ ਦਿੱਤਾ ਸੀ। ਸੁਪਰੀਮ ਕੋਰਟ ਦੇ ਦਖ਼ਲ ਮਗਰੋਂ ਮੁੱਢਲੀ ਜਾਂਚ ਤੋਂ ਬਾਅਦ ਸੀ.ਬੀ.ਆਈ. ਨੇ 27 ਫਰਵਰੀ 1997 ਨੂੰ ਸਾਬਕਾ ਐੱਸ.ਐੱਚ.ਓ. ਗੁਰਬਚਨ ਸਿੰਘ ਅਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ ਅਤੇ ਦੋਸ਼ੀਆਂ ਖ਼ਿਲਾਫ਼ ਚਾਰਜਸ਼ੀਟ ਪੇਸ਼ ਕੀਤੀ ਸੀ। ਇਸ ਮਾਮਲੇ ਤੋਂ ਉਦੋਂ ਪਰਦਾ ਉੱਠਿਆ, ਜਦੋਂ ਸੁਪਰੀਮ ਕੋਰਟ ਵੱਲੋਂ ਅਣਪਛਾਤੀਆਂ ਲਾਸ਼ਾਂ ਦੱਸ ਕੇ ਸਸਕਾਰ ਕਰਨ ਦੇ ਮਾਮਲੇ ਵਿਚ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਗਏ ਸਨ। ਮੁੱਢਲੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਕਿ ਸੀ.ਪੀ.ਓ. ਗੁਰਨਾਮ ਪਾਲੀ ਰਾਤ ਨੂੰ ਡਿਊਟੀ ਤੋਂ ਬਾਅਦ ਘਰ ਪਰਤਿਆ ਸੀ। ਸਿਪਾਹੀ ਜਗਦੀਪ ਮੱਖਣ ਜਲੰਧਰ ਵਿਚ ਤਾਇਨਾਤ ਸੀ।

## ਰੂਸ ਨੇ ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਸਥਾਈ ਮੈਂਬਰਸ਼ਿਪ ਲਈ ਆਪਣਾ ਸਮਰਥਨ ਦੁਹਰਾਇਆ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਦੇ ਦੋਸਤ ਰੂਸ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰਸ਼ਿਪ ਲਈ ਨਵੀਂ ਦਿੱਲੀ ਨੂੰ ਆਪਣਾ ਸਮਰਥਨ ਇੱਕ ਵਾਰ ਫਿਰ ਦੁਹਰਾਇਆ ਹੈ। ਭਾਰਤ ਅਤੇ ਰੂਸ ਨੇ ਮਾਸਕੋ ਵਿਚ ਸੰਯੁਕਤ ਰਾਸ਼ਟਰ ਨਾਲ ਸਬੰਧਤ ਮੁੱਦਿਆਂ ਉੱਤੇ ਛੇਵੇਂ ਦੌਰ ਦੀ ਗੱਲਬਾਤ ਕੀਤੀ। ਇਸ ਦੇ ਨਾਲ ਹੀ 19 ਅਤੇ 20 ਦਸੰਬਰ ਨੂੰ ਮਾਸਕੋ ਵਿਚ ਭਾਰਤ-ਰੂਸ ਜੁਆਇੰਟ ਵਰਕਿੰਗ ਗਰੁੱਪ ਦੀ ਮੀਟਿੰਗ ਹੋਈ ਸੀ, ਜਿਸ ਵਿਚ ਦੋਵਾਂ ਦੇਸ਼ਾਂ ਨੇ ਅੱਤਵਾਦ ਫੰਡਿੰਗ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਸਾਂਝੇ ਯਤਨਾਂ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ। ਮੀਟਿੰਗ ਵਿਚ ਅੱਤਵਾਦ ਦੇ ਖਤਰੇ ਨਾਲ ਨਜਿੱਠਣ ਲਈ ਸਹਿਯੋਗ ਨੂੰ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅੱਤਵਾਦ ਦੇ ਖਿਲਾਫ 13ਵੇਂ ਸੰਯੁਕਤ ਕਾਰਜ ਸਮੂਹ (ਜੇ.ਡਬਲਯੂ.ਜੀ.) ਦੀ ਬੈਠਕ 'ਚ ਦੋਹਾਂ ਪੱਖਾਂ ਨੇ ਸਰਹੱਦ ਪਾਰ ਅੱਤਵਾਦ ਅਤੇ ਕੱਟੜਵਾਦ ਸਮੇਤ ਅੱਤਵਾਦ ਦਾ ਮੁਕਾਬਲਾ ਕਰਨ 'ਚ ਆਪਣੇ ਅਨੁਭਵ ਸਾਂਝੇ ਕੀਤੇ। ਬਿਆਨ ਵਿਚ ਕਿਹਾ ਗਿਆ ਹੈ ਕਿ ਗਲੋਬਲ ਅਤੇ ਖੇਤਰੀ ਪੱਧਰ 'ਤੇ ਮੌਜੂਦਾ ਅੱਤਵਾਦੀ ਖਤਰਿਆਂ ਅਤੇ ਅੱਤਵਾਦੀ ਉਦੇਸ਼ਾਂ ਲਈ ਨਵੀਂ ਅਤੇ ਉੱਭਰ ਰਹੀ ਤਕਨਾਲੋਜੀ ਦੀ ਵਰਤੋਂ 'ਤੇ ਚਰਚਾ ਕੀਤੀ।

# ਟਰੂਡੋ ਸਰਕਾਰ ਨੇ ਪੀ.ਆਰ. ਲਈ ਮੰਗੀਆਂ ਅਰਜ਼ੀਆਂ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਸੈਟਲ ਹੋਣ ਦੇ ਚਾਹਵਾਨ ਵਿਦੇਸ਼ੀਆਂ ਖ਼ਾਸ ਕਰ ਕੇ ਭਾਰਤੀਆਂ ਲਈ ਚੰਗੀ ਖ਼ਬਰ ਹੈ। ਦਰਅਸਲ ਕੈਨੇਡੀਅਨ ਸਰਕਾਰ ਨੇ ਆਪਣੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (ਪੀ.ਐੱਨ.ਪੀ.) ਦੇ ਤਹਿਤ ਵਿਦੇਸ਼ੀ ਨਾਗਰਿਕਾਂ ਲਈ ਸਥਾਈ ਨਿਵਾਸ ਪ੍ਰਾਪਤ ਕਰਨ ਦੇ ਮੌਕੇ ਖੋਲ੍ਹ ਦਿੱਤੇ ਹਨ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਸੋਮਵਾਰ 16 ਦਸੰਬਰ ਨੂੰ ਐਕਸਪ੍ਰੈਸ ਐਂਟਰੀ ਸਿਸਟਮ ਰਾਹੀਂ 1,085 ਵਿਅਕਤੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਸੱਦਾ ਦਿੱਤਾ ਹੈ। ਇਸ ਤੋਂ ਪਹਿਲਾਂ 2 ਦਸੰਬਰ ਨੂੰ ਵੀ ਇਸੇ ਪ੍ਰੋਗਰਾਮ ਤਹਿਤ 676 ਲੋਕਾਂ ਨੂੰ ਸੱਦਾ ਦਿੱਤਾ ਗਿਆ ਸੀ।

ਇਕ ਮੀਡੀਆ ਰਿਪੋਰਟ ਮੁਤਾਬਕ ਕੈਨੇਡਾ ਵਿੱਚ ਸੈਟਲ ਹੋਣ ਦੇ ਚਾਹਵਾਨ ਵਿਦੇਸ਼ੀ ਨਾਗਰਿਕ ਪੀ.ਐੱਨ.ਪੀ. ਰਾਹੀਂ ਸਥਾਈ ਨਿਵਾਸੀ ਦਾ ਦਰਜਾ ਹਾਸਲ ਕਰ ਸਕਦੇ ਹਨ। ਇਹ ਪ੍ਰੋਗਰਾਮ ਵਿਅਕਤੀਆਂ ਨੂੰ ਕਿਸੇ ਖਾਸ ਸੂਬੇ ਜਾਂ ਖੇਤਰ ਵਿੱਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਪੀ.ਐੱਨ.ਪੀ. ਉਨ੍ਹਾਂ ਕਾਮਿਆਂ ਲਈ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਕੋਲ ਸੂਬੇ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਣ ਲਈ ਲੋੜੀਂਦੇ ਹੁਨਰ, ਸਿੱਖਿਆ ਅਤੇ ਕੰਮ ਦਾ ਤਜਰਬਾ ਹੈ। ਹਰੇਕ ਪ੍ਰਾਂਤ ਅਤੇ ਖੇਤਰ ਦੇ ਆਪਣੇ ਵੱਖ ਇਮੀਗ੍ਰੇਸ਼ਨ ਪ੍ਰੋਗਰਾਮ ਹੁੰਦੇ ਹਨ, ਜੋ ਵਿਦਿਆਰਥੀਆਂ, ਉੱਦਮੀਆਂ ਅਤੇ ਹੁਨਰਮੰਦ ਕਾਮਿਆਂ ਵਿਸ਼ੇਸ਼ ਸਮੂਹਾਂ ਲਈ ਤਿਆਰ ਕੀਤੇ ਗਏ ਹਨ।

ਐਕਸਪ੍ਰੈਸ ਐਂਟਰੀ ਸਿਸਟਮ ਕੈਨੇਡਾ ਵਿੱਚ ਸਥਾਈ ਨਿਵਾਸ ਦੀ ਮੰਗ ਕਰਨ ਵਾਲੇ ਹੁਨਰਮੰਦ ਪ੍ਰਵਾਸੀਆਂ ਲਈ ਹੈ। ਇਹ ਪ੍ਰੋਗਰਾਮ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੁਆਰਾ ਚਲਾਇਆ ਜਾਂਦਾ ਹੈ। ਇਸ ਵਿੱਚ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ, ਕੈਨੇਡੀਅਨ ਐਕਸਪੀਰੀਅੰਸ ਕਲਾਸ, ਫੈਡਰਲ ਸਕਿਲਡ ਟਰੇਡ ਪ੍ਰੋਗਰਾਮ ਅਤੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (ਪੀ.ਐੱਨ.ਪੀ.) ਸ਼ਾਮਲ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਦੁਬਈ ਦੇ ਵੱਡੇ ਦਿਲ ਵਾਲੇ ਸਰਦਾਰ ਨੇ ਮੁੜ ਵਿਖਾਈ ਫਰਾਖ਼ਦਿਲੀ

**ਅੰਮ੍ਰਿਤਸਰ, (ਪੰਜਾਬ ਮੇਲ)-** ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਤੇ ਖੁੱਲ੍ਹਦਿਲੀ ਕਾਰਨ ਪੂਰੀ ਦੁਨੀਆਂ ਅੰਦਰ ਵੱਖਰੀ ਪਛਾਣ ਬਣਾਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਉਬਰਾਏ ਵੱਲੋਂ ਅੱਗੇ ਆ ਕੇ ਪਿਛਲੇ ਦਿਨੀਂ ਜਾਰਜੀਆ 'ਚ ਹੋਏ ਇੱਕ ਦਰਦਨਾਕ ਹਾਦਸੇ 'ਚ ਮਾਰੇ ਗਏ 12 ਲੋਕਾਂ 'ਚ ਸ਼ਾਮਲ 11 ਪੰਜਾਬੀ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ।

- **ਜਾਰਜੀਆ ਹਾਦਸੇ 'ਚ ਮਰਨ ਵਾਲਿਆਂ ਦੇ ਪਰਿਵਾਰਾਂ ਦੀ ਔਖੇ ਸਮੇਂ ਫੜੀ ਬਾਂਹ**
- **ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰਾਂਗੇ : ਡਾ. ਉਬਰਾਏ**

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਉੱਘੇ ਸਮਾਜ ਸੇਵੀ ਡਾ. ਐੱਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ ਲਗਾਤਾਰ ਸੰਪਰਕ 'ਚ ਰਹਿ ਕੇ ਜਾਰਜੀਆ ਹਾਦਸੇ ਵਿਚ ਜਾਨ ਗਵਾਉਣ ਵਾਲੇ ਪੰਜਾਬੀਆਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਉਣ ਸਬੰਧੀ ਸਮੁੱਚੀ ਜਾਣਕਾਰੀ ਲਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਜਾਣਕਾਰੀ ਮੁਤਾਬਿਕ ਸਬੰਧਿਤ ਮੰਤਰਾਲੇ ਵੱਲੋਂ ਜਲਦ ਹੀ ਉਕਤ ਮ੍ਰਿਤਕ ਸਰੀਰ ਭਾਰਤ ਲਿਆਂਦੇ ਜਾ ਰਹੇ ਹਨ।


ਡਾ. ਐੱਸ.ਪੀ. ਸਿੰਘ ਓਬਰਾਏ।

ਉਨ੍ਹਾਂ ਕਿਹਾ ਕਿ ਜੇਕਰ ਫ਼ਿਰ ਵੀ ਮਿਤ੍ਰਕ ਸਰੀਰ ਲਿਆਉਣ ਵਿਚ ਕੋਈ ਦਿੱਕਤ ਆਉਂਦੀ ਹੈ, ਤਾਂ ਉਹ ਇਸ ਸਬੰਧੀ ਵੀ ਆਪਣੀਆਂ ਸੇਵਾਵਾਂ ਦੇਣ ਨੂੰ ਤਿਆਰ ਹਨ।

ਡਾ. ਐੱਸ.ਪੀ. ਸਿੰਘ ਉਬਰਾਏ ਨੇ ਇੱਥੇ ਇਹ ਵੀ ਦੱਸਿਆ ਕਿ ਉਨ੍ਹਾਂ ਆਪਣੀਆਂ ਜ਼ਿਲ੍ਹਾ ਟੀਮਾਂ ਰਾਹੀਂ ਜਾਰਜੀਆ ਹਾਦਸੇ ਦੇ ਪੀੜ੍ਹਤ ਪਰਿਵਾਰਾਂ ਨਾਲ ਰਾਬਤਾ ਕਰਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਉਨ੍ਹਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਜਿਥੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਗਿਆ ਹੈ, ਉੱਥੇ ਹੀ ਟੀਮਾਂ ਵੱਲੋਂ ਪੀੜ੍ਹਤ ਪਰਿਵਾਰਾਂ ਦੀ ਆਰਥਿਕ ਸਥਿਤੀ ਬਾਰੇ ਸਾਰੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ, ਤਾਂ ਜੋ ਪੀੜ੍ਹਤ ਪਰਿਵਾਰਾਂ ਦੀ ਆਰਥਿਕ ਸਥਿਤੀ ਮੁਤਾਬਕ ਉਨ੍ਹਾਂ ਲਈ ਢੁੱਕਵੀਂ ਮਹੀਨੇਵਾਰ ਪੈਨਸ਼ਨ ਤੋਂ ਇਲਾਵਾ ਉਨ੍ਹਾਂ ਦੇ ਖਸਤਾ ਹਾਲ ਘਰਾਂ ਨੂੰ ਨਵੇਂ ਬਣਾਉਣ ਜਾਂ ਮੁਰੰਮਤ ਆਦਿ ਕਰਨ ਲਈ ਮਦਦ ਕੀਤੀ ਜਾਵੇਗੀ।

# ਆਜ਼ਾਦੀ ਘੁਲਾਟੀਏ ਅਤੇ ਜਵਾਈ ਨੂੰ 'ਗਾਇਬ' ਕਰਨ ਦੇ 32 ਸਾਲ ਪੁਰਾਣੇ ਕੇਸ 'ਚ ਸਾਬਕਾ ਐੱਸ. ਐੱਚ. ਓ. ਦੋਸ਼ੀ ਕਰਾਰ


ਬੀਬੀ ਸੁਖਵੰਤ ਕੌਰ ਆਪਣੇ ਪਤੀ ਅਤੇ ਪਿਤਾ ਦੀਆਂ ਫੋਟੋਆਂ ਨਾਲ।

**ਐੱਸ.ਏ.ਐੱਸ. ਨਗਰ (ਮੋਹਾਲੀ), (ਪੰਜਾਬ ਮੇਲ)-** ਇਥੋਂ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 32 ਸਾਲ ਪੁਰਾਣੇ ਅਗਵਾ, ਗ਼ੈਰ-ਕਾਨੂੰਨੀ ਹਿਰਾਸਤ ਅਤੇ ਲਾਪਤਾ ਕਰਨ ਦੇ ਮਾਮਲੇ 'ਚ ਥਾਣਾ ਸਰਹਾਲੀ (ਤਰਨ ਤਾਰਨ) ਦੇ ਤਤਕਾਲੀ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਨੂੰ ਧਾਰਾ 120-ਬੀ, 342, 364, 365 ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਉਸ ਨੂੰ 23 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਜੇਲ੍ਹ ਵਿਚ ਬੰਦ ਸੁਰਿੰਦਰਪਾਲ ਸਿੰਘ ਨੇ ਵੀਡੀਓ ਕਾਨਫ਼ਰੰਸ ਰਾਹੀਂ ਅਦਾਲਤ ਵਿਚ ਪੇਸ਼ੀ ਭੁਗਤੀ। ਸਾਬਕਾ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ 'ਤੇ ਸੁਤੰਤਰਤਾ ਸੈਨਾਨੀ ਸੁਲੱਖਣ ਸਿੰਘ ਵਾਸੀ ਭਨਕਾ ਅਤੇ ਉਸ ਦੇ ਜਵਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੋਪੋਕੇ (ਤਰਨ ਤਾਰਨ) ਦੇ ਵਾਈਸ ਪ੍ਰਿੰਸੀਪਲ ਸੁਖਦੇਵ ਸਿੰਘ ਨੂੰ 31 ਅਕਤੂਬਰ 1990 ਨੂੰ ਨਾਜਾਇਜ਼ ਹਿਰਾਸਤ 'ਚ ਲੈਣ ਦਾ ਦੋਸ਼ ਹੈ। ਸੁਲੱਖਣ ਸਿੰਘ ਆਜ਼ਾਦੀ ਲਹਿਰ ਦੌਰਾਨ ਬਾਬਾ ਸੋਹਣ ਸਿੰਘ ਭਕਨਾ ਦੇ ਨਜ਼ਦੀਕੀ ਸਾਥੀਆਂ 'ਚੋਂ ਇਕ ਸਨ। ਪੀੜਤ ਪਰਿਵਾਰ ਦੇ ਵਕੀਲਾਂ ਜਗਜੀਤ ਸਿੰਘ ਬਾਜਵਾ, ਸਰਬਜੀਤ ਸਿੰਘ ਵੇਰਕਾ ਅਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਜਿਸ ਥਾਣੇਦਾਰ ਏ.ਐੱਸ.ਆਈ. ਅਵਤਾਰ ਸਿੰਘ ਨੇ ਦੋਵਾਂ ਨੂੰ ਚੁੱਕਿਆ ਸੀ, ਉਸ ਨੇ ਪੀੜਤ ਪਰਿਵਾਰ ਨੂੰ ਇਹ ਦੱਸਿਆ ਸੀ ਕਿ ਸੁਲੱਖਣ ਸਿੰਘ ਅਤੇ ਸੁਖਦੇਵ ਸਿੰਘ ਨੂੰ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਨੇ ਪੁੱਛ-ਪੜਤਾਲ ਲਈ ਸੱਦਿਆ ਹੈ। ਬਾਅਦ ਵਿਚ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਾ। ਸਾਲ 2003 'ਚ ਕੁਝ ਪੁਲਿਸ ਮੁਲਾਜ਼ਮਾਂ ਨੇ ਵਾਈਸ ਪ੍ਰਿੰਸੀਪਲ ਸੁਖਦੇਵ ਸਿੰਘ ਦੀ ਪਤਨੀ ਸੁਖਵੰਤ ਕੌਰ ਨਾਲ ਸੰਪਰਕ ਕਰਕੇ ਉਸ ਦੇ ਖਾਲੀ ਦਸਤਾਵੇਜ਼ਾਂ 'ਤੇ ਦਸਖ਼ਤ ਕਰਵਾ ਲਏ ਅਤੇ ਕੁਝ ਦਿਨਾਂ ਬਾਅਦ ਉਸ ਨੂੰ ਸੁਖਦੇਵ ਸਿੰਘ ਦਾ ਮੌਤ ਦਾ ਸਰਟੀਫਿਕੇਟ ਸੌਂਪ ਦਿੱਤਾ, ਜਿਸ ਵਿਚ 8 ਜੁਲਾਈ 1993 ਨੂੰ ਉਸ ਦੀ ਮੌਤ ਦਾ ਜ਼ਿਕਰ ਕੀਤਾ ਗਿਆ ਸੀ।

# ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਲਈ ਕਮੇਟੀ ਕਾਇਮ


ਇਕੱਤਰਤਾ ਦੌਰਾਨ ਹਾਜ਼ਰ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਹੋਰ।

**ਦੋਰਾਹਾ, (ਪੰਜਾਬ ਮੇਲ)-** ਇਥੋਂ ਦੇ ਨੇੜਲੇ ਇਤਿਹਾਸਕ ਅਸਥਾਨ ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ।

ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਵਾਸੀ ਮੁਕਤਸਰ ਸਾਹਿਬ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਸ਼ਿਕਾਇਤ ਕਰ ਕੇ ਜਥੇਦਾਰ 'ਤੇ ਗੰਭੀਰ ਦੋਸ਼ ਲਾਏ ਸਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਵੱਲੋਂ ਚਰਚਾ ਉਪਰੰਤ ਫੈਸਲਾ ਲਿਆ ਗਿਆ ਕਿ ਸਿੰਘ ਸਾਹਿਬ ਦੇ ਅਹੁਦੇ ਦੇ ਮਾਣ-ਸਨਮਾਨ ਨੂੰ ਮੁੱਖ ਰੱਖਦਿਆਂ ਲੱਗੇ ਇਲਜ਼ਾਮਾਂ ਦੀ ਪੜਤਾਲ ਜ਼ਰੂਰੀ ਹੈ। ਇਸ ਦੌਰਾਨ ਇਕ ਮਤੇ ਰਾਹੀਂ ਪੜਤਾਲ ਲਈ ਸਬ-ਕਮੇਟੀ ਕਾਇਮ ਕੀਤੀ ਗਈ। ਇਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਨੂੰ ਸ਼ਾਮਲ ਕੀਤਾ ਗਿਆ। ਇਹ ਕਮੇਟੀ 15 ਦਿਨਾਂ 'ਚ ਪੜਤਾਲ ਮੁਕੰਮਲ ਕਰ ਕੇ ਆਪਣੀ ਰਿਪੋਰਟ ਪੇਸ਼ ਕਰੇਗੀ। ਇਹ ਵੀ ਫ਼ੈਸਲਾ ਹੋਇਆ ਕਿ ਪੜਤਾਲ ਦੀ ਰਿਪੋਰਟ 'ਤੇ ਫ਼ੈਸਲੇ ਤੱਕ ਤਖ਼ਤ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਨਿਭਾਉਣਗੇ।

- **ਕਮੇਟੀ 15 ਦਿਨਾਂ 'ਚ ਦੇਵੇਗੀ ਰਿਪੋਰਟ**



# ਜਨਵਰੀ 'ਚ ਟਰੂਡੋ ਸਰਕਾਰ ਹੋ ਸਕਦੀ ਹੈ ਸੱਤਾ ਤੋਂ ਲਾਂਭੇ !

**■ ਜਗਮੀਤ ਸਿੰਘ ਵੱਲੋਂ ਆਉਣ ਵਾਲੇ ਸੰਸਦੀ ਸੈਸ਼ਨ ਦੇ ਪਹਿਲੇ ਦਿਨ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਲਿਆਉਣ ਦੀ ਤਿਆਰੀ**



**ਵੈਨਕੂਵਰ/ਵਿਨੀਪੈਗ, (ਪੰਜਾਬ ਮੇਲ)**- ਕੈਨੇਡਾ ਵਿੱਚ ਕਰੀਬ ਤਿੰਨ ਸਾਲਾਂ ਤੋਂ ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਬਾਹਰੀ ਸਮਰਥਨ ਨਾਲ ਚੱਲ ਰਹੀ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਦੀ ਸਰਕਾਰ ਨੂੰ ਆਉਂਦੀ 27 ਜਨਵਰੀ ਨੂੰ ਸਤਾ ਤੋਂ ਪਾਸੇ ਹੋਣਾ ਪੈ ਸਕਦਾ ਹੈ। ਕਿਉਂਕਿ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਐਲਾਨ ਕੀਤਾ ਕਿ ਉਹ ਆਉਣ ਵਾਲੇ ਸੰਸਦੀ ਸੈਸ਼ਨ ਦੇ ਪਹਿਲੇ ਦਿਨ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਲਿਆਉਣਗੇ।

ਹਾਲਾਂਕਿ ਬੀਤੇ ਦੋ ਮਹੀਨਿਆਂ ਦੌਰਾਨ ਮੁੱਖ ਵਿਰੋਧੀ ਪਾਰਟੀ ਦੇ ਆਗੂ ਪੀਅਰ ਪੋਲੀਏਵਰ ਵਲੋਂ ਲਿਆਂਦੇ ਤਿੰਨ ਬੇਭਰੋਸਗੀ ਮਤਿਆਂ ਮੌਕੇ ਇਹੀ ਪਾਰਟੀ (ਐੱਨ.ਡੀ.ਪੀ.) ਸਰਕਾਰ ਦਾ ਸਾਥ ਦੇ ਕੇ ਉਸਦਾ ਬਚਾਅ ਕਰਦੀ ਰਹੀ ਹੈ। ਜਗਮੀਤ ਸਿੰਘ ਵਲੋਂ ਖ਼ੁਦ ਬੇਭਰੋਸਗੀ ਮਤਾ ਲਿਆਉਂਣ ਦੇ ਬਿਆਨ ਤੋਂ ਬਾਅਦ ਸਿਆਸੀ ਸੂਝ ਰੱਖਦੇ ਲੋਕਾਂ ਦੋਹਾਂ ਪਾਰਟੀਆਂ ਦੇ ਤੋੜ-ਵਿਛੋੜੇ ਦੇ ਕਿਆਸ ਲਾਏ ਜਾ ਰਹੇ ਹਨ।

ਦੱਸਣਯੋਗ ਹੈ ਕਿ ਟੋਰੀ ਪਾਰਟੀ ਬੇਭਰੋਸਗੀ ਮਤਾ ਲਿਆ ਨਹੀਂ ਸਕਦੀ, ਕਿਉਂਕਿ ਉਸਦੇ ਆਗੂ ਨੇ ਤਿੰਨ ਵਾਰ ਬੇਭਰੋਸਗੀ ਮਤੇ ਪੇਸ਼ ਕਰਕੇ ਆਪਣੇ ਮੌਕੇ ਗਵਾ ਲਏ ਹਨ। ਤਿੰਨਾਂ ਮਤਿਆਂ ਮੌਕੇ ਉਨ੍ਹਾਂ ਨੂੰ ਕਿਸੇ ਹੋਰ ਪਾਰਟੀ ਦਾ ਸਮਰਥਨ ਨਾ ਮਿਲਣ ਕਰਕੇ ਮਤੇ ਫੇਲ ਹੁੰਦੇ ਰਹੇ।

ਜਗਮੀਤ ਸਿੰਘ ਵੱਲੋਂ ਹਾਲ ਹੀ ਵਿਚ ਜਾਰੀ ਬਿਆਨ ਵਿਚ ਕਿਹਾ ਹੈ ਕਿ ਬੇਸ਼ੱਕ ਸੰਸਦ ਦਾ ਅਗਲਾ ਸੈਸ਼ਨ 27 ਜਨਵਰੀ ਨੂੰ ਸ਼ੁਰੂ ਹੋਣਾ ਹੈ, ਪਰ ਉਹ ਗਵਰਨਰ ਜਨਰਲ ਮੈਡਮ ਮੈਰੀ ਸਾਈਮਨ ਨੂੰ ਬੇਨਤੀ ਕਰਨਗੇ ਕਿ ਦੇਸ਼ ਦੀ ਰਾਜਨੀਤਿਕ ਸਥਿਤੀ ਨੂੰ ਸਮਝਦਿਆਂ ਸਪੀਕਰ ਨੂੰ ਹਦਾਇਤ ਕਰਨ ਕਿ ਸੈਸ਼ਨ ਤੁਰੰਤ ਸੱਦਿਆ ਜਾਏ।

ਪਾਰਟੀ ਆਗੂ ਨੇ ਲੰਘੇ ਸਾਲਾਂ ਵਿੱਚ ਸਿਹਤ ਸੰਭਾਲ ਸੁਧਾਰਾਂ ਵਿੱਚ ਬਦਲਾਵਾਂ ਲਈ ਸਰਕਾਰ ਉੱਤੇ ਬਣਾਏ ਦਬਾਅ ਦਾ ਜਿਕਰ ਕਰਦਿਆਂ ਕੰਜਰਵੇਟਿਵ ਪਾਰਟੀ ਨੂੰ ਨਿਸ਼ਾਨੇ ਤੇ ਲਿਆ ਅਤੇ ਉਸ ਵਲੋਂ ਸੇਵਾਵਾਂ ਖਤਮ ਕਰਨ ਦਾ ਤੌਖਲਾ ਵੀ ਪ੍ਰਗਟਾਇਆ ਹੈ। ਜਗਮੀਤ ਸਿੰਘ ਦੇ ਬਿਆਨ ਤੋਂ ਬਾਅਦ ਦੇਸ਼ ਦੇ ਸਿਆਸੀ ਹਲਕਿਆਂ ਵਿੱਚ ਹਲਚਲ ਤੇਜ਼ ਹੋ ਗਈ ਹੈ। ਦੂਜੇ ਪਾਸੇ ਪੀਅਰ ਪੋਲੀਏਵਰ ਨੇ ਤਾਂ ਗਵਰਨਰ ਜਨਰਲ ਤੋਂ ਮਿਲਣ ਦਾ ਸਮਾਂ ਵੀ ਮੰਗ ਲਿਆ ਹੈ ਤਾਂ ਕਿ ਉਹ ਸੰਸਦ ਸੈਸ਼ਨ ਤੁਰੰਤ ਸੱਦਣ ਦੀ ਬੇਨਤੀ ਕਰ ਸਕਣ।

ਇਸੇ ਹਲਚਲ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀ ਮੰਡਲ ਦਾ ਫੇਰਬਦਲ ਕਰਦਿਆਂ ਉਸ ਵਿਚ ਵਾਧਾ ਕੀਤਾ ਹੈ। 8 ਸਾਂਸਦਾਂ ਨੂੰ ਪਹਿਲੀ ਵਾਰ ਵਜਾਰਤ ਵਿੱਚ ਸ਼ਾਮਲ ਕੀਤਾ ਹੈ, ਜਿੰਨਾਂ ਵਿੱਚ ਪੰਜਾਬਣ ਬੀਬੀ ਰੂਬੀ ਸਹੋਤਾ ਵੀ ਸ਼ਾਮਲ ਹੈ। ਟਰਾਂਸਪੋਰਟ ਮੰਤਰੀ ਅਨੀਤਾ ਅਨੰਦ ਤੋਂ ਖਜਾਨਾ ਬੋਰਡ ਦੀ ਪ੍ਰਧਾਨਗੀ ਵਾਪਸ ਲੈਕੇ ਅੰਤਰਾਸ਼ਟਰੀ ਵਪਾਰ ਵੇਖਣ ਦੀ ਜਿੰਮੇਵਾਰੀ ਵੀ ਸੌਂਪੀ ਗਈ ਹੈ।

ਜਗਮੀਤ ਸਿੰਘ ਦੇ ਇਸ ਬਿਆਨ 'ਤੇ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਏਵਰ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਹੁਣ ਜਦੋਂ ਪਾਰਲੀਮੈਂਟ ਬੰਦ ਹੈ ਅਤੇ ਮਹੀਨਿਆਂ ਤੱਕ ਕੋਈ ਵੀ ਪ੍ਰਸਤਾਵ ਪੇਸ਼ ਕਰਨ ਦਾ ਮੌਕਾ ਨਹੀਂ ਹੈ, ਉਸ ਸਮੇਂ ਜਗਮੀਤ ਸਿੰਘ ਨੇ ਇਹ ਐਲਾਨ ਕੀਤਾ। ਪੀਅਰ ਪੋਲੀਏਵ ਨੇ ਕਿਹਾ ਕਿ ਜਦੋਂ ਤੱਕ ਜਗਮੀਤ ਸਿੰਘ ਆਪਣੀ ਪੈਨਸ਼ਨ ਪ੍ਰਾਪਤ ਨਹੀਂ ਕਰ ਲੈਂਦਾ ਉਦੋਂ ਤੱਕ ਉਹ ਟਰੂਡੋ ਦਾ ਸਾਥ ਦੇਵੇਗਾ।

ਪੋਲੀਏਵਰ ਦਾ ਕਹਿਣਾ ਹੈ ਕਿ ਜਗਮੀਤ ਸਿੰਘ ਨੇ ਸਤੰਬਰ 'ਚ ਉਹੀ ਸਟੰਟ ਕੀਤਾ ਸੀ। ਉਸਨੇ ਦਾਅਵਾ ਕੀਤਾ ਸੀ ਕਿ ਉਹ ਹੁਣ ਟਰੂਡੋ ਨੂੰ ਅੱਗੇ ਨਹੀਂ ਵਧਾਏਗਾ ਪਰ ਉਸਨੇ ਆਪਣੇ ਬੌਸ ਟਰੂਡੋ ਲਈ 8 ਵਾਰ ਵੋਟ ਪਾਈ। ਸਿਰਫ਼ 11 ਦਿਨ ਪਹਿਲਾਂ ਜਗਮੀਤ ਸਿੰਘ ਨੇ ਆਪਣੇ ਸ਼ਬਦਾਂ ਨਾਲ ਭਰੇ ਅਵਿਸ਼ਵਾਸ ਪ੍ਰਸਤਾਵ ਦੇ ਵਿਰੁੱਧ ਵੋਟ ਦਿੱਤੀ ਸੀ।

ਦੱਸ ਦੇਈਏ ਕਿ ਹਾਊਸ ਆਫ਼ ਕਾਮਨਜ਼ ਇਸ ਵੇਲੇ ਛੇ ਹਫ਼ਤਿਆਂ ਦੀ ਛੁੱਟੀ 'ਤੇ ਹੈ ਅਤੇ 27 ਜਨਵਰੀ ਤੱਕ ਮੁੜ ਸ਼ੁਰੂ ਹੋਣ ਲਈ ਨਿਯਤ ਨਹੀਂ ਹੈ। ਅਗਲੀ ਨਿਸ਼ਚਿਤ ਚੋਣ ਮਿਤੀ 20 ਅਕਤੂਬਰ 2025 ਹੈ।

ਕੰਜ਼ਰਵੇਟਿਵ ਨੇਤਾ ਪੀਅਰ ਪੋਲੀਏਵਰ ਨੇ ਗਵਰਨਰ ਜਨਰਲ ਮੈਰੀ ਸਾਈਮਨ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਸੂਚਿਤ ਕਰਨ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਕਿ ਉਨ੍ਹਾਂ ਨੂੰ ਹਾਊਸ ਆਫ਼ ਕਾਮਨਜ਼ ਨੂੰ ਵਾਪਸ ਬੁਲਾਉਣਾ ਚਾਹੀਦਾ ਹੈ ਤਾਂ ਜੋ ਬੇਭਰੋਸਗੀ ਲਈ ਵੋਟਿੰਗ ਕਰਵਾਈ ਜਾ ਸਕੇ।

# ਲਿਬਰਲ ਸੰਸਦ ਮੈਂਬਰਾਂ ਵੱਲੋਂ ਵੀ ਟਰੂਡੋ 'ਤੇ ਅਸਤੀਫਾ ਦੇਣ ਦਾ ਦਬਾਅ



**ਵੈਨਕੂਵਰ, (ਪੰਜਾਬ ਮੇਲ)**- ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਜਗਮੀਤ ਸਿੰਘ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਦਿੱਤੀ ਬਾਹਰੀ ਹਮਾਇਤ ਵਾਪਸ ਲੈਣ ਅਤੇ ਉਸ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਦੇ ਐਲਾਨ ਤੋਂ ਬਾਅਦ ਲਿਬਰਲ ਸੰਸਦ ਮੈਂਬਰਾਂ ਵੱਲੋਂ ਵੀ ਟਰੂਡੋ 'ਤੇ ਅਸਤੀਫਾ ਦੇਣ ਦਾ ਦਬਾਅ ਪਾਇਆ ਜਾਣ ਲੱਗਾ ਹੈ। ਬੇਸ਼ੱਕ ਇਸ ਸਬੰਧੀ ਸੂਚੀ ਜਨਤਕ ਨਹੀਂ ਕੀਤੀ ਗਈ ਪਰ ਸੂਤਰਾਂ ਅਨੁਸਾਰ 152 ਲਿਬਰਲ ਸੰਸਦ ਮੈਂਬਰਾਂ 'ਚੋਂ ਹੁਣ ਤੱਕ ਇਸ ਸਬੰਧੀ ਮੰਗ ਪੱਤਰ 'ਤੇ 45 ਸੰਸਦ ਮੈਂਬਰਾਂ ਨੇ ਸਹੀ ਪਾ ਦਿੱਤੀ ਹੈ। ਸਮਝਿਆ ਜਾ ਰਿਹਾ ਹੈ ਕਿ ਟਰੂਡੋ ਨਾਲ ਤੋੜ-ਵਿਛੋੜੇ ਦਾ ਸਖ਼ਤ ਸਟੈਂਡ ਲੈ ਕੇ ਜਗਮੀਤ ਸਿੰਘ ਨੇ ਜਿੱਥੇ ਦੇਸ਼ ਵਿਚ ਮੱਧਕਾਲੀ ਚੋਣਾਂ ਦੀ ਸੰਭਾਵਨਾ ਵਧਾ ਦਿੱਤੀ ਹੈ, ਉਸ ਦੇ ਨਾਲ ਹੀ ਪਾਰਟੀ ਵਿਚਲੀ ਆਪਣੀ ਡਾਵਾਂਡੋਲ ਸਥਿਤੀ ਵੀ ਮਜ਼ਬੂਤ ਕਰ ਲਈ ਹੈ। ਜਗਮੀਤ ਸਿੰਘ ਵੱਲੋਂ ਹਾਊਸ ਆਫ ਕਾਮਨਜ਼ ਦੇ ਸਰਦ ਰੁੱਤ ਇਜਲਾਸ ਦੇ ਆਖਰੀ ਦਿਨ ਸਰਕਾਰ ਦੀ ਵਿਰੋਧਤਾ ਕਰਨ 'ਤੇ ਸਵਾਲ ਉੱਠ ਰਹੇ ਹਨ। ਬਸੰਤ ਰੁੱਤ ਦਾ ਸੈਸ਼ਨ 27 ਜਨਵਰੀ ਤੋਂ ਬਾਅਦ ਸੱਦਿਆ ਜਾ ਸਕਦਾ ਹੈ। ਸਿਆਸੀ ਮਾਹਿਰਾਂ ਅਨੁਸਾਰ ਗਵਰਨਰ ਜਨਰਲ ਬੀਬੀ ਮੈਰੀ ਸਾਈਮਨ ਦੀ ਨਿਯੁਕਤੀ ਜਸਟਿਨ ਟਰੂਡੋ ਦੀ ਪਸੰਦ ਸੀ ਤੇ ਸਪੀਕਰ ਨੂੰ ਵੀ ਉਨ੍ਹਾਂ ਦੇ ਨੇੜਲਿਆਂ 'ਚੋਂ ਸਮਝਿਆ ਜਾਂਦਾ ਹੈ। ਹੁਣ ਦੇਖਣਾ ਹੋਵੇਗਾ ਕਿ ਦੋਹਾਂ ਵੱਲੋਂ ਸੰਵਿਧਾਨਕ ਫੈਸਲੇ ਮੌਕੇ ਕੋਈ ਉਲਾਰ ਤਾਂ ਨਹੀਂ ਵਿਖਾਇਆ ਜਾਂਦਾ।

ਕੈਨੇਡਾ ਦੀ ਸਿਆਸੀ ਅਸਥਿਰਤਾ ਦਾ ਅਸਰ ਇਸ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਬੀਤੇ ਕੁੱਝ ਦਿਨਾਂ ਵਿਚ ਕੈਨੇਡੀਅਨ ਡਾਲਰ ਦੀ ਕੌਮਾਂਤਰੀ ਕੀਮਤ 3.5 ਫੀਸਦੀ ਹੇਠਾਂ ਡਿੱਗ ਕੇ ਭਾਰਤੀ ਕਰੰਸੀ ਅਨੁਸਾਰ 61.5 ਤੋਂ 59 ਰੁਪਏ ਰਹਿ ਗਈ ਹੈ। ਇਸ ਨੇ ਵਿੱਤੀ ਸੰਸਥਾਵਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਦੋ ਹਫਤਿਆਂ ਦੀਆਂ ਕ੍ਰਿਸਮਸ ਛੁੱਟੀਆਂ ਕਾਰਨ ਸਰਕਾਰੀ ਕੰਮਕਾਜ ਪ੍ਰਭਾਵਿਤ ਹੋਣਗੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਗਿਆਨੀ ਹਰਪ੍ਰੀਤ ਸਿੰਘ ਦੇ ਹੱਕ 'ਚ ਸੰਗਤ ਦਾ ਇਕੱਠ, ਅਕਾਲੀ ਦਲ ਨੇ ਚੁੱਕੇ ਸਵਾਲ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਗਿਆਨੀ ਹਰਪ੍ਰੀਤ ਸਿੰਘ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦਾ ਚਾਰਜ ਕੁਝ ਦਿਨਾਂ ਲਈ ਵਾਪਸ ਲਏ ਜਾਣ ਮਗਰੋਂ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਇਕੱਤਰਤਾ ਕੀਤੀ ਗਈ। ਇਹ ਇਕੱਤਰਤਾ ਸ੍ਰੀ ਮੁਕਤਸਰ ਸਾਹਿਬ ਭਾਈ ਮਹਾ ਸਿੰਘ ਦੀਵਾਨ ਹਾਲ ਵਿਖੇ ਕੀਤੀ ਗਈ। ਇਸ ਇਕੱਤਰਤਾ 'ਚ ਪੁੱਜੀਆਂ ਸ਼ਖ਼ਸੀਅਤਾਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਇਲਜ਼ਾਮਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਇਕੱਤਰਤਾ 'ਤੇ ਸਵਾਲ ਚੁੱਕੇ ਹਨ। ਸ੍ਰੀ ਮੁਕਤਸਰ ਸਾਹਿਬ ਤੋਂ ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਕੰਵਲਜੀਤ ਸਿੰਘ ਰੋਜ਼ੀ ਬਰਕੰਦੀ ਨੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੰਦਰਵਾੜੇ ਵਿਚ ਅਜਿਹੀ ਇਕੱਤਰਤਾ ਕੀਤੇ ਜਾਣ ਨੂੰ ਗਲਤ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਇਸ ਇਕੱਤਰਤਾ ਵਿਚ ਬੁਲਾਰਿਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਗੋਲੀ ਵੱਜ ਹੀ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਅਜਿਹੇ ਇਨਸਾਨਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਕੌਮ ਦਾ ਲੀਡਰ ਇਕ ਰਾਤ ਵਿਚ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਤੇ ਨਾਰਾਇਣ ਸਿੰਘ ਚੌੜਾ ਦੀਆਂ ਕਈ ਮੀਟਿੰਗਾਂ ਵੀ ਹੋਈਆਂ ਸਨ ਤੇ ਉਹ ਆਉਣ ਵਾਲੇ ਦਿਨਾਂ ਵਿਚ ਇਸ ਬਾਰੇ ਖੁੱਲ੍ਹ ਕੇ ਦੱਸਣਗੇ।

## ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਰੋਕ ਲਾਉਣ ਦਾ ਵਿਰੋਧ

**ਅੰਮ੍ਰਿਤਸਰ, (ਪੰਜਾਬ ਮੇਲ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਕੀਤੀ ਕਾਰਵਾਈ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਉਨ੍ਹਾਂ ਦੇ ਇਕ ਰਿਸ਼ਤੇਦਾਰ ਵੱਲੋਂ ਲਾਏ ਦੋਸ਼ਾਂ ਦੀ ਪੜਤਾਲ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ। ਜਾਂਚ ਦੌਰਾਨ ਜਥੇਦਾਰ ਦੀਆਂ ਸੇਵਾਵਾਂ 'ਤੇ ਰੋਕ ਲਾ ਕੇ ਤਖ਼ਤ ਦੇ ਹੈੱਡ ਗ੍ਰੰਥੀ ਨੂੰ ਸੇਵਾਵਾਂ ਸੌਂਪੀਆਂ ਗਈਆਂ ਹਨ।

ਇਸ ਮਾਮਲੇ 'ਚ ਦਲ ਖਾਲਸਾ ਜਥੇਬੰਦੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਮਾਮਲੇ 'ਚ ਸੱਚ ਅਤੇ ਝੂਠ ਦਾ ਨਿਤਾਰਾ ਕਰਨ ਲਈ ਇਸ ਦੀ ਪੜਤਾਲ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਆਪਣੇ ਹੱਥ ਵਿਚ ਲੈਣ। ਪਾਰਟੀ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਭੰਗ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੇ ਅਹੁਦੇ ਤੋਂ ਫਾਰਗ ਕਰਨ ਦੇ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਧੜੇ ਦੀ ਰਣਨੀਤੀ ਹੈ। ਅਜਿਹਾ ਇਸ ਕਰਕੇ ਕੀਤਾ ਜਾ ਰਿਹਾ ਹੈ ਕਿਉਂਕਿ ਜਥੇਦਾਰ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹ ਲਾਈ ਗਈ ਹੈ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਖ਼ਿਲਾਫ਼ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਆਪਣੇ 'ਤੇ ਲੱਗੇ ਦੋਸ਼ਾਂ ਦਾ ਸਪੱਸ਼ਟੀਕਰਨ ਦਿੱਤਾ ਜਾ ਚੁੱਕਾ ਹੈ।

ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸਿੱਖ ਪ੍ਰੰਪਰਾਵਾਂ ਦੇ ਮੁਤਾਬਕ ਕਿਸੇ ਜਥੇਦਾਰ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਕਰਵਾਉਣ ਦਾ ਅਧਿਕਾਰ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਕੋਲ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਇਹ ਕਾਰਵਾਈ ਤਖ਼ਤਾਂ ਦੀ ਹਸਤੀ ਨੂੰ ਬੌਣਾ ਬਣਾਉਣ ਦੀ ਸੋਚ ਵਾਲੀ ਹੈ। ਇਸ ਦੌਰਾਨ ਫੈੱਡਰੇਸ਼ਨ ਦੇ ਸਾਬਕਾ ਆਗੂਆਂ ਮਨਜੀਤ ਸਿੰਘ ਭੋਮਾ, ਭਗਵਾਨ ਸਿੰਘ, ਹਰਵਿੰਦਰ ਸਿੰਘ ਖਾਲਸਾ, ਸਰਬਜੀਤ ਸਿੰਘ ਸੋਹਲ, ਸਵਰਨ ਸਿੰਘ ਖਾਲਸਾ ਤੇ ਹੋਰਨਾਂ ਨੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਇਸ ਫ਼ੈਸਲੇ ਦੀ ਨਿਖੇਧੀ ਕੀਤੀ ਹੈ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਮਰਥਨ ਦਾ ਐਲਾਨ ਕੀਤਾ। ਇਸੇ ਤਰ੍ਹਾਂ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਇਸ ਫ਼ੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ।

## ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਜੇਲ੍ਹ 'ਚ ਹੋਏ ਰਿਹਾਅ



**ਲੁਧਿਆਣਾ/ਪਟਿਆਲਾ, (ਪੰਜਾਬ ਮੇਲ)**- ਪੰਜਾਬ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਭਾ ਦੀ ਜੇਲ੍ਹ ਵਿਚੋਂ ਰਿਹਾਅ ਹੋ ਗਏ ਹਨ। ਜੇਲ੍ਹ ਵਿਚੋਂ ਰਿਹਾਅ ਹੋਣ ਮਗਰੋਂ ਉਨ੍ਹਾਂ ਨੇ ਮਾਣਯੋਗ ਅਦਾਲਤ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਹੁਣ ਮੈਂ ਘਰ ਜਾ ਰਿਹਾ ਹਾਂ ਅਤੇ ਆਪਣੇ ਪਰਿਵਾਰ ਨੂੰ ਮਿਲਣ ਮਗਰੋਂ ਕਈ ਵੱਡੇ ਖ਼ੁਲਾਸੇ ਕਰਨਗੇ। ਜ਼ਿਕਰਯੋਗ ਹੈ ਕਿ ਭਾਰਤ ਭੂਸ਼ਣ ਆਸ਼ੂ 4 ਮਹੀਨਿਆਂ ਤੋਂ ਨਾਭਾ ਜੇਲ੍ਹ ਵਿਚ ਟੈਂਡਰ ਘਪਲੇ ਮਾਮਲੇ ਅਧੀਨ ਬੰਦ ਸਨ, ਜਿਨ੍ਹਾਂ ਨੂੰ ਪਿਛਲੇ ਦਿਨੀਂ ਹਾਈਕੋਰਟ ਵੱਲੋਂ ਵੱਡੀ ਰਾਹਤ ਦਿੱਤੀ ਗਈ ਸੀ। ਹਾਈਕੋਰਟ ਤੋਂ ਬਰੀ ਹੋਣ ਤੋਂ ਬਾਅਦ ਭਾਰਤ ਭੂਸ਼ਣ ਆਸ਼ੂ ਲੁਧਿਆਣਾ ਵਿਖੇ ਆਪਣੇ ਘਰ ਪਹੁੰਚੇ। ਜ਼ਿਕਰਯੋਗ ਹੈ ਕਿ ਪੰਜਾਬ 'ਚ ਕਾਂਗਰਸ ਦੀ ਸਰਕਾਰ ਵੇਲੇ ਖ਼ੁਰਾਕ ਸਪਲਾਈ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ 'ਤੇ ਟੈਂਡਰ 'ਚ ਘਪਲਾ ਕਰਨ ਦੇ ਵੱਡੇ ਦੋਸ਼ ਲੱਗੇ ਸਨ। ਵਿਜੀਲੈਂਸ ਵੱਲੋਂ ਵੀ ਪਹਿਲਾਂ ਉਨ੍ਹਾਂ 'ਤੇ ਕੇਸ ਚਲਾਇਆ ਗਿਆ ਸੀ। ਇਸ ਤੋਂ ਪਹਿਲਾਂ ਸਾਲ 2022 'ਚ ਕੁਝ ਟਰਾਂਸਪੋਰਟ ਮਾਲਕਾਂ ਅਤੇ ਠੇਕੇਦਾਰਾਂ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਅਨਾਜ ਟਰਾਂਸਪੋਰਟ ਟੈਂਡਰ ਘਪਲੇ 'ਚ ਕੁਝ ਚੁਣੇ ਹੋਏ ਠੇਕੇਦਾਰਾਂ ਨੂੰ ਲਾਭ ਦੇਣ ਅਤੇ ਕਰੋੜਾਂ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਲਗਾਇਆ ਸੀ। ਇਸ ਦੀ ਸ਼ਿਕਾਇਤ ਵਿਜੀਲੈਂਸ ਨੂੰ ਕੀਤੀ ਗਈ ਸੀ।

## ਹਲਵਾਰਾ ਏਅਰਪੋਰਟ ਨੂੰ ਜਲਦੀ ਹੀ ਮਿਲੇਗਾ ਏਅਰਪੋਰਟ ਕੋਡ



ਲੁਧਿਆਣਾ, (ਪੰਜਾਬ ਮੇਲ)- ਸੰਸਦ ਮੈਂਬਰ ਸੰਜੀਵ ਅਰੋੜਾ ਨੇ ਸ਼ੁੱਕਰਵਾਰ ਨੂੰ ਰਾਜੀਵ ਗਾਂਧੀ ਭਵਨ, ਨਵੀਂ ਦਿੱਲੀ ਵਿਖੇ ਏਅਰਪੋਰਟਸ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਵਿਪਿਨ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਹਲਵਾਰਾ ਹਵਾਈ ਅੱਡੇ ਲਈ ਸੰਭਾਵਿਤ ਸੰਚਾਲਨ ਮਿਤੀ ਬਾਰੇ ਚਰਚਾ ਕੀਤੀ।

ਐੱਮ.ਪੀ. ਅਰੋੜਾ ਨੇ ਏਅਰਪੋਰਟ ਕੋਡ ਜਾਰੀ ਕਰਨ ਅਤੇ ਸੰਚਾਲਨ ਦੀ ਮਿਤੀ ਦੀ ਪੁਸ਼ਟੀ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਕਿਉਂਕਿ ਇਹ ਕਦਮ ਏਅਰਲਾਈਨਾਂ ਲਈ ਐੱਮ.ਓ.ਸੀ.ਏ. (ਮਿਨਿਸਟਰੀ ਆਫ ਸਿਵਲ ਐਵੀਏਸ਼ਨ) ਕੋਲ ਲੋੜੀਂਦਾ ਨੋ-ਅਬਜੈਕਸ਼ਨ ਸਰਟੀਫਿਕੇਟ (ਐੱਨ.ਓ.ਸੀ.) ਦਾਇਰ ਕਰਨ ਅਤੇ ਐੱਮ.ਓ.ਡੀ. (ਮਿਨਿਸਟਰੀ ਆਫ ਡਿਫੈਂਸ) ਤੋਂ ਲੋੜੀਂਦੀ ਇਜਾਜ਼ਤ ਪ੍ਰਾਪਤ ਕਰਨ 'ਚ ਮਹੱਤਵਪੂਰਨ ਹੈ।

ਇਸ ਦੇ ਜਵਾਬ 'ਚ ਚੇਅਰਮੈਨ ਵਿਪਨ ਕੁਮਾਰ ਨੇ ਤੁਰੰਤ ਏ.ਏ.ਆਈ. ਦੀ ਸੰਚਾਲਨ ਟੀਮ ਦੇ ਸਬੰਧਤ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਅਰੋੜਾ ਨੇ ਆਈ.ਏ.ਟੀ.ਏ. (ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ) ਨਾਲ ਗੱਲਬਾਤ ਕਰਨ ਲਈ ਏਅਰ ਇੰਡੀਆ ਦੇ ਲੋਕਾਂ ਨਾਲ ਵੀ ਗੱਲਬਾਤ ਕੀਤੀ। ਚੇਅਰਮੈਨ ਵਿਪਨ ਕੁਮਾਰ ਨੇ ਸੰਸਦ ਮੈਂਬਰ ਅਰੋੜਾ ਨੂੰ ਭਰੋਸਾ ਦਿੱਤਾ ਕਿ ਲੁਧਿਆਣਾ ਤੋਂ ਕਮਰਸ਼ੀਅਲ ਫਲਾਈਟਾਂ ਦਾ ਸੰਚਾਲਨ ਜਲਦੀ ਸ਼ੁਰੂ ਹੋ ਜਾਵੇਗਾ। ਐੱਮ.ਪੀ. ਅਰੋੜਾ ਨੇ ਚੇਅਰਮੈਨ ਨੂੰ ਸੂਬਾ ਸਰਕਾਰ ਵੱਲੋਂ ਹਰ ਪੱਧਰ 'ਤੇ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਇਸ ਦੌਰਾਨ ਅਰੋੜਾ ਨੇ ਦੁਹਰਾਇਆ ਕਿ ਏਅਰਪੋਰਟ ਪ੍ਰਾਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ 'ਡ੍ਰੀਮ ਪ੍ਰਾਜੈਕਟ' ਹੈ, ਜਿਨ੍ਹਾਂ ਨੇ ਇਸ ਵਾਸਤੇ ਫੰਡ ਮਨਜ਼ੂਰ ਕੀਤੇ ਗਏ ਹਨ।

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੁਣ 30 ਨੂੰ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਰੱਦ ਕਰਨ ਮਗਰੋਂ ਹੁਣ ਕਮੇਟੀ ਦੀ ਮੀਟਿੰਗ 30 ਦਸੰਬਰ ਨੂੰ ਅੰਮ੍ਰਿਤਸਰ 'ਚ ਸੱਦੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪਿਛਲੇ ਦਿਨਾਂ ਦੌਰਾਨ ਅੰਤ੍ਰਿੰਗ ਕਮੇਟੀ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਦੋ ਮੀਟਿੰਗਾਂ 72 ਘੰਟੇ ਦੇ ਨੋਟਿਸ 'ਤੇ ਹੰਗਾਮੀ ਸਥਿਤੀ ਵਿੱਚ ਸੱਦੀਆਂ ਗਈਆਂ ਸਨ। ਇਨ੍ਹਾਂ 'ਚੋਂ ਇੱਕ ਮੀਟਿੰਗ ਕੱਲ੍ਹ ਰੱਦ ਕਰ ਦਿੱਤੀ ਗਈ। ਇਹ ਰੱਦ ਕੀਤੀ ਮੀਟਿੰਗ ਜਦੋਂ ਸੱਦੀ ਗਈ ਸੀ ਤਾਂ ਉਦੋਂ ਵੱਡੀ ਪੱਧਰ 'ਤੇ ਚਰਚਾ ਹੋਈ ਤੇ ਹੁਣ ਜਦੋਂ ਰੱਦ ਕੀਤੀ ਗਈ ਤਾਂ ਉਸ ਵੇਲੇ ਵੀ ਚਰਚਾ ਵਿੱਚ ਸੀ। ਹੁਣ ਇਸ ਦੀ ਥਾਂ 'ਤੇ ਆਮ ਰੁਟੀਨ ਦੀ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 30 ਦਸੰਬਰ ਨੂੰ ਸੱਦੀ ਗਈ ਹੈ। ਇਸ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
**ਵੈੱਬਸਾਇਟ 'ਤੇ ਕਲਿੱਕ ਕਰੋ :**
www.punjabmailusa.com

## ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜੱਥੇਦਾਰ ਵਲੋਂ ਸੁਖਬੀਰ ਬਾਦਲ ਦੇ ਮਾਮਲੇ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਸੀਹਤ

**ਪਟਨਾ ਸਾਹਿਬ, (ਪੰਜਾਬ ਮੇਲ)**- ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਰਣਜੀਤ ਸਿੰਘ ਨੇ ਸੁਖਬੀਰ ਬਾਦਲ ਦੇ ਮਾਮਲੇ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਸੀਹਤ ਦਿੱਤੀ ਹੈ। ਸਾਬਕਾ ਜੱਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ ਜਿਹੜੇ ਬੁਲਾਰੇ ਗਿਆਨੀ ਹਰਪ੍ਰੀਤ ਸਿੰਘ ਦੇ ਪੱਖ 'ਚ ਬੋਲਣ ਲਈ ਆਏ ਸਨ, ਉਹ ਵਾਰ-ਵਾਰ ਕਹਿ ਰਹੇ ਸਨ ਕਿ ਉਸ ਦਿਨ ਸੁਖਬੀਰ ਬਾਦਲ ਨੂੰ ਗੋਲੀ ਵੱਜ ਹੀ ਜਾਣੀ ਚਾਹੀਦੀ ਸੀ। ਸਾਬਕਾ ਜੱਥੇਦਾਰ ਨੇ ਕਿਹਾ ਕਿ ਸਾਡੀ ਅਰਦਾਸ ਦੀ ਸਮਾਪਤੀ ਹੀ ਸਰਬੱਤ ਦੇ ਭਲੇ ਦੇ ਸਿਧਾਂਤ ਨਾਲ ਹੁੰਦੀ ਹੈ ਅਤੇ ਗਿਆਨੀ ਹਰਪ੍ਰੀਤ ਸਿੰਘ ਦੱਸਣ ਕਿ ਕੀ ਇਹ ਸਿਧਾਂਤ ਹੁਣ ਬਦਲੇ ਜਾ ਰਹੇ ਹਨ ਜਾਂ ਫਿਰ ਉਹ ਆਪਣੇ ਸਮਰਥਕਾਂ ਰਾਹੀਂ ਲੋਕਾਂ ਨੂੰ ਸੁਖਬੀਰ ਬਾਦਲ ਨੂੰ ਨੁਕਸਾਨ ਪਹੁੰਚਾਉਣ ਲਈ ਉਕਸਾ ਰਹੇ ਹਨ।

ਉਨ੍ਹਾਂ ਕਿਹਾ ਕਿ ਰੱਬ ਨਾ ਕਰੇ ਕਿ ਜੇਕਰ ਅਜਿਹਾ ਕੁੱਝ ਹੁੰਦਾ ਹੈ, ਤਾਂ ਫਿਰ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਸਮਰਥਕ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਸ ਤਰ੍ਹਾਂ ਉਕਸਾਉਣਾ ਕਿਸੇ ਵੀ ਸਿਧਾਂਤ ਦੇ ਮੁਤਾਬਕ ਉੱਚਿਤ ਨਹੀਂ ਹੈ। ਸਾਬਕਾ ਜੱਥੇਦਾਰ ਨੇ ਕਿਹਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਇਲਜ਼ਾਮ ਲਾ ਰਹੇ ਹਨ ਕਿ ਜਿਹੜੀ ਵੀਡੀਓ ਵਾਇਰਲ ਹੋਈ ਹੈ, ਉਸ ਦੀ ਪੈੱਨ ਡਰਾਈਵ ਜੱਥੇਦਾਰ ਕੋਲ ਸੀ।

ਸਾਬਕਾ ਜੱਥੇਦਾਰ ਨੇ ਕਿਹਾ ਕਿ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਜਿਹੇ ਦੋਸ਼ ਲਾਉਣਾ ਸਹੀ ਨਹੀਂ ਹੈ ਕਿਉਂਕਿ ਹੋ ਸਕਦਾ ਹੈ ਕਿ ਤੁਹਾਡੀ ਵੀਡੀਓ ਤੁਹਾਡੇ ਕਿਸੇ ਚਹੇਤੇ ਨੇ ਹੀ ਲੀਕ ਕੀਤੀ ਹੋਵੇ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ 'ਤੇ ਜਾਂਚ ਬਿਠਾ ਦਿੱਤੀ ਗਈ ਹੈ ਅਤੇ ਬਿਹਤਰੀ ਇਸੇ 'ਚ ਹੈ ਕਿ ਉਹ ਜਾਂਚ 'ਚ ਸਹਿਯੋਗ ਕਰਨ। ਜੇਕਰ ਉਹ ਸੱਚੇ ਹਨ, ਤਾਂ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਅਤੇ ਜੇਕਰ ਦੋਸ਼ੀ ਹਨ ਤਾਂ ਉਹ ਵੀ ਸਾਹਮਣੇ ਆ ਜਾਵੇਗਾ।


## ਦਿੱਲੀ ਆਬਕਾਰੀ ਨੀਤੀ: ਦਿੱਲੀ ਹਾਈਕੋਰਟ ਵੱਲੋਂ ਈ.ਡੀ. ਨੂੰ ਈ-ਪਟੀਸ਼ਨ ਭੇਜਣ ਦੀ ਇਜਾਜ਼ਤ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਹਾਈ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ 2021-22 ਦੀ ਆਬਕਾਰੀ ਨੀਤੀ ਨਾਲ ਜੁੜੇ ਕਥਿਤ ਮਨੀ ਲਾਂਡਰਿੰਗ ਮਾਮਲੇ ਵਿਚ ਹੇਠਲੀ ਅਦਾਲਤ ਦੇ ਆਦੇਸ਼ ਖ਼ਿਲਾਫ਼ ਉਸ ਦੀ ਪਟੀਸ਼ਨ 35 ਮੁਲਜ਼ਮਾਂ ਨੂੰ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਭੇਜਣ ਦੀ ਇਜਾਜ਼ਤ ਦੇ ਦਿੱਤੀ ਹੈ ਕਿਉਂਕਿ ਇਸ ਨਾਲ ਲੋਕਾਂ ਦੇ ਪੈਸੇ ਦੀ ਬਚਤ ਹੋਵੇਗੀ। ਈ.ਡੀ. ਨੇ ਕਿਹਾ ਕਿ ਸਾਰੇ ਮੁਲਜ਼ਮਾਂ ਨੂੰ 1500 ਪੰਨਿਆਂ ਦੀ ਅਪੀਲ ਭੇਜਣ ਨਾਲ ਲਗਪਗ ਤਿੰਨ ਲੱਖ ਰੁਪਏ ਦੀ ਬਚਤ ਹੋਵੇਗੀ।




# ਨਿਗਮ ਚੋਣਾਂ: ਕੀ ਲੁਧਿਆਣਾ 'ਚ ਕਾਂਗਰਸ-ਭਾਜਪਾ ਦਾ ਹੋਵੇਗਾ ਗੱਠਜੋੜ!

**ਲੁਧਿਆਣਾ, (ਪੰਜਾਬ ਮੇਲ)-** ਨਗਰ ਨਿਗਮ ਜਿਸ ਨੂੰ ਸਥਾਨਕ ਸਰਕਾਰ ਵੀ ਕਿਹਾ ਜਾਂਦਾ ਹੈ, ਦੀਆਂ ਚੋਣਾਂ ਬੀਤੇ ਦਿਨੀਂ ਮੁਕੰਮਲ ਹੋਈਆਂ ਹਨ। ਭਾਵੇਂ ਪੂਰਨ ਬਹੁਮਤ ਲਈ ਕੌਂਸਲਰਾਂ ਦਾ ਅੰਕੜਾ ਹਾਸਲ ਨਾ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਵੱਲੋਂ ਵਿਧਾਇਕਾਂ ਦੀਆਂ ਵੋਟਾਂ ਦੇ ਦਮ 'ਤੇ ਮੇਅਰ ਦੀ ਕੁਰਸੀ 'ਤੇ ਕਾਬਿਜ਼ ਹੋਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਪਰ ਇਸ ਵਿਚਾਲੇ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਦੀ ਇਕ ਫੇਸਬੁੱਕ ਪੋਸਟ ਨੇ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਕੀ ਕਾਂਗਰਸ 33 ਸਾਲ ਬਾਅਦ ਭਾਜਪਾ ਨਾਲ ਰਲ ਕੇ





ਨਗਰ ਨਿਗਮ ਲੁਧਿਆਣਾ ਵਿਚ ਇਤਿਹਾਸ ਦੋਹਰਾਵੇਗੀ।

ਦੱਸ ਦਈਏ ਕਿ ਹੋਵੇਗਾ ਕਿ ਨਗਰ ਨਿਗਮ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ 41 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ। ਪਰ ਮੇਅਰ ਬਣਾਉਣ ਲਈ 95 ਵਾਰਡਾਂ ਦੇ ਹਿਸਾਬ ਨਾਲ 48 ਕੌਂਸਲਰਾਂ ਦਾ ਅੰਕੜਾ ਹੋਣਾ ਚਾਹੀਦਾ ਹੈ। ਹਾਲਾਂਕਿ 7 ਵਿਧਾਇਕਾਂ ਦੇ ਨਾਲ ਇਕ ਆਜ਼ਾਦ ਨੂੰ ਸ਼ਾਮਲ ਕਰਨ ਮਗਰੋਂ ਆਮ ਆਦਮੀ ਪਾਰਟੀ ਬਹੁਮਤ ਹਾਸਲ ਕਰ ਸਕਦੀ ਹੈ। ਪਰ ਇਸ ਤੋਂ ਪਹਿਲਾਂ 'ਆਪ' ਦੇ ਸੁਪਨਿਆਂ 'ਤੇ ਕਾਂਗਰਸ ਤੇ ਭਾਜਪਾ ਦੇ ਗੱਠਜੋੜ ਦੀ ਸੰਭਾਵਨਾ ਦਾ ਖ਼ਤਰਾ ਮੰਡਰਾ ਰਿਹਾ ਹੈ। ਇਸ ਤਹਿਤ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਦੀ ਇਕ ਫੇਸਬੁੱਕ ਪੋਸਟ ਮਗਰੋਂ ਮਿਲ ਰਹੇ ਹਨ। ਇਸ ਵਿਚ ਉਨ੍ਹਾਂ ਨੇ ਲੁਧਿਆਣਾ ਵਿਚ ਆਮ ਆਦਮੀ ਪਾਰਟੀ ਦੇ ਮੇਅਰ ਨਾ ਬਣਨ ਦਾ ਦਾਅਵਾ ਕੀਤਾ ਹੈ। ਹੁਣ ਆਮ ਆਦਮੀ ਪਾਰਟੀ ਆਪਣਾ ਮੇਅਰ ਬਣਾਉਂਦੀ ਹੈ ਜਾਂ ਕਾਂਗਰਸ ਤੇ ਭਾਜਪਾ ਰਲ ਕੇ ਬਹੁਮਤ ਦਾ ਅੰਕੜਾ ਪਾਰ ਕਰਦੀਆਂ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਪਹਿਲੀ ਵਾਰ ਮਹਿਲਾ ਸਿਰ ਸੱਜ ਸਕਦੈ ਲੁਧਿਆਣਾ ਦੀ ਮੇਅਰ ਦਾ ਤਾਜ!

**ਲੁਧਿਆਣਾ, (ਪੰਜਾਬ ਮੇਲ)-** ਨਗਰ ਨਿਗਮ ਚੋਣਾਂ ਦੇ ਨਤੀਜੇ ਆਉਣ ਮਗਰੋਂ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਲੁਧਿਆਣਾ ਦਾ ਨਵਾਂ ਮੇਅਰ ਕੌਣ ਹੋਵੇਗਾ। ਇਸ ਵਿਚਾਲੇ ਇਹ ਖ਼ਬਰ ਸੁਣਨ ਨੂੰ ਮਿਲ ਰਹੀ ਹੈ ਕਿ ਲੁਧਿਆਣਾ ਵਿਚ ਪਹਿਲੀ ਵਾਰ ਮਹਿਲਾ ਦੇ ਸਿਰ 'ਤੇ ਮੇਅਰ ਦਾ ਤਾਜ ਸੱਜ ਸਕਦਾ ਹੈ।

ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਵੱਲੋਂ ਸਿਧਾਂਤਕ ਤੌਰ 'ਤੇ ਇਹ ਫ਼ੈਸਲਾ ਲੈ ਲਿਆ ਗਿਆ ਹੈ। ਇਸ ਸਬੰਧੀ ਸਰਕਾਰ ਵੱਲੋਂ ਛੇਤੀ ਹੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਜਾਵੇਗੀ। ਇਸ ਰਣਨੀਤੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਆਸੀ ਲਾਹਾ ਲੈਣ ਦੀ ਕਵਾਇਦ ਵਿਚ ਵੇਖਿਆ ਜਾ ਸਕਦਾ ਹੈ। ਇਸ ਲਈ ਆਮ ਆਦਮੀ ਪਾਰਟੀ ਦੇ ਅੰਦਰੂਨੀ ਸਿਸਟਮ ਜ਼ਰੀਏ ਮਹਿਲਾ ਮੇਅਰ ਬਣਾਉਣ ਲਈ ਮੰਥਨ ਵੀ ਸ਼ੁਰੂ ਹੋ ਗਿਆ ਹੈ।

# ਸ਼ਹਿਰੀ ਵੋਟਰਾਂ 'ਚ ਚੋਣਾਂ ਲਈ ਘਟਿਆ ਰੁਝਾਨ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਹਾਲ ਹੀ ਵਿਚ ਹੋਈਆਂ ਪੰਜ ਨਗਰ ਨਿਗਮਾਂ ਤੇ 42 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਵੱਧ ਤੋਂ ਵੱਧ ਵੋਟਿੰਗ ਕਰਵਾਉਣ ਲਈ ਵੋਟਰਾਂ ਨੂੰ ਜਾਗਰੂਕ ਕਰਨ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਦੇ ਬਾਵਜੂਦ ਸ਼ਹਿਰੀ ਵੋਟਰਾਂ ਵਿਚ ਚੋਣਾਂ ਲਈ ਰੁਝਾਨ ਘੱਟ ਦਿਖਾਈ ਦਿੱਤਾ। ਜਾਣਕਾਰੀ ਅਨੁਸਾਰ ਇਨ੍ਹਾਂ ਚੋਣਾਂ 'ਚ ਕੁੱਲ 65.85 ਫ਼ੀਸਦੀ ਪੋਲਿੰਗ ਹੋਈ ਹੈ। ਪਟਿਆਲਾ ਸ਼ਹਿਰ ਵਿਚ ਸਭ ਤੋਂ ਘੱਟ ਸਿਰਫ਼ 35.94 ਫ਼ੀਸਦੀ ਜਦੋਂ ਕਿ ਪਠਾਨਕੋਟ ਵਿਚ ਸਭ ਤੋਂ ਵੱਧ 85.28 ਫ਼ੀਸਦੀ ਵੋਟਿੰਗ ਹੋਈ ਹੈ। ਚੋਣ ਕਮਿਸ਼ਨ ਅਨੁਸਾਰ ਅੰਮ੍ਰਿਤਸਰ ਵਿਚ 44.54 ਫ਼ੀਸਦੀ, ਲੁਧਿਆਣਾ ਵਿਚ 47.71 ਫ਼ੀਸਦੀ, ਜਲੰਧਰ ਵਿਚ 54.90 ਫ਼ੀਸਦੀ, ਕਪੂਰਥਲਾ ਵਿਚ 56.50 ਫ਼ੀਸਦੀ, ਫ਼ਰੀਦਕੋਟ ਵਿਚ 57.85 ਫ਼ੀਸਦੀ, ਤਰਨ ਤਾਰਨ ਵਿਚ 60.60 ਫ਼ੀਸਦੀ, ਹੁਸ਼ਿਆਰਪੁਰ ਵਿਚ 61.10 ਫ਼ੀਸਦੀ, ਫ਼ਾਜ਼ਿਲਕਾ ਵਿਚ 63.47 ਫ਼ੀਸਦੀ, ਰੂਪਨਗਰ ਵਿਚ 66.45 ਫ਼ੀਸਦੀ, ਬਠਿੰਡਾ ਵਿਚ 66.67 ਫ਼ੀਸਦੀ, ਮੁਹਾਲੀ ਵਿਚ 67.60 ਫ਼ੀਸਦੀ, ਮਾਲੇਰਕੋਟਲਾ ਵਿਚ 69.18



ਫ਼ੀਸਦੀ, ਫ਼ਿਰੋਜ਼ਪੁਰ ਵਿਚ 69.49 ਫ਼ੀਸਦੀ, ਗੁਰਦਾਸਪੁਰ ਵਿਚ 71.04 ਫ਼ੀਸਦੀ, ਨਵਾਂਸ਼ਹਿਰ ਵਿਚ 72.44 ਫ਼ੀਸਦੀ, ਫ਼ਤਹਿਗੜ੍ਹ ਸਾਹਿਬ ਵਿਚ 74.30 ਫ਼ੀਸਦੀ, ਸੰਗਰੂਰ ਵਿਚ 74.35 ਫ਼ੀਸਦੀ, ਮੋਗਾ ਵਿਚ 75.71 ਫ਼ੀਸਦੀ, ਮਾਨਸਾ ਵਿਚ 77.60 ਫ਼ੀਸਦੀ, ਮੁਕਤਸਰ ਵਿਚ 80.75 ਫ਼ੀਸਦੀ, ਬਰਨਾਲਾ ਵਿਚ 81.10 ਫ਼ੀਸਦੀ ਤੇ ਪਠਾਨਕੋਟ ਵਿਚ 85.28 ਫ਼ੀਸਦੀ ਪੋਲਿੰਗ ਹੋਈ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਆਮ ਤੌਰ 'ਤੇ ਸ਼ਹਿਰੀ ਵੋਟਰਾਂ ਵਿਚ ਮੱਠਾ ਹੁੰਗਾਰਾ ਦੇਖਣ ਨੂੰ ਮਿਲਦਾ ਸੀ। ਲੋਕ ਸਭਾ ਤੇ ਵਿਧਾਨ ਸਭਾ ਚੋਣ ਵਿਚ ਪਿੰਡਾਂ ਦੇ ਮੁਕਾਬਲੇ ਸ਼ਹਿਰੀ ਖੇਤਰ ਵਿਚ ਘੱਟ ਪੋਲਿੰਗ ਹੁੰਦੀ ਹੈ ਪਰ ਹੁਣ ਅਜਿਹਾ ਹੀ ਹਾਲ ਨਗਰ ਨਿਗਮ, 42 ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿਚ ਦੇਖਣ ਨੂੰ ਮਿਲਿਆ ਹੈ। ਇਨ੍ਹਾਂ ਹੀ ਨਹੀਂ, ਵੱਡੇ ਸ਼ਹਿਰਾਂ ਵਿਚ ਪੋਲਿੰਗ ਛੋਟੇ ਸ਼ਹਿਰਾਂ ਦੇ ਮੁਕਾਬਲੇ ਵਧੇਰੇ ਘੱਟ ਹੋਈ ਹੈ। ਚੋਣਾਂ ਦੌਰਾਨ ਘੱਟ ਰਹੀ ਪੋਲਿੰਗ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿਚ ਹੋਈਆਂ ਪੰਜ ਨਗਰ ਨਿਗਮ ਦੀਆਂ ਚੋਣਾਂ ਦੌਰਾਨ ਵੀ ਸ਼ਹਿਰੀ ਵੋਟਰਾਂ ਵਿਚ ਘੱਟ ਰੁਝਾਨ ਦੇਖਣ ਨੂੰ ਮਿਲਿਆ। ਨਿਗਮ ਚੋਣਾਂ ਵਿਚ ਕੁੱਲ 45.88 ਫ਼ੀਸਦੀ ਪੋਲਿੰਗ ਹੋਈ ਹੈ। ਇਸ ਵਿਚ ਸਭ ਤੋਂ ਘੱਟ ਪਟਿਆਲਾ ਵਿਚ ਸਿਰਫ਼ 32.95 ਫ਼ੀਸਦੀ ਪੋਲਿੰਗ ਹੋਈ। ਇਸੇ ਤਰ੍ਹਾਂ ਨਗਰ ਨਿਗਮ ਅੰਮ੍ਰਿਤਸਰ ਵਿਚ 44.05 ਫ਼ੀਸਦੀ, ਲੁਧਿਆਣਾ ਵਿਚ 46.95, ਜਲੰਧਰ ਵਿਚ 50.27 ਅਤੇ ਫਗਵਾੜਾ ਵਿਚ 55.21 ਫ਼ੀਸਦੀ ਪੋਲਿੰਗ ਹੋਈ ਹੈ।

# ਦਿੱਲੀ ਦੇ ਉਪ ਰਾਜਪਾਲ ਵੱਲੋਂ ਕੇਜਰੀਵਾਲ ਖਿਲਾਫ਼ ਕਾਰਵਾਈ ਲਈ ਈ.ਡੀ. ਨੂੰ ਹਰੀ ਝੰਡੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ



ਖਿਲਾਫ਼ ਆਬਕਾਰੀ ਨੀਤੀ ਮਾਮਲੇ ਵਿਚ ਐੱਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਮੁਕੱਦਮਾ ਚਲਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਉਪ ਰਾਜਪਾਲ ਨੇ ਇਹ ਫੈਸਲਾ 2025 ਦੀਆਂ ਦਿੱਲੀ ਅਸੈਂਬਲੀ ਚੋਣਾਂ ਤੋਂ ਪਹਿਲਾਂ ਲਿਆ ਹੈ, ਜੋ ਸਿਆਸੀ ਤੇ ਕਾਨੂੰਨੀ ਵਿਵਾਦਾਂ ਦਾ ਕਾਰਨ ਬਣ ਸਕਦਾ ਹੈ। ਦਿੱਲੀ ਸਰਕਾਰ ਦੀ ਵਿਵਾਦਿਤ ਆਬਕਾਰੀ ਨੀਤੀ ਨੂੰ ਲੈ ਕੇ ਮਹੀਨਿਆਂ ਤੋਂ ਚੱਲ ਰਹੀ ਜਾਂਚ ਮਗਰੋਂ ਈ.ਡੀ. ਨੇ 5 ਦਸੰਬਰ ਨੂੰ ਕੇਜਰੀਵਾਲ ਖਿਲਾਫ਼ ਮੁਕੱਦਮੇ ਦੀ ਮਨਜ਼ੂਰੀ ਮੰਗੀ ਸੀ।

ਕੇਜਰੀਵਾਲ ਉੱਤੇ ਦੋਸ਼ ਹੈ ਕਿ ਉਨ੍ਹਾਂ ਸ਼ਰਾਬ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣ ਤੇ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣ ਦੇ ਇਰਾਦੇ ਨਾਲ ਇਹ ਯੋਜਨਾ ਤਿਆਰ ਕੀਤੀ ਸੀ। ਈ.ਡੀ. ਮੁਤਾਬਕ ਆਬਕਾਰੀ ਨੀਤੀ ਵਿਚ ਜਾਣਬੁੱਝ ਕੇ ਕਮੀਆਂ ਛੱਡੀਆਂ ਗਈਆਂ, ਜਿਸ ਨਾਲ 'ਆਪ' ਆਗੂਆਂ ਨੂੰ ਫਾਇਦਾ ਪਹੁੰਚਾਉਣ ਲਈ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਲਈ ਗਈ।

# ਕਾਂਗਰਸ ਵੱਲੋਂ ਚੋਣ ਨਿਯਮਾਂ 'ਚ ਸੋਧ ਨੂੰ ਸੁਪਰੀਮ ਕੋਰਟ 'ਚ ਚੁਣੌਤੀ



ਮੀਡੀਆ ਨੂੰ ਸੰਬੋਧਨ ਕਰਦੇ ਹੋਏ ਪਵਨ ਖੇੜਾ, ਕੇ.ਸੀ. ਵੇਣੂਗੋਪਾਲ ਅਤੇ ਜੈਰਾਮ ਰਮੇਸ਼।

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਨੇ ਕੁਝ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਜਨਤਕ ਜਾਂਚ ਨੂੰ ਰੋਕਣ ਵਾਸਤੇ ਚੋਣਾਂ ਨਿਯਮਾਂ ਵਿਚ ਹਾਲ ਹੀ 'ਚ ਕੀਤੀ ਸੋਧ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਸਿਖਰਲੀ ਅਦਾਲਤ ਚੋਣ ਅਮਲ ਦੀ 'ਤੇਜ਼ੀ ਨਾਲ ਖ਼ਤਮ ਹੋ ਰਹੀ' ਸਾਖ਼ ਨੂੰ ਬਹਾਲ ਕਰਨ ਵਿਚ ਮਦਦ ਕਰੇਗੀ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦੱਸਿਆ ਕਿ ਉਨ੍ਹਾਂ ਨੇ ਰਿੱਟ ਪਟੀਸ਼ਨ ਦਾਇਰ ਕੀਤੀ ਹੈ।

ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ, "ਚੋਣਾਂ ਕਰਵਾਉਣ ਸਬੰਧੀ ਨਿਯਮ-1961 ਵਿਚ ਹਾਲ ਹੀ ਵਿਚ ਹੋਈਆਂ ਸੋਧਾਂ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਵਿਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ।" ਰਮੇਸ਼ ਨੇ ਕਿਹਾ, "ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ। ਇਸ 'ਤੇ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਹੈ, ਇਸ ਲਈ ਇਕਪਾਸੜ ਅਤੇ ਜਨਤਕ ਸਲਾਹ-ਮਸ਼ਵਰੇ ਤੋਂ ਬਿਨਾਂ ਇਸ ਅਹਿਮ ਨਿਯਮ ਵਿਚ ਏਨੀ ਬੇਸ਼ਰਮੀ ਨਾਲ ਸੋਧ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।" ਰਮੇਸ਼ ਨੇ ਕਿਹਾ ਕਿ ਚੋਣ

**ਚੋਣ ਕਮਿਸ਼ਨ ਦੀ ਡਿੱਗ ਰਹੀ ਸਾਖ ਬਹਾਲ ਰੱਖਣ ਵਿਚ ਸਿਖਰਲੀ ਅਦਾਲਤ ਤੋਂ ਮਦਦ ਦੀ ਆਸ**

ਪ੍ਰਕਿਰਿਆ ਦੀ ਸਾਖ਼ ਤੇਜ਼ੀ ਨਾਲ ਖਤਮ ਹੋ ਰਹੀ ਹੈ ਅਤੇ ਉਮੀਦ ਹੈ ਕਿ ਸੁਪਰੀਮ ਕੋਰਟ ਇਸ ਨੂੰ ਬਹਾਲ ਕਰਨ ਵਿਚ ਮਦਦ ਕਰੇਗੀ। ਉਨ੍ਹਾਂ ਪਿਛਲੇ ਸ਼ਨਿੱਚਰਵਾਰ ਕਿਹਾ ਸੀ ਕਿ ਇਸ ਸੋਧ ਨੂੰ ਜਲਦੀ ਹੀ ਕਾਨੂੰਨੀ ਤੌਰ 'ਤੇ ਚੁਣੌਤੀ ਦਿੱਤੀ ਜਾਵੇਗੀ।

ਕੇਂਦਰ ਸਰਕਾਰ ਨੇ ਸੀ.ਸੀ.ਟੀ.ਵੀ. ਕੈਮਰੇ ਅਤੇ ਵੈੱਬਕਾਸਟਿੰਗ ਫੁਟੇਜ ਦੇ ਨਾਲ- ਨਾਲ ਉਮੀਦਵਾਰਾਂ ਦੀਆਂ ਵੀਡੀਓ ਰਿਕਾਰਡਿੰਗਾਂ ਵਰਗੇ ਕੁਝ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਜਨਤਕ ਨਿਰੀਖਣ ਨੂੰ ਰੋਕਣ ਲਈ ਚੋਣ ਸਬੰਧੀ ਨਿਯਮਾਂ ਵਿਚ ਸੋਧ ਕੀਤੀ, ਤਾਂ ਜੋ ਉਨ੍ਹਾਂ ਦੀ ਦੁਰਵਰਤੋਂ ਰੋਕੀ ਜਾ ਸਕੇ। ਚੋਣ ਕਮਿਸ਼ਨ (ਈ.ਸੀ.) ਦੀਆਂ ਸਿਫ਼ਾਰਸ਼ਾਂ 'ਤੇ ਕੇਂਦਰੀ ਕਾਨੂੰਨ ਮੰਤਰਾਲੇ ਨੇ ਜਨਤਕ ਨਿਰੀਖਣ ਲਈ ਰੱਖੇ ਜਾਣ ਵਾਲੇ 'ਕਾਗਜ਼ਾਂ' ਜਾਂ ਦਸਤਾਵੇਜ਼ਾਂ ਆਦਿ 'ਤੇ ਪਾਬੰਦੀ ਲਾਉਣ ਲਈ ਚੋਣ ਕਰਵਾਉਣ ਸਬੰਧੀ ਨਿਯਮ-1961 ਦੇ ਨਿਯਮ 93 ਵਿਚ ਸੋਧ ਕੀਤੀ ਹੈ।






# ਅਮਰੀਕੀ ਅਦਾਲਤ ਦੇ ਫੈਸਲੇ ਮਗਰੋਂ ਭਾਰਤ 'ਚ ਪੈਗਾਸਸ ਮਾਮਲੇ 'ਤੇ ਸਿਆਸਤ ਮੁੜ ਭਖੀ

**ਨਵੀਂ ਦਿੱਲੀ, (ਪੰਜਾਬ ਮੇਲ)-** ਪੈਗਾਸਸ ਸਬੰਧੀ ਅਮਰੀਕੀ ਅਦਾਲਤ ਦੇ ਆਏ ਫੈਸਲੇ ਬਾਅਦ ਭਾਰਤ ਵਿੱਚ ਇਜ਼ਰਾਇਲੀ ਕੰਪਨੀ ਦੇ ਇਸ ਸਪਾਈਵੇਅਰ ਰਾਹੀਂ ਜਾਸੂਸੀ ਕਰਾਉਣ ਦਾ ਮਾਮਲਾ ਮੁੜ ਸੁਰਖੀਆਂ ਵਿਚ ਆ ਗਿਆ ਹੈ। ਕਾਂਗਰਸ ਨੇ ਪੈਗਾਸਸ ਰਾਹੀਂ ਜਾਸੂਸੀ ਕਰਾਏ ਜਾਣ ਸਬੰਧੀ ਦੋਸ਼ਾਂ 'ਤੇ ਕੇਂਦਰ ਨੂੰ ਮੁੜ ਤੋਂ ਘੇਰਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਵਿਚ ਪੈਗਾਸਸ ਸਪਾਈਵੇਅਰ ਮਾਮਲੇ ਵਿਚ ਆਏ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਕਿਵੇਂ 300 ਭਾਰਤੀਆਂ ਦੇ ਵ੍ਹਟਸਐਪ ਨੰਬਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਸਵਾਲ ਕੀਤਾ ਹੈ ਕਿ ਇਸ ਫ਼ੈਸਲੇ ਦੇ ਮੱਦੇਨਜ਼ਰ ਕੀ ਹੁਣ ਸੁਪਰੀਮ ਕੋਰਟ ਅਗਲੀ ਜਾਂਚ ਕਰਵਾਉਣ ਬਾਰੇ ਕੋਈ ਨਿਰਦੇਸ਼ ਦੇਵੇਗੀ।

■ **ਕਾਂਗਰਸ ਵੱਲੋਂ ਸੁਪਰੀਮ ਕੋਰਟ ਤੋਂ ਜਾਂਚ ਕਰਾਉਣ ਦੀ ਮੰਗ**

ਕੈਲੀਫੋਰਨੀਆ ਦੇ ਔਕਲੈਂਡ ਸਥਿਤ ਜ਼ਿਲ੍ਹਾ ਜੱਜ ਫਿਲਿਸ ਹੈਮਿਲਟਨ ਨੇ ਸ਼ੁੱਕਰਵਾਰ ਨੂੰ ਵ੍ਹਟਸਐਪ ਦੇ ਪੱਖ ਵਿਚ ਫ਼ੈਸਲਾ ਸੁਣਾਉਂਦਿਆਂ ਐੱਨ.ਐੱਸ.ਓ. (ਪੈਗਾਸਸ ਸਪਾਈਵੇਅਰ ਬਣਾਉਣ ਵਾਲੀ ਕੰਪਨੀ) ਨੂੰ ਹੈਕਿੰਗ ਅਤੇ ਸਮਝੌਤੇ ਦੀ ਉਲੰਘਣਾ ਲਈ ਜ਼ਿੰਮੇਵਾਰ ਠਹਿਰਾਇਆ ਸੀ। ਅਦਾਲਤ ਨੇ ਕਿਹਾ ਕਿ ਹੁਣ ਇਸ ਕੇਸ ਵਿਚ ਸਿਰਫ਼ ਮੁਆਵਜ਼ੇ ਦੇ ਸਵਾਲ 'ਤੇ ਹੀ ਸੁਣਵਾਈ ਹੋਵੇਗੀ।

ਪੈਗਾਸਸ ਤੇ ਵ੍ਹਟਸਐਪ ਦਾ ਵਿਵਾਦ ਭਾਰਤ ਵਿਚ ਵੀ ਚੱਲ ਰਿਹਾ ਹੈ। ਸਾਲ 2019 ਤੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ। ਪਿਛਲੇ ਸਾਲ ਵਿਰੋਧੀ ਧਿਰ ਦੇ ਕੁੱਝ ਆਗੂਆਂ ਦੇ ਆਈਫੋਨ 'ਤੇ ਐਪਲ ਵੱਲੋਂ ਭੇਜੀ ਚਿਤਾਵਨੀ ਮਗਰੋਂ ਇਹ ਮਾਮਲਾ ਮੁੜ ਚਰਚਾ ਵਿਚ ਆਇਆ ਸੀ। ਹੁਣ ਜਦੋਂ ਐੱਨ.ਐੱਸ.ਓ. ਅਮਰੀਕੀ ਅਦਾਲਤ ਵਿਚ ਕੇਸ ਹਾਰ ਗਿਆ ਹੈ, ਤਾਂ ਭਾਰਤ ਵਿਚ ਮੁੜ ਇਸ ਦੀਆਂ ਪੁਰਾਣੀਆਂ ਫਾਈਲਾਂ ਖੋਲ੍ਹੀਆਂ ਜਾ ਸਕਦੀਆਂ ਹਨ।

ਸੁਰਜੇਵਾਲਾ ਨੇ ਇਸ ਸਬੰਧੀ ਇੱਕ ਮੀਡੀਆ ਰਿਪੋਰਟ ਸਾਂਝੀ ਕਰਦਿਆਂ 'ਐਕਸ' 'ਤੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਜਵਾਬ ਦੇਵੇ ਕਿ ਜਿਨ੍ਹਾਂ 300 ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਉਹ ਕੌਣ ਸਨ। ਕਾਂਗਰਸ ਆਗੂ ਨੇ ਪੁੱਛਿਆ, "ਦੋ ਕੇਂਦਰੀ ਮੰਤਰੀ ਕੌਣ ਹਨ? ਵਿਰੋਧੀ ਧਿਰ ਦੇ ਤਿੰਨ ਆਗੂ ਕੌਣ ਹਨ? ਸੰਵਿਧਾਨਕ ਅਧਿਕਾਰੀ ਕੌਣ ਹਨ? ਪੱਤਰਕਾਰ ਕੌਣ ਹਨ? ਕਾਰੋਬਾਰੀ ਕੌਣ ਹਨ? ਭਾਜਪਾ ਸਰਕਾਰ ਅਤੇ ਏਜੰਸੀਆਂ ਨੇ ਕਿਹੜੀ ਜਾਣਕਾਰੀ ਹਾਸਲ ਕੀਤੀ ਹੈ?" ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਕੀ ਹੁਣ ਮੌਜੂਦਾ ਸਰਕਾਰ ਦੇ ਆਗੂਆਂ ਜਾਂ ਅਧਿਕਾਰੀਆਂ ਵੱਲੋਂ ਐੱਨ.ਐੱਸ.ਓ. ਦੀ ਮਾਲਕੀ ਵਾਲੀ ਕੰਪਨੀ ਖ਼ਿਲਾਫ਼ ਢੁੱਕਵੇਂ ਅਪਰਾਧਕ ਮਾਮਲੇ ਦਰਜ ਕੀਤੇ ਜਾਣਗੇ? ਸੁਰਜੇਵਾਲਾ ਨੇ ਕਿਹਾ, "ਕੀ ਸੁਪਰੀਮ ਕੋਰਟ ਮੇਟਾ ਬਨਾਮ ਐੱਨ.ਐੱਸ.ਓ. ਮਾਮਲੇ ਵਿਚ ਅਮਰੀਕੀ ਅਦਾਲਤ ਦੇ ਫੈਸਲੇ ਵੱਲ ਧਿਆਨ ਦੇਵੇਗੀ? ਕੀ ਸੁਪਰੀਮ ਕੋਰਟ 2021-22 ਵਿਚ ਪੈਗਾਸਸ ਸਪਾਈਵੇਅਰ ਬਾਰੇ ਤਕਨੀਕੀ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਜਨਤਕ ਕਰੇਗੀ।" ਉਨ੍ਹਾਂ ਕਿਹਾ ਕਿ ਕੀ ਫੇਸਬੁੱਕ (ਹੁਣ ਮੇਟਾ) ਨੂੰ ਪੈਗਾਸਸ ਦਾ ਸ਼ਿਕਾਰ ਹੋਏ 300 ਭਾਰਤੀਆਂ ਦੇ ਨਾਮ ਜਾਰੀ ਕਰਨ ਦੀ ਜ਼ਿੰਮੇਵਾਰੀ ਨਹੀਂ ਲੈਣੀ ਚਾਹੀਦੀ?"

# ਬਚਤ ਮਾਮਲੇ 'ਚ ਚੀਨ, ਇੰਡੋਨੇਸ਼ੀਆ ਤੇ ਰੂਸ ਤੋਂ ਬਾਅਦ ਚੌਥੇ ਨੰਬਰ 'ਤੇ ਭਾਰਤੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਵਿਚ ਬਚਤ ਦਾ ਮਹੱਤਵ ਲੰਬੇ ਸਮੇਂ ਤੋਂ ਰਿਹਾ ਹੈ। ਅੱਜ ਵੀ ਭਾਰਤ ਦੀ ਬਚਤ ਦਰ ਗਲੋਬਲ ਔਸਤ ਨਾਲੋਂ ਵੱਧ ਹੈ। ਦੇਸ਼ ਦੇ ਸਭ ਤੋਂ ਵੱਡੇ ਜਨਤਕ ਖੇਤਰ ਦੇ ਬੈਂਕ, ਸਟੇਟ ਬੈਂਕ ਆਫ ਇੰਡੀਆ ਦੀ ਐੱਸ.ਬੀ.ਆਈ. ਈਕੋਰੈਪ ਰਿਪੋਰਟ ਅਨੁਸਾਰ, ਭਾਰਤ ਦੀ ਬਚਤ ਦਰ 30.2% ਹੈ, ਜੋ ਕਿ 28.2% ਦੀ ਵਿਸ਼ਵ ਔਸਤ ਤੋਂ ਵੱਧ ਹੈ। ਬਚਤ ਦੇ ਮਾਮਲੇ 'ਚ ਭਾਰਤ ਚੌਥੇ ਨੰਬਰ 'ਤੇ ਹੈ। ਚੀਨ, ਇੰਡੋਨੇਸ਼ੀਆ ਅਤੇ ਰੂਸ ਭਾਰਤ ਤੋਂ ਅੱਗੇ ਹਨ। ਚੀਨ ਦੀ ਬਚਤ ਦਰ 46.6%, ਇੰਡੋਨੇਸ਼ੀਆ ਦੀ 38.1% ਅਤੇ ਰੂਸ ਦੀ 31.7% ਹੈ। ਇਹ ਮਜ਼ਬੂਤ ਬਚਤ ਸੱਭਿਆਚਾਰ ਦੇਸ਼ ਵਿਚ ਵਧ ਰਹੇ ਵਿੱਤੀ ਸਮਾਵੇਸ਼ ਨੂੰ ਦਰਸਾਉਂਦਾ ਹੈ, ਜਿੱਥੇ 2011 ਵਿਚ ਸਿਰਫ਼ 50% ਦੇ ਮੁਕਾਬਲੇ ਹੁਣ 80% ਤੋਂ ਵੱਧ ਬਾਲਗਾਂ ਕੋਲ ਰਸਮੀ ਵਿੱਤੀ ਖਾਤੇ ਹਨ।

ਵੱਖ-ਵੱਖ ਉਪਾਵਾਂ ਦੇ ਕਾਰਨ, ਘਰੇਲੂ ਬਚਤ ਦਾ ਪੈਟਰਨ ਵੀ ਬਦਲ ਗਿਆ ਹੈ ਅਤੇ ਹੁਣ ਵਿੱਤੀ ਸਾਧਨਾਂ ਵੱਲ ਵਧੇਰੇ ਝੁਕਾਅ ਦਿਖ ਰਿਹਾ ਹੈ। ਰਿਪੋਰਟ ਅਨੁਸਾਰ, ਪਿਛਲੇ ਕੁਝ ਸਾਲਾਂ ਵਿਚ ਕੁੱਲ ਘਰੇਲੂ ਬਚਤਾਂ ਵਿਚ ਸ਼ੁੱਧ ਵਿੱਤੀ ਬਚਤ ਦੇ ਹਿੱਸੇ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ, ਜੋ ਕਿ ਵਿੱਤੀ ਸਾਲ 2014 ਵਿਚ 36% ਤੋਂ ਵਿੱਤੀ ਸਾਲ 2021 ਵਿਚ ਲਗਭਗ 52% ਹੋ ਗਿਆ ਹੈ। ਹਾਲਾਂਕਿ, 2022 ਅਤੇ 2023 ਵਿਚ ਇਸ ਵਿਚ ਮਾਮੂਲੀ ਗਿਰਾਵਟ ਦੇਖੀ ਗਈ। 2024 ਲਈ ਹਾਲੀਆ ਰੁਝਾਨਾਂ ਵਿਚ ਭੌਤਿਕ ਬਚਤ ਵਿਚ ਕਮੀ ਦੇ ਸੰਕੇਤ ਮਿਲਦੇ ਹਨ, ਜਿਸ ਕਾਰਨ ਵਿੱਤੀ ਸਾਧਨਾਂ ਵਲੋਂ ਫਿਰ ਤੋਂ ਰੁਝਾਨ ਵਧਿਆ ਹੈ।

ਵਿੱਤੀ ਬਚਤ ਦੇ ਅੰਦਰ ਪ੍ਰੰਪਰਾਗਤ ਵਿਕਲਪਾਂ, ਜਿਵੇਂ ਕਿ ਬੈਂਕ ਡਿਪਾਜ਼ਿਟ ਅਤੇ ਨਕਦ ਦੀ ਹਿੱਸੇਦਾਰੀ ਘੱਟ ਰਹੀ ਹੈ। ਇਸ ਦੇ ਨਾਲ ਹੀ, ਮਿਊਚੁਅਲ ਫੰਡ ਅਤੇ ਇਕੁਇਟੀ ਵਰਗੇ ਉਭਰ ਰਹੇ ਨਿਵੇਸ਼ ਵਿਕਲਪ ਘਰੇਲੂ ਬਚਤਾਂ ਲਈ ਤੇਜ਼ੀ ਨਾਲ ਤਰਜੀਹੀ ਵਿਕਲਪ ਬਣ ਰਹੇ ਹਨ।

ਉਦਾਹਰਨ ਲਈ, ਮਿਉਚੁਅਲ ਫੰਡ ਘਰੇਲੂ ਬਚਤਾਂ ਨੂੰ ਚੈਨਲਾਈਜ਼ ਕਰਨ ਲਈ ਨੰਬਰ ਇੱਕ ਵਿਕਲਪ ਬਣ ਗਏ ਹਨ, ਨਵੇਂ 'ਸਿੱਪ' ਰਜਿਸਟ੍ਰੇਸ਼ਨਾਂ ਵਿਚ 2018 ਤੋਂ ਚਾਰ ਗੁਣਾ ਵਾਧਾ ਹੋ ਕੇ 4.8 ਕਰੋੜ ਹੋ ਗਿਆ ਹੈ। ਇਸ ਦੇ ਨਾਲ ਹੀ, 'ਸ਼ੇਅਰਾਂ ਅਤੇ ਡਿਬੈਂਚਰਾਂ' ਵਿਚ ਘਰੇਲੂ ਨਿਵੇਸ਼ ਵਿੱਤੀ ਸਾਲ 2014 ਵਿਚ ਜੀ.ਡੀ.ਪੀ. ਦਾ 0.2% ਸੀ, ਜੋ ਕਿ ਵਿੱਤੀ ਸਾਲ 2024 ਵਿਚ 1% ਤੱਕ ਵੱਧ ਗਿਆ ਹੈ, ਅਤੇ ਘਰੇਲੂ ਵਿੱਤੀ ਬਚਤਾਂ ਵਿਚ 5% ਦਾ ਯੋਗਦਾਨ ਪਾ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਘਰੇਲੂ ਬਚਤ ਹੁਣ ਦੇਸ਼ ਦੀਆਂ ਪੂੰਜੀ ਲੋੜਾਂ ਨੂੰ ਪੂਰਾ ਕਰਨ ਵਿਚ ਤੇਜ਼ੀ ਨਾਲ ਯੋਗਦਾਨ ਪਾ ਰਹੀ ਹੈ। ਐੱਸ.ਬੀ.ਆਈ. ਦੀ ਰਿਪੋਰਟ ਅਨੁਸਾਰ, ਉੱਚ ਮਾਰਕੀਟ ਪੂੰਜੀਕਰਣ (ਉੱਚ ਐੱਮ.ਸੀ.ਏ.ਪੀ.) ਇੱਕ ਮਜ਼ਬੂਤ ਆਰਥਿਕਤਾ ਦਾ ਸੰਕੇਤ ਹੈ ਅਤੇ ਨਿਵੇਸ਼ਕਾਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ, ਜੋ ਸਮੁੱਚੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੰਦਾ ਹੈ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਮਾਰਕੀਟ ਪੂੰਜੀਕਰਣ ਵਿਚ 1 ਪ੍ਰਤੀਸ਼ਤ ਵਾਧੇ ਨਾਲ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ) ਵਿਕਾਸ ਦਰ ਵਿਚ 0.6 ਪ੍ਰਤੀਸ਼ਤ ਵਾਧਾ ਹੁੰਦਾ ਹੈ।

ਇਸ ਦੇ ਨਾਲ ਹੀ ਰਿਪੋਰਟ ਵਿਚ ਇਹ ਵੀ ਉਜਾਗਰ ਕੀਤਾ ਗਿਆ ਹੈ ਕਿ ਪਿਛਲੇ 10 ਸਾਲਾਂ ਵਿਚ ਭਾਰਤੀ ਕੰਪਨੀਆਂ ਦੁਆਰਾ ਪੂੰਜੀ ਬਾਜ਼ਾਰਾਂ ਤੋਂ ਇਕੱਠੀ ਕੀਤੀ ਗਈ ਰਕਮ ਵਿਚ 10 ਗੁਣਾ ਵਾਧਾ ਹੋਇਆ ਹੈ। ਇਹ ਰਕਮ ਵਿੱਤੀ ਸਾਲ 2014 'ਚ 12,068 ਕਰੋੜ ਰੁਪਏ ਸੀ, ਜੋ ਵਿੱਤੀ ਸਾਲ 2025 'ਚ (ਅਕਤੂਬਰ ਤੱਕ) ਵਧ ਕੇ 1.21 ਲੱਖ ਕਰੋੜ ਰੁਪਏ ਹੋ ਗਈ ਹੈ।

# ਆਈਫਲ ਟਾਵਰ 'ਚ ਲੱਗੀ ਅੱਗ, 1200 ਲੋਕਾਂ ਨੂੰ ਕੱਢਿਆ ਗਿਆ ਸੁਰੱਖਿਅਤ

**ਪੈਰਿਸ, (ਪੰਜਾਬ ਮੇਲ)-** ਪੈਰਿਸ ਦੇ ਆਈਫਲ ਟਾਵਰ 'ਚ ਭਿਆਨਕ ਅੱਗ ਲੱਗ ਗਈ। ਪੂਰੇ ਟਾਵਰ ਨੂੰ ਤੁਰੰਤ ਖਾਲੀ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਟਾਵਰ ਦੀ ਲਿਫਟ 'ਚ ਅੱਗ ਲੱਗ ਗਈ, ਜਿਸ ਤੋਂ ਬਾਅਦ ਪੂਰੇ ਟਾਵਰ ਨੂੰ ਖਾਲੀ ਕਰਵਾਉਣਾ ਪਿਆ। ਟਾਵਰ 'ਤੇ ਮੌਜੂਦ ਸੈਲਾਨੀਆਂ ਨੂੰ ਇਤਿਹਾਸਕ ਸਥਾਨ ਤੋਂ ਦੂਰ ਲਿਜਾਇਆ ਗਿਆ। ਕ੍ਰਿਸਮਸ ਦੀ ਸ਼ਾਮ ਹੋਣ ਕਾਰਨ ਟਾਵਰ 'ਤੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ ਸਨ। ਹਾਲਾਂਕਿ, ਸਾਰਿਆਂ ਨੂੰ ਸਮੇਂ ਸਿਰ ਬਾਹਰ ਕੱਢ ਕੇ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਗਿਆ। ਇਸ ਦੇ ਨਾਲ ਹੀ ਘਟਨਾ ਤੋਂ ਬਾਅਦ ਆਈਫਲ ਟਾਵਰ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


ਮਿਰਰ ਯੂ.ਕੇ. ਦੀ ਰਿਪੋਰਟ ਅਨੁਸਾਰ, ਟਾਵਰ ਦੀ ਸਾਂਭ-ਸੰਭਾਲ ਕਰਨ ਵਾਲੀ ਕੰਪਨੀ SETE ਦੇ ਬੁਲਾਰੇ ਦੇ ਅਨੁਸਾਰ, ਅਲਾਰਮ ਇੱਕ ਉੱਚੀ ਪਾਵਰ ਰੇਲ ਵਿਚ ਸ਼ਾਰਟ ਸਰਕਟ ਕਾਰਨ ਹੋਇਆ ਸੀ। ਅਜਿਹੀ ਹੀ ਸਮੱਸਿਆ ਇਤਿਹਾਸਕ ਇਮਾਰਤ ਦੀ ਦੂਜੀ ਮੰਜ਼ਿਲ ਅਤੇ ਉਪਰਲੀ ਮੰਜ਼ਿਲ 'ਤੇ ਵੀ ਦੇਖਣ ਨੂੰ ਮਿਲੀ। ਸ਼ਾਰਟ ਸਰਕਟ ਤੋਂ ਬਾਅਦ ਸਵੇਰੇ 10.50 ਵਜੇ ਅਲਾਰਮ ਵੱਜਣਾ ਸ਼ੁਰੂ ਹੋ ਗਿਆ। ਬੁਲਾਰੇ ਨੇ ਕਿਹਾ ਕਿ ਮੌਜੂਦਾ ਸੁਰੱਖਿਆ ਪ੍ਰਕਿਰਿਆਵਾਂ ਦੇ ਮੁਤਾਬਕ ਅਸੀਂ ਆਈਫਲ ਟਾਵਰ ਨੂੰ ਖਾਲੀ ਕਰਵਾ ਲਿਆ ਹੈ।

# 1984 ਦੰਗੇ : ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਰਿਪੋਰਟ ਦਾਖ਼ਲ ਕਰਨ ਦੀ ਹਦਾਇਤ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 1984 ਦੇ ਸਿੱਖਾਂ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਉਹ ਦੋ ਹਫ਼ਤਿਆਂ ਦੇ ਅੰਦਰ ਮੁਕੱਦਮਿਆਂ ਸਬੰਧੀ ਤਾਜ਼ਾ ਰਿਪੋਰਟ ਦਾਖ਼ਲ ਕਰੇ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਔਗਸਟਿਨ ਜੌਰਜ ਮਸੀਹ ਦੇ ਇਕ ਬੈਂਚ ਨੇ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੂੰ ਇਕ ਹਲਫ਼ੀਆ ਬਿਆਨ ਦਾਖ਼ਲ ਕਰਨ ਲਈ ਕਿਹਾ ਅਤੇ ਮਾਮਲੇ ਵਿਚ ਪਟੀਸ਼ਨਰਾਂ ਨੂੰ ਵਿਸਥਾਰ ਵਿਚ ਇਤਰਾਜ਼ ਦਾਖ਼ਲ ਕਰਨ ਦੀ ਇਜਾਜ਼ਤ ਦਿੱਤੀ। ਸੁਣਵਾਈ ਦੌਰਾਨ, ਭਾਟੀ ਨੇ ਕਿਹਾ ਕਿ ਸਿਖ਼ਰਲੀ ਅਦਾਲਤ ਵੱਲੋਂ ਕਾਇਮ ਕੀਤੀ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਪਟੀਸ਼ਨਰਾਂ 'ਚੋਂ ਇਕ ਵੱਲੋਂ ਪੇਸ਼ ਹੋਏ ਇਕ ਵਕੀਲ ਨੇ ਕਿਹਾ ਕਿ ਸਿਟ ਦੀ ਰਿਪੋਰਟ ਵਿਚ ਕਈ ਹੈਰਾਨ ਕਰਨ ਵਾਲੀਆਂ ਗੱਲਾਂ ਸਨ। ਉਨ੍ਹਾਂ ਕਿਹਾ ਕਿ ਇਕ ਐੱਫ.ਆਈ.ਆਰ. ਵਿਚ 500 ਕੇਸਾਂ ਨੂੰ ਇਕੱਠਾ ਕਰ ਦਿੱਤਾ ਗਿਆ।

■ **ਪਟੀਸ਼ਨਰਾਂ ਨੂੰ ਵਿਸਥਾਰ 'ਚ ਇਤਰਾਜ਼ ਦਾਖਲ ਕਰਨ ਦੀ ਦਿੱਤੀ ਇਜਾਜ਼ਤ**

# ਰੂਸ 'ਚ ਵਟਸਐਪ 2025 'ਚ ਹੋ ਸਕਦੈ ਬਲੌਕ !




**ਮਾਸਕੋ, (ਪੰਜਾਬ ਮੇਲ)-** ਮੈਟਾ-ਮਾਲਕੀਅਤ ਵਾਲੇ ਵਟਸਐਪ ਮੈਸੇਂਜਰ (ਰੂਸ ਵਿੱਚ ਅੱਤਵਾਦ ਕਾਰਨ ਪਾਬੰਦੀਸ਼ੁਦਾ) ਦੇ 2025 ਵਿਚ ਰੂਸ ਵਿਚ ਬਲੌਕ ਹੋਣ ਦੀ ਸੰਭਾਵਨਾ ਵੱਧ ਜਾਵੇਗੀ, ਜੇਕਰ ਉਸਦੀ ਲੀਡਰਸ਼ਿਪ ਰੂਸੀ ਕਾਨੂੰਨ ਦੀ ਪਾਲਣਾ ਨਹੀਂ ਕਰਦੀ ਹੈ। ਰਸ਼ੀਅਨ ਫੈਡਰੇਸ਼ਨ ਕੌਂਸਲ ਵਿਚ ਡਿਜੀਟਲ ਅਰਥਵਿਵਸਥਾ ਵਿਕਾਸ ਕੌਂਸਲ ਦੇ ਉਪ ਚੇਅਰਮੈਨ ਆਰਟੇਮ ਸ਼ੇਕਿਨ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਸ਼ੇਕਿਨ ਨੇ ਕਿਹਾ, "ਜੇ ਮੈਸੇਂਜਰ ਕੁਝ ਜ਼ਰੂਰਤਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਇਸਦੇ ਬਲੌਕ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। 2025 ਵਿਚ ਰੂਸ ਵਿਚ ਵਟਸਐਪ ਦੀ ਸਥਿਤੀ ਦਾ ਵਿਕਾਸ ਉਪਭੋਗਤਾਵਾਂ ਅਤੇ ਪੱਤਰ ਵਿਹਾਰ ਬਾਰੇ ਜਾਣਕਾਰੀ ਸਟੋਰ ਕਰਨ ਦੇ ਮੁੱਦੇ 'ਤੇ ਮੈਸੇਂਜਰ ਦੇ ਪ੍ਰਬੰਧਨ ਦੀ ਸਥਿਤੀ 'ਤੇ ਨਿਰਭਰ ਕਰੇਗਾ ਅਤੇ ਇਸ ਨੂੰ ਸੰਘੀ ਸੁਰੱਖਿਆ ਸੇਵਾ ਦੀ ਬੇਨਤੀ 'ਤੇ ਪ੍ਰਦਾਨ ਕੀਤਾ ਜਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਵਿਦੇਸ਼ੀ ਕੰਪਨੀਆਂ ਇਹ ਸਮਝਣ ਕਿ ਰਸ਼ੀਅਨ ਫੈਡਰੇਸ਼ਨ ਦੇ ਖੇਤਰ 'ਤੇ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇ ਕੇ, ਉਨ੍ਹਾਂ ਨੂੰ ਸਾਡੇ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ, ਨਹੀਂ ਤਾਂ ਉਨ੍ਹਾਂ ਦਾ ਕੰਮ ਅਸੰਭਵ ਹੋ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕੀ ਸਰਕਾਰ ਵੱਲੋਂ ਤਹੱਵੁਰ ਰਾਣਾ ਦੀ ਪਟੀਸ਼ਨ ਖਾਰਜ ਕਰਨ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਸੁਪਰੀਮ ਕੋਰਟ ਨੂੰ



ਮੁੰਬਈ ਅੱਤਵਾਦੀ ਹਮਲੇ 'ਚ ਦੋਸ਼ੀ ਤਹੱਵੁਰ ਰਾਣਾ ਦੀ ਭਾਰਤ ਹਵਾਲੇ ਕੀਤੇ ਜਾਣ ਖ਼ਿਲਾਫ਼ ਦਾਇਰ ਪਟੀਸ਼ਨ ਖਾਰਜ ਕਰਨ ਦੀ ਮੰਗ ਕੀਤੀ ਹੈ। ਭਾਰਤ ਰਾਣਾ ਦੀ ਹਵਾਲਗੀ ਮੰਗ ਰਿਹਾ ਹੈ ਕਿਉਂਕਿ ਉਹ ਮੁੰਬਈ ਅੱਤਵਾਦੀ ਹਮਲੇ ਦੇ ਮਾਮਲੇ 'ਚ ਲੋੜੀਂਦਾ ਹੈ। ਸਾਨ ਫਰਾਂਸਿਸਕੋ 'ਚ ਅਮਰੀਕੀ ਅਪੀਲੀ ਅਦਾਲਤ ਸਮੇਤ ਹੇਠਲੀਆਂ ਅਦਾਲਤਾਂ ਤੇ ਕਈ ਸੰਘੀ ਅਦਾਲਤਾਂ ਤੋਂ ਰਾਹਤ ਨਾ ਮਿਲਣ ਮਗਰੋਂ ਰਾਣਾ ਨੇ 13 ਨਵੰਬਰ ਨੂੰ ਅਮਰੀਕੀ ਸੁਪਰੀਮ ਕੋਰਟ ਸਾਹਮਣੇ ਪਟੀਸ਼ਨ ਦਾਇਰ ਕੀਤੀ ਸੀ। ਭਾਰਤ ਹਵਾਲੇ ਕੀਤੇ ਜਾਣ ਖ਼ਿਲਾਫ਼ ਕੋਈ ਕਾਨੂੰਨੀ ਰਾਹਤ ਹਾਸਲ ਕਰਨ ਦਾ ਰਾਣਾ ਕੋਲ ਇਹ ਆਖਰੀ ਮੌਕਾ ਹੈ। ਅਮਰੀਕੀ ਸੌਲਿਸੀਟਰ ਜਨਰਲ ਐਲਿਜ਼ਾਬੈੱਥ ਬੀ ਪ੍ਰੀਲੋਗਰ ਨੇ 16 ਦਸੰਬਰ ਨੂੰ ਸੁਪਰੀਮ ਕੋਰਟ 'ਚ ਕਿਹਾ, "ਪਟੀਸ਼ਨ ਖਾਰਜ ਕਰ ਦਿੱਤੀ ਜਾਣੀ ਚਾਹੀਦੀ ਹੈ।"

# ਸੁੰਦਰ ਪਿਚਾਈ ਵੱਲੋਂ ਗੂਗਲ ਕਰਮਚਾਰੀਆਂ ਦੀ ਛਾਂਟੀ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਗੂਗਲ ਦੇ ਕਰਮਚਾਰੀਆਂ ਲਈ ਬੁਰੀ ਖਬਰ ਹੈ। ਕੰਪਨੀ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਸੰਕੇਤ ਦਿੱਤਾ ਹੈ ਕਿ ਗੂਗਲ ਪ੍ਰਬੰਧਕਾਂ, ਨਿਰਦੇਸ਼ਕਾਂ ਅਤੇ ਉਪ ਪ੍ਰਧਾਨਾਂ ਵਰਗੇ ਅਹੁਦਿਆਂ 'ਤੇ ਕੰਮ ਕਰ ਰਹੇ ਆਪਣੇ 10 ਫੀਸਦੀ ਕਰਮਚਾਰੀਆਂ ਦੀ ਛਾਂਟੀ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਹ ਫੈਸਲਾ ਓਪਨ.ਏ.ਆਈ. ਨਾਲ ਮੁਕਾਬਲਾ ਵਧਾਉਣ ਅਤੇ ਕੰਪਨੀ ਦੇ ਢਾਂਚੇ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਲਿਆ ਜਾ ਰਿਹਾ ਹੈ। ਗੂਗਲ ਇੰਡੀਆ ਨੇ ਵਿੱਤੀ ਸਾਲ 2024 'ਚ 7097 ਕਰੋੜ ਰੁਪਏ ਕਮਾਏ ਹਨ।

ਸੁੰਦਰ ਪਿਚਾਈ ਨੇ ਕਿਹਾ ਕਿ ਕੰਪਨੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਬਦਲਾਅ ਕੀਤੇ ਜਾ ਰਹੇ ਹਨ। ਜਿਨ੍ਹਾਂ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ, ਉਨ੍ਹਾਂ ਵਿਚੋਂ ਕੁਝ ਦੀ ਨੌਕਰੀ ਬਦਲ ਦਿੱਤੀ ਜਾਵੇਗੀ, ਜਦਕਿ ਬਾਕੀਆਂ ਨੂੰ ਛਾਂਟ ਦਿੱਤਾ ਜਾਵੇਗਾ।

ਸਾਲ 2022 'ਚ, ਗੂਗਲ ਨੇ 12,000 ਕਰਮਚਾਰੀਆਂ ਦੀ ਛਾਂਟੀ ਕੀਤੀ ਸੀ। ਇਸ ਸਾਲ ਮਈ 2024



ਵਿਚ ਕੋਰ ਟੀਮ ਵਿਚੋਂ 200 ਅਫਸਰਾਂ ਨੂੰ ਕੱਢ ਦਿੱਤਾ ਗਿਆ ਸੀ। ਹਾਲ ਹੀ 'ਚ ਗੂਗਲ ਦੇ ਕੈਲੀਫੋਰਨੀਆ ਦਫਤਰ ਤੋਂ ਇੰਜੀਨੀਅਰਿੰਗ ਟੀਮ ਦੇ 50 ਕਰਮਚਾਰੀਆਂ ਨੂੰ ਵੀ ਹਟਾ ਦਿੱਤਾ ਗਿਆ ਸੀ।

ਸੁੰਦਰ ਪਿਚਾਈ ਨੇ ਕਿਹਾ ਕਿ ਕਿਸੇ ਵੀ ਮਿਸ਼ਨ ਨੂੰ ਸਫ਼ਲ ਬਣਾਉਣ ਲਈ ਟੀਮ ਵਰਕ ਜ਼ਰੂਰੀ ਹੈ। 'ਗੁਗਲੀਨੈੱਸ' ਦਾ ਮਤਲਬ ਸਮਝਾਉਂਦੇ ਹੋਏ ਉਨ੍ਹਾਂ ਕਿਹਾ ਕਿ ਆਧੁਨਿਕ ਗੂਗਲ ਨੂੰ ਅਪਡੇਟ ਕਰਨ ਲਈ ਕਰਮਚਾਰੀਆਂ ਦੀ ਗੁਣਵੱਤਾ 'ਤੇ ਧਿਆਨ ਦੇਣਾ ਹੋਵੇਗਾ।

# ਭਾਰਤੀ ਨਿਵੇਸ਼ ਨਾਲ ਅਮਰੀਕਾ 'ਚ ਪੈਦਾ ਹੋ ਰਹੀਆਂ ਨੇ ਨੌਕਰੀਆਂ : ਅਮਰੀਕੀ ਰਾਜਦੂਤ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ



ਹੀ ਵਿਚ ਭਾਰਤੀ ਉਤਪਾਦਾਂ 'ਤੇ ਉੱਚ ਟੈਰਿਫ ਲਗਾਉਣ ਦੀ ਗੱਲ ਕੀਤੀ ਸੀ। ਇਸ ਬਿਆਨ ਦੇ ਸਬੰਧ ਵਿਚ ਅਮਰੀਕੀ ਰਾਜਦੂਤ ਨੇ ਅਗਲੇ ਟਰੰਪ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਭਾਰਤ ਨਾਲ ਘੱਟ ਟੈਰਿਫ, ਨਿਰਪੱਖ ਅਤੇ ਸਮਾਨ ਰੂਪ ਨਾਲ ਵਪਾਰ ਹੋਣਾ ਚਾਹੀਦਾ ਹੈ। ਖਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਅਮਰੀਕਾ 'ਚ ਭਾਰਤ ਦੀ ਵਧਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਭਾਰਤ ਵਿਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਕਿ "ਭਾਰਤੀ ਨਿਵੇਸ਼ ਨਾਲ ਅਮਰੀਕਾ ਵਿਚ ਨੌਕਰੀਆਂ ਪੈਦਾ ਹੋ ਰਹੀਆਂ ਹਨ।" ਹਾਲ ਹੀ 'ਚ ਡੋਨਾਲਡ ਟਰੰਪ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਭਾਰਤ 'ਤੇ ਉੱਚ ਟੈਰਿਫ ਦੀ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਰਤ ਅਮਰੀਕੀ ਉਤਪਾਦਾਂ 'ਤੇ ਬਹੁਤ ਜ਼ਿਆਦਾ ਟੈਰਿਫ ਲਗਾਉਂਦਾ ਹੈ ਅਤੇ ਇਸ ਦੇ ਜਵਾਬ 'ਚ ਉਨ੍ਹਾਂ ਦੀ ਸਰਕਾਰ ਵੀ ਭਾਰਤੀ ਉਤਪਾਦਾਂ 'ਤੇ ਉੱਚ ਟੈਰਿਫ ਲਗਾਏਗੀ।

# ਪੱਤਰਕਾਰੀ ਦਾ ਵਰਤਮਾਨ ਸਰੂਪ ਅਤੇ ਚੁਣੌਤੀਆਂ

ਪਟਿਆਲਾ, (ਪੰਜਾਬ ਮੇਲ)- ਪੱਤਰਕਾਰੀ ਵਿਚ ਪਿਛਲੇ ਪੰਜ ਦਹਾਕਿਆਂ ਵਿਚ ਵੱਡੇ ਪੱਧਰ 'ਤੇ ਤਬਦੀਲੀ ਆਈ ਹੈ। ਅਖ਼ਬਾਰਾਂ ਨੂੰ ਖ਼ਬਰਾਂ ਭੇਜਣ ਦੇ ਢੰਗ ਬਦਲ ਗਏ ਹਨ। ਸ਼ੁਰੂ ਵਿਚ ਖ਼ਬਰਾਂ ਭੇਜਣਾ ਔਖਾ ਕਾਰਜ ਸੀ ਪ੍ਰੰਤੂ ਸਮੇਂ ਦੀ ਤਬਦੀਲੀ ਨਾਲ ਤਾਰ ਪ੍ਰਣਾਲੀ, ਟੈਲੀਪ੍ਰਿੰਟਰ, ਫੈਕਸ ਅਤੇ ਹੁਣ ਈ.ਮੇਲ ਪ੍ਰਣਾਲੀ ਨਾਲ ਅਤਿਅੰਤ ਸੌਖਾ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ 'ਪੱਤਰਕਾਰੀ ਦਾ ਵਰਤਮਾਨ ਸਰੂਪ ਅਤੇ ਚੁਣੌਤੀਆਂ' ਬਾਰੇ ਜੀ.ਐੱਨ. ਗਰਲਜ਼ ਕਾਲਜ ਦੇ ਹੈਰੀਟੇਜ ਭਵਨ ਵਿਚ ਆਯੋਜਿਤ ਇੱਕ ਸੈਮੀਨਾਰ ਬੋਲਦਿਆਂ ਮੁੱਖਵਕਤਾ ਡਾ. ਹਰਜਿੰਦਰ ਪਾਲ ਸਿੰਘ ਵਾਲੀਆ ਨੇ ਕੀਤਾ। ਉਨ੍ਹਾਂ ਅੱਗੋਂ ਕਿਹਾ ਕਿ ਇਸ ਸਮੇਂ ਪੱਤਰਕਾਰੀ ਮਲਟੀ ਮੀਡੀਏ ਦੇ ਯੁੱਗ ਵਿਚ ਪਹੁੰਚ ਗਈ ਹੈ। ਅਜੋਕੇ ਸਮੇਂ ਵਿਚ ਪੱਤਰਕਾਰਾਂ ਲਈ ਸੱਚੀ ਖ਼ਬਰ ਦੀ ਪਛਾਣ ਕਰਨੀ ਮੁਸ਼ਕਲ ਹੋ ਗਈ ਹੈ। ਹਰ ਵਿਅਕਤੀ ਆਪਣੇ ਐਂਗਲ ਮੁਤਾਬਕ ਖ਼ਬਰ ਦਿੰਦਾ 'ਤੇ ਭੇਜਦਾ ਹੈ। ਅਮਰਜੀਤ ਸਿੰਘ ਵੜੈਚ ਨੇ ਕਿਹਾ ਕਿ ਪੱਤਰਕਾਰੀ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀਆਂ ਨਵੀਂਆਂ ਟੈਕਨਾਲੋਜੀ ਦੀਆਂ ਕਾਢਾਂ ਤੋਂ ਵੀ ਖ਼ਤਰਾ ਹੈ। ਪੱਤਰਕਾਰਾਂ ਦਾ ਸ਼ੋਸ਼ਣ ਵੀ ਹੁੰਦਾ ਹੈ। ਪ੍ਰੋ. ਰਣਵਿੰਦਰ ਸਿੰਘ ਸੰਧੂ ਨੇ ਪੱਤਰਕਾਰਾਂ ਵੱਲੋਂ ਆਪਣੀ ਮਰਜ਼ੀ ਅਨੁਸਾਰ ਸੱਚ ਛੁਪਾਉਣ 'ਤੇ ਚਿੰਤਾ ਪ੍ਰਗਟ ਕੀਤੀ। ਇਹ ਸਮਾਗਮ ਡਾ. ਸਤਨਾਮ ਸਿੰਘ ਸੰਧੂ ਮੁੱਖ ਸੰਪਾਦਕ, ਪੰਜਾਬ ਹੈਰੀਟੇਜ ਨੇ ਆਯੋਜਿਤ ਕੀਤਾ ਸੀ। ਇਸ ਮੌਕੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਹੈਰੀਟੇਜ ਭਵਨ ਵਿਚ ਸੰਵਾਦ ਦੀ ਪ੍ਰਣਾਲੀ ਲਗਾਤਾਰ ਚਾਲੂ ਰੱਖੀ ਜਾਵੇਗੀ।

ਸੈਮੀਨਾਰ ਵਿਚ ਉਜਾਗਰ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਦਾ ਉਨ੍ਹਾਂ ਦੀਆਂ ਸਾਹਿਤ ਅਤੇ ਪੱਤਰਕਾਰੀ ਵਿਚ ਪਾਏ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਉਜਾਗਰ ਸਿੰਘ ਨੇ ਆਪਣੇ ਨਿੱਜੀ ਤਜ਼ਰਬਿਆਂ ਦੇ ਆਧਾਰ 'ਤੇ ਬੋਲਦਿਆਂ ਕਿਹਾ ਕਿ ਸਰਕਾਰੀ ਪ੍ਰਭਾਵ ਅਧੀਨ ਕਈ ਵਾਰੀ ਸੱਚੀਆਂ ਖ਼ਬਰਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ, ਜਿਸ ਕਰਕੇ ਲੋਕ ਪੱਤਰਕਾਰਾਂ ਦੀਆਂ ਖ਼ਬਰਾਂ ਨਾਲ ਗ਼ਲਤ ਰਾਏ ਬਣਾ ਲੈਂਦੇ ਹਨ ਤੇ ਘਟਨਾ ਦੀ ਅਸਲੀਅਤ ਦਾ ਪਤਾ ਹੀ ਨਹੀਂ ਲੱਗਦਾ। ਇਸ ਮੌਕੇ 'ਤੇ ਡਾ. ਰਾਜਿੰਦਰ ਪਾਲ ਸਿੰਘ ਬਰਾੜ, ਅਜਾਇਬ ਸਿੰਘ ਚੱਠਾ ਜਗਤ ਪੰਜਾਬੀ ਸਭਾ ਕੈਨੇਡਾ, ਦਲ ਸਿੰਘ ਬਰਾੜ, ਸਤਨਾਮ ਚੌਹਾਨ, ਇੰਜ. ਜੁਗਰਾਜ ਸਿੰਘ, ਦਵਿੰਦਰ ਪਟਿਆਲਵੀ, ਸੁਖਵਿੰਦਰ ਚਹਿਲ, ਬਲਵਿੰਦਰ ਚਹਿਲ, ਰਵੇਲ ਸਿੰਘ ਭਿੰਡਰ, ਅੰਮ੍ਰਿਤ ਬੁੱਟਰ ਅਤੇ ਹੋਰ ਸਾਹਿਤਕਾਰਾਂ ਤੇ ਪੱਤਰਕਾਰਾਂ ਨੇ ਹਿੱਸਾ ਲਿਆ। ਡਾ. ਇਕਬਾਲ ਸਿੰਘ ਸੋਮੀਆ ਨੇ ਸਟੇਜ ਦਾ ਸੰਚਾਲਨ ਬਾਖ਼ੂਬੀ ਨਾਲ ਕੀਤਾ। ਸਕੂਲ ਦੀ ਪ੍ਰਿੰਸੀਪਲ ਨੇ ਸਾਰਿਆਂ ਦਾ ਧੰਨਵਾਦ ਕੀਤਾ।




ਉਜਾਗਰ ਸਿੰਘ ਦਾ ਸਨਮਾਨ ਕਰਦੇ ਹੋਏ ਡਾ. ਹਰਜਿੰਦਰ ਪਾਲ ਸਿੰਘ ਵਾਲੀਆ, ਡਾ. ਸਤਨਾਮ ਸਿੰਘ ਸੰਧੂ, ਡਾ. ਇਕਬਾਲ ਸਿੰਘ ਸੋਮੀਆ ਅਤੇ ਕਾਲਜ ਦੀ ਪ੍ਰਿੰਸੀਪਲ।

# 26 ਜਨਵਰੀ ਦੀ ਦਿੱਲੀ 'ਚ ਹੋਣ ਵਾਲੀ ਪਰੇਡ 'ਚ ਦਿਸੇਗੀ ਪੰਜਾਬ ਦੀ ਝਾਕੀ

**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਗਣਤੰਤਰ ਦਿਵਸ ਮੌਕੇ ਦਿੱਲੀ ਵਿਚ ਹੋਣ ਵਾਲੀ ਪਰੇਡ 'ਚ ਪੰਜਾਬ ਦੀ ਝਾਕੀ ਨਾਲ ਜੁੜੀ ਇਕ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਇਸ ਵਾਰ 26 ਜਨਵਰੀ ਦੀ ਪਰੇਡ ਵਿਚ ਪੰਜਾਬ ਦੀ ਝਾਕੀ ਨੂੰ ਕੇਂਦਰ ਸਰਕਾਰ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਇਸ ਵਾਰ ਦਿੱਲੀ ਵਿਚ 26 ਜਨਵਰੀ ਨੂੰ ਹੋਣ ਵਾਲੀ ਪਰੇਡ ਵਿਚ ਪੰਜਾਬ ਦੀ ਝਾਕੀ ਨਜ਼ਰ ਆਵੇਗੀ। ਝਾਕੀ ਵਿਚ ਪੰਜਾਬ ਦੇ ਸੱਭਿਆਚਾਰ ਦੇ ਰੰਗ ਵਿਖਾਏ ਜਾਣਗੇ। ਇਥੇ ਇਹ ਵੀ ਦੱਸਣਯੋਗ ਹੈ ਕਿ ਪਿਛਲੀ ਵਾਰ ਪੰਜਾਬ ਦੀ ਝਾਕੀ ਸਿਲੈਕਟ ਨਾ ਹੋਣ 'ਤੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਸੀ। ਉਥੇ ਹੀ ਹਰਿਆਣਾ ਅਤੇ ਚੰਡੀਗੜ੍ਹ ਦੀ ਝਾਕੀ ਵੀ ਚੁਣੀ ਗਈ ਹੈ, ਜਦਕਿ ਇਸ ਵਾਰ ਦਿੱਲੀ ਦੀ ਝਾਕੀ ਰਿਜੈਕਟ ਕਰ ਦਿੱਤੀ ਗਈ ਹੈ। ਹਰ ਸਾਲ 15 ਸੂਬਿਆਂ ਦੀਆਂ ਝਾਕੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਉਥੇ ਹੀ ਦਿੱਲੀ ਦੀ ਝਾਕੀ ਨਾ ਸਿਲੈਕਟ ਹੋਣ 'ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਨੂੰ ਦਿੱਲੀ ਦੇ ਲੋਕਾਂ ਤੋਂ ਪਤਾ ਨਹੀਂ ਇੰਨੀ ਨਫ਼ਰਤ ਕਿਉਂ ਹੈ? ਦਿੱਲੀ ਦੇ ਲੋਕ ਇਨ੍ਹਾਂ ਨੂੰ ਵੋਟ ਕਿਉਂ ਦੇਣ? ਉਥੇ ਹੀ ਉਨ੍ਹਾਂ ਵੱਲੋਂ ਕੇਂਦਰ ਸਰਕਾਰ ਨੂੰ ਮੰਗ ਕੀਤੀ ਗਈ ਹੈ ਕਿ ਦਿੱਲੀ ਤਾਂ ਦੇਸ਼ ਦੀ ਰਾਜਧਾਨੀ ਹੈ ਅਤੇ ਦੇਸ਼ ਦੀ ਰਾਜਧਾਨੀ ਹੋਣ ਦੇ ਨਾਤੇ ਹਰ ਸਾਲ ਦਿੱਲੀ ਦੀ ਝਾਕੀ ਪਰੇਡ 'ਚ ਸ਼ਾਮਲ ਹੋਣੀ ਚਾਹੀਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 84 ਦੰਗੇ; ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਦੋ ਹਫ਼ਤਿਆਂ 'ਚ ਸਾਰੇ ਕੇਸਾਂ ਦੀ ਸਟੇਟਸ ਰਿਪੋਰਟ ਮੰਗੀ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਮੁਕੱਦਮਿਆਂ ਬਾਰੇ ਸੱਜਰੀ ਸਟੇਟਸ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਇਸ ਕੰਮ ਲਈ ਦੋ ਹਫ਼ਤਿਆਂ ਦੀ ਮੋਹਲਤ ਦਿੱਤੀ ਹੈ। ਜਸਟਿਸ ਅਭੈ ਐੱਸ. ਓਕਾ ਤੇ ਜਸਟਿਸ ਅਗਸਟੀਨ ਜੌਰਜ ਮਸੀਹ ਨੇ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭੱਟੀ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਆਖਦਿਆਂ ਕੇਸ ਦੇ ਪਟੀਸ਼ਨਰਾਂ ਨੂੰ ਵਿਸਤ੍ਰਿਤ ਇਤਰਾਜ਼ ਦਾਖ਼ਲ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਉਂਝ ਸੁਣਵਾਈ ਦੌਰਾਨ ਭੱਟੀ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੀਆਂ ਸਿਫਾਰਸ਼ਾਂ ਅਮਲ 'ਚ ਲਿਆਂਦੀਆਂ ਗਈਆਂ ਹਨ।

ਇੱਕ ਪਟੀਸ਼ਨਰ ਵੱਲੋਂ ਪੇਸ਼ ਵਕੀਲ ਨੇ 'ਸਿਟ' ਦੀ ਰਿਪੋਰਟ ਵਿਚੋਂ ਕੁਝ ਸਪੱਸ਼ਟ ਮਿਸਾਲਾਂ ਕੋਰਟ ਅੱਗੇ ਰੱਖਦਿਆਂ ਕਿਹਾ ਕਿ ਇੱਕ ਐੱਫ.ਆਈ.ਆਰ. ਵਿਚ 500 ਕੇਸ ਸ਼ਾਮਲ ਕੀਤੇ ਗਏ ਸਨ ਅਤੇ ਜਾਂਚ ਅਧਿਕਾਰੀ ਉਨ੍ਹਾਂ ਦੀ ਜਾਂਚ ਨਹੀਂ ਕਰ ਸਕੇ। ਵਕੀਲ ਨੇ ਕਿਹਾ, "ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ, ਜਿੱਥੇ ਇਕ ਐੱਫ.ਆਈ.ਆਰ. 'ਚ 498 ਕੇਸਾਂ ਨੂੰ ਕਲੱਬ ਕੀਤਾ ਗਿਆ ਹੈ ਤੇ ਤਫ਼ਤੀਸ਼ੀ ਅਧਿਕਾਰੀ ਨੂੰ ਇਨ੍ਹਾਂ ਸਾਰਿਆਂ (ਕੇਸਾਂ) ਦੀ ਜਾਂਚ ਕਰਨ ਪਈ। ਸ਼ੁਰੂਆਤ ਵਿਚ ਜਦੋਂ ਸੁਣਵਾਈ ਸ਼ੁਰੂ ਹੋਈ ਸੀ, ਕੋਰਟ ਨੂੰ ਲੱਗਾ ਕਿ ਇਸ ਨੂੰ ਸਿਰਫ਼ ਦਿੱਲੀ ਤੱਕ ਸੀਮਤ ਰੱਖਿਆ ਜਾਣਾ ਚਾਹੀਦਾ ਹੈ। ਪਰ ਅਸੀਂ ਦੂਜੇ ਰਾਜਾਂ ਬਾਰੇ ਕੁਝ ਨਹੀਂ ਕੀਤਾ। ਅਸੀਂ ਕਾਨਪੁਰ, ਬੋਕਾਰੋ ਆਦਿ ਦੀਆਂ ਮਿਸਾਲਾਂ ਦਿੱਤੀਆਂ, ਪਰ ਕੁਝ ਨਹੀਂ ਹੋਇਆ।" ਸੁਪਰੀਮ ਕੋਰਟ ਨੇ ਪਟੀਸ਼ਨਰਾਂ ਨੂੰ ਯਕੀਨ ਦਿਵਾਇਆ ਕਿ ਉਹ ਇਨ੍ਹਾਂ ਸਾਰੇ ਪਹਿਲੂਆਂ ਨੂੰ ਦੇਖੇਗੀ।

**■ ਸਰਵਉੱਚ ਕੋਰਟ ਵੱਲੋਂ ਪਟੀਸ਼ਨਰਾਂ ਨੂੰ ਸਾਰੇ ਪਹਿਲੂਆਂ 'ਤੇ ਗੌਰ ਕਰਨ ਦਾ ਭਰੋਸਾ**

# ਅਕਾਲੀ ਦਲ 1920 ਵੱਲੋਂ ਸਿਆਸੀ ਚੋਣਾਂ ਨਾ ਲੜਨ ਦਾ ਐਲਾਨ

**ਚਮਕੌਰ ਸਾਹਿਬ, (ਪੰਜਾਬ ਮੇਲ)-** ਅਕਾਲੀ ਦਲ 1920 ਦੇ ਪ੍ਰਧਾਨ ਤੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਕਾਲ ਤਖ਼ਤ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿਆਸੀ ਚੋਣਾਂ ਨਹੀਂ ਲੜੇਗੀ, ਸਗੋਂ ਪੰਥਕ ਮੁੱਦਿਆਂ ਦੇ ਹੱਲ ਲਈ ਸੰਗਤ ਦੇ ਸਹਿਯੋਗ ਨਾਲ ਸੰਘਰਸ਼ ਜਾਰੀ ਰੱਖੇਗੀ। ਸਾਬਕਾ ਸਪੀਕਰ ਰਵੀਇੰਦਰ ਸਿੰਘ ਇਥੇ ਖਾਲਸਾ ਸਕੂਲ ਵਿਚ ਗੜ੍ਹੀ ਚਮਕੌਰ ਦੇ ਸਮੂਹ ਸਿੰਘਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸਿੱਖ ਪੰਥ ਦੀ ਹੋਂਦ ਤੇ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਕੀਤੀ ਗਈ ਸੀ, ਨਾ ਕਿ ਸਿਆਸਤ ਲਈ। ਉਨ੍ਹਾਂ ਪੰਥ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਸਥਾਪਨਾ ਪਿੰਡਾਂ ਦੀਆਂ ਗਲੀਆਂ ਨਾਲੀਆਂ ਬਣਾਉਣ ਲਈ ਨਹੀਂ, ਸਗੋਂ ਪੰਥ ਨਾਲ ਸਬੰਧਿਤ ਮਸਲਿਆਂ ਨੂੰ ਉਭਾਰ ਕੇ ਸਰਕਾਰ ਨਾਲ ਗੱਲਬਾਤ ਕਰਕੇ ਹੱਲ ਕਰਵਾਉਣ ਵਾਸਤੇ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ 2 ਦਸੰਬਰ ਨੂੰ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੂੰ ਸੁਣਾਈ ਗਈ ਸਜ਼ਾ ਨਾਲ ਅਕਾਲ ਤਖਤ ਸਾਹਿਬ ਦੀ ਸਰਬ-ਉੱਚਤਾ ਅਤੇ ਮਾਣ-ਮਰਿਆਦਾ ਬਹਾਲ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਦਲ ਦੇ ਆਗੂਆਂ ਵੱਲੋਂ ਧਾਰਮਿਕ ਸਜ਼ਾ ਪੂਰੀ ਕਰਨ ਉਪਰੰਤ ਇਨ੍ਹਾਂ ਹੁਕਮਨਾਮਿਆਂ ਨੂੰ ਬਦਲਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਪਹਿਲਾਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਕੀਤੀ ਗਈ, ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਰਾਣੇ ਕੇਸ ਨੂੰ ਆਧਾਰ ਬਣਾ ਉਨ੍ਹਾਂ ਦੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ, ਤਾਂ ਜੋ ਇਨ੍ਹਾਂ ਹੁਕਮਨਾਮਿਆਂ ਵਿਚ ਮਨਮਰਜ਼ੀ ਅਨੁਸਾਰ ਸਿੰਘ ਸਾਹਿਬਾਨ ਤੋਂ ਬਦਲਾਅ ਕਰਵਾਇਆ ਜਾ ਸਕੇ।

# ਅਦਾਲਤ ਨੇ ਜਯਾਪ੍ਰਦਾ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ

**ਮੁਰਾਦਾਬਾਦ, (ਪੰਜਾਬ ਮੇਲ)-** ਫਿਲਮ ਅਦਾਕਾਰਾ ਜਯਾਪ੍ਰਦਾ ਦੀਆਂ ਮੁਸ਼ਕਲਾਂ ਇਕ ਵਾਰੀ ਫਿਰ ਵਧ ਗਈਆਂ ਹਨ। ਵਿਸ਼ੇਸ਼ ਐੱਮ.ਪੀ.-ਐੱਮ.ਐੱਲ.ਐੱਲ. ਅਦਾਲਤ ਨੇ ਉਸ ਦੇ ਖ਼ਿਲਾਫ਼ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ ਹੈ। ਜਯਾਪ੍ਰਦਾ ਨੇ ਅਸ਼ਲੀਲ ਟਿੱਪਣੀ ਮਾਮਲੇ 'ਚ ਸੋਮਵਾਰ ਨੂੰ ਅਦਾਲਤ 'ਚ ਪੇਸ਼ ਹੋਣਾ ਸੀ ਪਰ ਉਹ ਨਹੀਂ ਪਹੁੰਚੀ, ਜਿਸ ਤੋਂ ਬਾਅਦ ਅਦਾਲਤ ਨੇ ਉਸ ਖ਼ਿਲਾਫ਼ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ। ਹੁਣ ਮਾਮਲੇ ਦੀ ਅਗਲੀ ਸੁਣਵਾਈ 9 ਜਨਵਰੀ ਤੈਅ ਕੀਤੀ ਗਈ ਹੈ। ਵਿਸ਼ੇਸ਼ ਸਰਕਾਰੀ ਵਕੀਲ ਮੋਹਨ ਲਾਲ ਬਿਸ਼ਨੋਈ ਨੇ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਮੁਰਾਦਾਬਾਦ ਦੇ ਕਟਘਰ ਇਲਾਕੇ 'ਚ ਆਜ਼ਮ ਖ਼ਾਨ ਦੇ ਸਨਮਾਨ ਸਮਾਰੋਹ 'ਚ ਸਪਾ ਨੇਤਾਵਾਂ ਨੇ ਜੈਪ੍ਰਦਾ 'ਤੇ ਅਸ਼ਲੀਲ ਟਿੱਪਣੀਆਂ ਕੀਤੀਆਂ ਸਨ। ਆਜ਼ਮ ਖ਼ਾਨ, ਤਤਕਾਲੀ ਸਾਂਸਦ ਡਾ. ਐੱਸ.ਟੀ. ਹਸਨ ਸਮੇਤ ਸਪਾ ਦੇ ਛੇ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਜਿਸ ਦੀ ਸੁਣਵਾਈ ਐੱਮ.ਪੀ. ਐੱਮ.ਐੱਲ.ਏ. ਦੀ ਵਿਸ਼ੇਸ਼ ਅਦਾਲਤ ਵਿਚ ਚੱਲ ਰਹੀ ਹੈ।

# ਓਹਾਇਓ ਸਟੇਟ ਹਾਊਸ ਤੇ ਸੈਨੇਟ ਵੱਲੋਂ ਅਕਤੂਬਰ ਨੂੰ 'ਹਿੰਦੂ ਵਿਰਾਸਤੀ ਮਹੀਨਾ' ਐਲਾਨਣ ਵਾਲੇ ਬਿੱਲ ਨੂੰ ਮਨਜ਼ੂਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਓਹਾਇਓ ਸਟੇਟ ਹਾਊਸ ਅਤੇ ਸੈਨੇਟ ਨੇ ਅਕਤੂਬਰ ਮਹੀਨੇ ਨੂੰ 'ਹਿੰਦੂ ਵਿਰਾਸਤੀ ਮਹੀਨਾ' ਐਲਾਨਣ ਲਈ ਇਕ ਬਿੱਲ ਪਾਸ ਕੀਤਾ ਹੈ। ਰਾਜ ਦੇ ਸੈਨੇਟਰ ਨੀਰਜ ਅੰਤਾਨੀ ਨੇ ਓਹਾਇਓ ਵਿਚ ਅਕਤੂਬਰ ਮਹੀਨੇ ਨੂੰ ਹਿੰਦੂ ਵਿਰਾਸਤੀ ਮਹੀਨੇ ਵਜੋਂ ਮਨੋਨੀਤ ਕਰਨ ਲਈ ਆਪਣੇ ਬਿੱਲ ਦੇ ਪਾਸ ਹੋਣ ਤੋਂ ਬਾਅਦ ਕਿਹਾ, "ਇਹ ਓਹਾਇਓ ਅਤੇ ਦੇਸ਼ ਭਰ ਵਿਚ ਹਿੰਦੂਆਂ ਲਈ ਇੱਕ ਵੱਡੀ ਜਿੱਤ ਹੈ। ਹੁਣ ਹਰ ਸਾਲ ਅਕਤੂਬਰ ਵਿਚ ਅਸੀਂ ਓਹਾਇਓ ਵਿਚ ਅਧਿਕਾਰਤ ਤੌਰ 'ਤੇ ਆਪਣੀ ਹਿੰਦੂ ਵਿਰਾਸਤ ਦਾ ਜਸ਼ਮ ਮਨਾ ਸਕਾਂਗੇ।"

ਅੰਤਾਨੀ ਓਹਾਇਓ ਦੇ ਇਤਿਹਾਸ ਵਿਚ ਪਹਿਲੇ ਹਿੰਦੂ ਅਤੇ ਰਾਜ ਤੋਂ ਭਾਰਤੀ ਅਮਰੀਕੀ ਸੈਨੇਟਰ ਹਨ। ਉਹ ਦੇਸ਼ ਵਿਚ ਸਭ ਤੋਂ ਘੱਟ ਉਮਰ ਦੇ ਹਿੰਦੂ ਅਤੇ ਭਾਰਤੀ ਅਮਰੀਕੀ ਰਾਜ ਜਾਂ ਸੰਘੀ ਚੁਣੇ ਗਏ ਅਧਿਕਾਰੀ ਹਨ। ਉਨ੍ਹਾਂ ਕਿਹਾ, "ਇਹ ਓਹਾਇਓ ਅਤੇ ਦੇਸ਼ ਭਰ ਵਿਚ ਹਿੰਦੂ ਅਧਿਕਾਰਾਂ ਦੀ ਵਾਕਲਤ ਕਰਨ ਵਾਲੇ ਲੋਕਾਂ ਲਈ ਕੀਤੇ ਗਏ ਕਈ ਕੰਮਾਂ ਦਾ ਨਤੀਜਾ ਸੀ ਅਤੇ ਮੈਨੂੰ ਇਸ ਨੂੰ ਪਾਸ ਕਰਵਾਉਣ ਲਈ ਉਨ੍ਹਾਂ ਨਾਲ ਭਾਈਵਾਲੀ ਕਰਕੇ ਬਹੁਤ ਖੁਸ਼ੀ ਹੋਈ।" ਇੱਕ ਦਿਨ ਪਹਿਲਾਂ, ਉਨ੍ਹਾਂ ਨੇ ਸੈਨੇਟ ਵਿਚ ਆਪਣੇ ਬਿੱਲ ਨੂੰ ਐੱਚ.ਬੀ. 173 ਵਿਚ ਸੋਧਿਆ। ਇਸ ਤੋਂ ਬਾਅਦ ਦੋਵਾਂ ਸਦਨਾਂ ਨੇ ਸਰਬਸੰਮਤੀ ਨਾਲ ਬਿੱਲ ਪਾਸ ਕਰ ਦਿੱਤਾ। ਬਿੱਲ ਹੁਣ ਰਾਜਪਾਲ ਕੋਲ ਦਸਤਖ਼ਤ ਜਾਂ ਵੀਟੋ ਲਈ ਜਾਵੇਗਾ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਬਿੱਲ ਦੇ ਪਾਸ ਹੋਣ ਦਾ ਸਵਾਗਤ ਕੀਤਾ ਹੈ।

# ਅਮਰੀਕੀ ਯੂਨੀਵਰਸਿਟੀਆਂ ਤੇ ਕਾਲਜਾਂ ਵੱਲੋਂ ਟਰੰਪ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਕੈਂਪਸ 'ਚ ਆਉਣ ਦੀ ਸਲਾਹ

**ਕੋਨਕੋਰਡ/ਅਮਰੀਕਾ, (ਪੰਜਾਬ ਮੇਲ)-** ਅਮਰੀਕਾ ਦੇ ਕਈ ਕਾਲਜ ਅਤੇ ਯੂਨੀਵਰਸਿਟੀਆਂ ਨੂੰ ਚਿੰਤਾ ਹੈ ਕਿ ਟਰੰਪ ਆਪਣੇ ਪਹਿਲੇ ਪ੍ਰਸ਼ਾਸਨ ਵਾਂਗ ਯਾਤਰਾ ਪਾਬੰਦੀਆਂ ਲਗਾ ਸਕਦੇ ਹਨ, ਜਿਸ ਕਾਰਨ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੇ ਕੈਂਪਸ 'ਚ ਵਾਪਸ ਆਉਣ ਦੀ ਸਲਾਹ ਦੇ ਰਹੇ ਹਨ। ਹਾਲਾਂਕਿ ਟਰੰਪ ਦੀਆਂ ਯੋਜਨਾਵਾਂ ਬਾਰੇ ਅਨਿਸ਼ਚਿਤਤਾ ਹੈ ਪਰ ਇੱਕ ਦਰਜਨ ਤੋਂ ਵੱਧ ਸਕੂਲਾਂ ਨੇ ਸਲਾਹ ਜਾਰੀ ਕੀਤੀ ਹੈ। ਕੁਝ ਸਕੂਲਾਂ ਵਿਚ ਸਪਰਿੰਗ ਸਮੈਸਟਰ ਟਰੰਪ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਸ਼ੁਰੂ ਹੋ ਜਾਵੇਗਾ, ਇਸ ਲਈ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਕਲਾਸ ਵਿਚ ਵਾਪਸ ਆਉਣਾ ਪੈ ਸਕਦਾ ਹੈ। ਪਰ ਉਨ੍ਹਾਂ ਦਾ ਮੰਨਣਾ ਹੈ ਕਿ ਜਿਨ੍ਹਾਂ ਲੋਕਾਂ ਦੀ ਅਮਰੀਕਾ ਵਿਚ ਰਹਿਣ ਦੀ ਯੋਗਤਾ ਅਕਾਦਮਿਕ ਵੀਜ਼ੇ 'ਤੇ ਨਿਰਭਰ ਕਰਦੀ ਹੈ, ਉਨ੍ਹਾਂ ਲਈ ਆਪਣੇ ਜ਼ੋਖਮਾਂ ਨੂੰ ਘੱਟ ਕਰਨਾ ਅਤੇ 20 ਜਨਵਰੀ ਤੋਂ ਪਹਿਲਾਂ ਕੈਂਪਸ ਵਿਚ ਵਾਪਸ ਆਉਣਾ ਸਭ ਤੋਂ ਵਧੀਆ ਹੈ।



ਟਰੰਪ ਨੇ ਜਨਵਰੀ 2017 'ਚ ਇਕ ਕਾਰਜਕਾਰੀ ਆਦੇਸ਼ ਜਾਰੀ ਕਰਕੇ 7 ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ਾਂ (ਇਰਾਕ, ਸੀਰੀਆ, ਈਰਾਨ, ਸੂਡਾਨ, ਲੀਬੀਆ, ਸੋਮਾਲੀਆ ਅਤੇ ਯਮਨ) ਦੇ ਨਾਗਰਿਕਾਂ ਦੀ ਅਮਰੀਕਾ ਯਾਤਰਾ 'ਤੇ ਪਾਬੰਦੀ ਲਗਾ ਦਿੱਤੀ ਸੀ। ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਜਾਂ ਤਾਂ ਜਹਾਜ਼ਾਂ 'ਚ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ ਜਾਂ ਉਤਰਨ ਤੋਂ ਬਾਅਦ ਅਮਰੀਕੀ ਹਵਾਈ ਅੱਡਿਆਂ 'ਤੇ ਰੋਕ ਲਿਆ ਗਿਆ ਸੀ। ਇਨ੍ਹਾਂ ਵਿਚ ਵਿਦਿਆਰਥੀ ਅਤੇ ਅਧਿਆਪਕਾਂ ਦੇ ਨਾਲ-ਨਾਲ ਵਪਾਰੀ, ਸੈਲਾਨੀ ਅਤੇ ਦੋਸਤ ਅਤੇ ਪਰਿਵਾਰਕ ਮੈਂਬਰ ਸ਼ਾਮਲ ਸਨ। ਅਮਰੀਕੀ ਵਿਦੇਸ਼ ਵਿਭਾਗ ਦੇ ਅਨੁਸਾਰ, ਟਰੰਪ ਨੇ ਬਾਅਦ ਵਿਚ ਕੁਝ ਦੇਸ਼ਾਂ ਨੂੰ ਸੂਚੀ 'ਚੋਂ ਹਟਾ ਦਿੱਤਾ ਅਤੇ ਹੋਰਾਂ ਨੂੰ ਇਸ ਵਿਚ ਸ਼ਾਮਲ ਕਰ ਦਿਤਾ। ਉਨ੍ਹਾਂ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ 15 ਦੇਸ਼ ਕਿਸੇ ਨਾ ਕਿਸੇ ਸਮੇਂ ਪ੍ਰਭਾਵਿਤ ਹੋਏ ਸਨ। ਪਾਬੰਦੀ ਕਾਰਨ 40,000 ਤੋਂ ਵੱਧ ਲੋਕਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਰਾਸ਼ਟਰਪਤੀ ਜੋਅ ਬਾਇਡਨ ਨੇ 2021 ਵਿਚ ਅਹੁਦਾ ਸੰਭਾਲਣ ਤੋਂ ਬਾਅਦ ਇਨ੍ਹਾਂ ਹੁਕਮਾਂ ਨੂੰ ਰੱਦ ਕਰ ਦਿੱਤਾ ਸੀ।

ਸਕੂਲ ਅਧਿਕਾਰੀਆਂ ਨੇ ਸਰਦੀਆਂ ਦੀਆਂ ਛੁੱਟੀਆਂ ਲਈ ਘਰ ਜਾ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਟਰੰਪ ਦੇ ਸਹੁੰ ਚੁੱਕਣ ਤੋਂ ਪਹਿਲਾਂ ਵਾਪਸ ਪਰਤਣ ਅਤੇ ਇਮੀਗ੍ਰੇਸ਼ਨ ਜਾਂਚਾਂ ਕਾਰਨ ਸੰਭਾਵਿਤ ਦੇਰੀ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਹੈ।

# ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਲਈ ਨਿੱਤ ਨਵੇਂ ਨਿਯਮਾਂ ਦਾ ਐਲਾਨ ਬਣਿਆ ਮੁਸੀਬਤ

- ਨੀਤੀਗਤ ਤਬਦੀਲੀਆਂ ਨਾਲ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਕੌਮਾਂਤਰੀ ਵਿਦਿਆਰਥੀ
- ਰਾਸ਼ਟਰੀ ਮੁੱਦਿਆਂ ਲਈ ਜ਼ਿੰਮੇਵਾਰ ਠਹਿਰਾਏ ਜਾ ਰਹੇ ਹਨ ਵਿਦਿਆਰਥੀ
- ਭਵਿੱਖ ਲਈ ਬੇਯਕੀਨੀ ਭਰਿਆ ਹੈ ਕੈਨੇਡਾ



ਜਲੰਧਰ, (ਪੰਜਾਬ ਮੇਲ)- ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਲਈ ਨਿੱਤ ਨਵੇਂ ਨਿਯਮਾਂ ਦਾ ਐਲਾਨ ਮੁਸੀਬਤ ਬਣ ਗਿਆ ਹੈ। ਸਟੱਡੀ ਪਰਮਿਟਾਂ ਦੀ ਗਿਣਤੀ ਵਿਚ ਕਮੀ ਅਤੇ ਵਰਕ ਪਰਮਿਟਾਂ ਦੇ ਨਵੇਂ ਨਿਯਮ ਉਨ੍ਹਾਂ ਨੂੰ ਬੇਰੁਜ਼ਗਾਰੀ ਵੱਲ ਧੱਕ ਰਹੇ ਹਨ, ਜਿਸ ਕਾਰਨ ਉਹ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਕੌਮਾਂਤਰੀ ਵਿਦਿਆਰਥੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕੈਨੇਡਾ ਵਿਚ ਨੀਤੀਗਤ ਤਬਦੀਲੀਆਂ ਨੇ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਮਾੜਾ ਅਸਰ ਪਾਇਆ ਹੈ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਮੌਜੂਦ ਰਾਸ਼ਟਰੀ ਮੁੱਦਿਆਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਸਹੂਲਤਾਂ 'ਚ ਕਟੌਤੀ ਕੀਤੀ ਜਾ ਰਹੀ ਹੈ। ਕੈਨੇਡਾ ਵਿਚ ਰਿਹਾਇਸ਼ੀ ਕਿਰਾਇਆ 'ਚ ਵਾਧੇ ਤੇ ਮਹਿੰਗਾਈ ਲਈ ਕੌਮਾਂਤਰੀ ਵਿਦਿਰਥੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਜਦਕਿ ਅਸਲੀਅਤ ਇਹ ਹੈ ਕਿ ਇਹ ਸਮੱਸਿਆ ਬਹੁਤ ਪੁਰਾਣੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਟਰਲੂ ਯੂਨੀਵਰਸਿਟੀ ਵੱਲੋਂ ਹਾਲ ਹੀ ਵਿਚ ਕੀਤੇ ਗਏ ਇਕ ਤਾਜ਼ਾ ਅਧਿਐਨ ਮੁਤਾਬਕ, ਕੌਮਾਂਤਰੀ ਵਿਦਿਆਰਥੀਆਂ ਨੂੰ ਚੰਗੀ ਰਿਹਾਇਸ਼ ਲੱਭਣ ਵਿਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨਾਲ ਦੀ ਨਾਲ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਵੱਖ-ਵੱਖ ਬਦਲ ਨਹੀਂ ਹੁੰਦੇ ਹਨ। ਨੀਤੀਗਤ ਤਬਦੀਲੀਆਂ ਕਾਰਨ ਬੇਯਕੀਨੀ ਕੌਮਾਂਤਰੀ ਵਿਦਿਆਰਥੀਆਂ 'ਤੇ ਵੀ ਭਾਰੀ ਪੈ ਰਹੀ ਹੈ।

ਰਿਪੋਰਟ ਮੁਤਾਬਕ ਵਧਦੀ ਅਪ੍ਰਵਾਸ ਵਿਰੋਧੀ ਬਿਆਨਬਾਜ਼ੀ ਦੀਆਂ ਖ਼ਬਰਾਂ ਵਿਚਾਲੇ ਇਕ ਲੋਕਪ੍ਰਿਯ ਅਧਿਐਨ ਸਥਾਨ ਵਜੋਂ ਕੈਨੇਡਾ ਦੀ ਸਾਖ ਵੀ ਦਾਅ 'ਤੇ ਲੱਗੀ ਹੋਈ ਹੈ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀ ਭਾਈਚਾਰੇ ਦੇ ਕਈ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੱਸਿਆ ਜਾਂਦਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਹੋਰ ਘੱਟ ਕਰਨ ਦੀ ਯੋਜਨਾ ਦੇ ਐਲਾਨ ਤੋਂ ਪਹਿਲਾਂ ਹੀ ਕਈ ਰਿਪੋਰਟਾਂ ਨੇ ਸੁਝਾਅ ਦਿੱਤਾ ਸੀ ਕਿ 2024 ਦੇ ਅਖੀਰ ਤੱਕ ਕੈਨੇਡਾ ਵਿਚ ਅਧਿਐਨ ਪਰਮਿਟ ਬਿਨੈਕਾਰਾਂ ਵਿਚ 50 ਫੀਸਦੀ ਤੋਂ ਵੱਧ ਦੀ ਗਿਰਾਵਟ ਆਏਗੀ।

ਜ਼ਿਆਦਾ ਕਿਰਾਏ ਅਤੇ ਮਹਿੰਗੇ ਕਰਿਆਨੇ ਦੇ ਸਾਮਾਨ ਦੇ ਨਾਲ-ਨਾਲ ਸਭ ਕੁਝ ਬਹੁਤ ਮਹਿੰਗਾ ਹੋ ਰਿਹਾ ਹੈ। ਇੰਨਾ ਹੀ ਨਹੀਂ, ਕੈਨੇਡਾ ਵਿਚ ਲੇਬਰ ਮਾਰਕੀਟ ਵਿਚ ਕਮੀ ਕਾਰਨ ਕੌਮਾਂਤਰੀ ਵਿਦਿਆਰਥੀਆਂ ਉੱਤੇ ਵੀ ਬੇਰੁਜ਼ਗਾਰੀ ਦਾ ਅਸਰ ਪੈ ਰਿਹਾ ਹੈ। ਇਕ ਹੋਰ ਵਿਦਿਆਰਥੀ ਨੇ ਦੱਸਿਆ ਕਿ ਉਸ ਨੇ ਕੈਨੇਡਾ ਨੂੰ ਇਸ ਲਈ ਚੁਣਿਆ ਕਿਉਂਕਿ ਇਹ ਦੂਜੇ ਦੇਸ਼ਾਂ ਨਾਲੋਂ ਸਸਤਾ ਹੈ ਅਤੇ ਪੀ.ਆਰ. ਪ੍ਰਕਿਰਿਆ ਸੌਖੀ ਹੈ, ਪਰ ਹੁਣ ਉਨ੍ਹਾਂ ਦੀ ਸੋਚ ਬਦਲ ਗਈ ਹੈ, ਇੱਥੇ ਪੀ.ਆਰ. ਪ੍ਰਾਪਤ ਕਰਨਾ ਹੁਣ ਸੌਖਾ ਨਹੀਂ ਹੈ ਅਤੇ ਇੱਥੇ ਨੌਕਰੀਆਂ ਵੀ ਨਹੀਂ ਹਨ।




# ਤਰਨਤਾਰਨ 'ਚ ਬ੍ਰਿਟਿਸ਼ ਫ਼ੌਜੀ ਦੇ ਘਰ ਐੱਨ.ਆਈ.ਏ. ਦਾ ਛਾਪਾ

ਤਰਨਤਾਰਨ, (ਪੰਜਾਬ ਮੇਲ)- ਬ੍ਰਿਟਿਸ਼ ਆਰਮੀ 'ਚ ਤਾਇਨਾਤ ਤਰਨਤਾਰਨ ਦੇ ਪਿੰਡ ਮੀਆਂਪੁਰ ਦੇ ਜਗਜੀਤ ਸਿੰਘ ਦੇ ਸਬੰਧ ਉੱਤਰ ਪ੍ਰਦੇਸ਼ ਦੇ ਪੀਲੀਭੀਤ 'ਚ ਮਾਰੇ ਗਏ ਅੱਤਵਾਦੀਆਂ ਨਾਲ ਹਨ। ਬੁੱਧਵਾਰ ਸਵੇਰੇ ਐੱਨ.ਆਈ.ਏ. ਦੀ ਟੀਮ ਨੇ ਉਸ ਦੇ ਘਰ ਛਾਪਾ ਮਾਰਿਆ ਤੇ ਮਾਪਿਆਂ ਤੋਂ ਪੁੱਛਗਿੱਛ ਕੀਤੀ। ਟੀਮ ਨੇ ਸਰਾਏ ਅਮਾਨਤ ਖਾਂ ਥਾਣੇ 'ਚ ਜਗਜੀਤ ਦੇ ਪਰਿਵਾਰ ਦੇ ਪਿਛੋਕੜ ਬਾਰੇ ਵੀ ਜਾਣਕਾਰੀ ਲਈ।

ਜਗਜੀਤ ਸਿੰਘ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜ਼ੈੱਡ.ਐੱਫ.) ਦੇ ਮੁਖੀ ਅੱਤਵਾਦੀ ਰਣਜੀਤ ਸਿੰਘ ਨੀਟਾ ਦਾ ਮਾਡਿਊਲ ਹੈ। ਐੱਸ.ਪੀ. (ਆਈ) ਅਜੈਰਾਜ ਸਿੰਘ ਨੇ ਦੱਸਿਆ ਕਿ ਜਗਜੀਤ ਦੇ ਪਰਿਵਾਰ ਦੇ ਰਿਕਾਰਡ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾ ਰਹੀ ਹੈ।

- ਪੀਲੀਭੀਤ 'ਚ ਮਾਰੇ ਗਏ ਅੱਤਵਾਦੀਆਂ ਨਾਲ ਜੁੜੇ ਹਨ ਤਾਰ




ਜਗਜੀਤ ਦੇ ਪਿਤਾ ਜੋਗਿੰਦਰ ਸਿੰਘ ਤੇ ਦਾਦਾ ਫੌਜ 'ਚ ਨੌਕਰੀ ਕਰ ਚੁੱਕੇ ਹਨ। ਵੱਡਾ ਭਰਾ ਗੁਰਜੀਤ ਸਿੰਘ ਵੀ ਰਾਜਸਥਾਨ 'ਚ ਫੌਜ 'ਚ ਤਾਇਨਾਤ ਹੈ। ਜੋਗਿੰਦਰ ਸਿੰਘ ਨੇ ਦੱਸਿਆ ਕਿ 10 ਸਾਲ ਪਹਿਲਾਂ ਛੋਟਾ ਲੜਕਾ ਜਗਜੀਤ ਸਟੱਡੀ ਵੀਜ਼ੇ 'ਤੇ ਬਰਤਾਨੀਆ ਗਿਆ ਸੀ। ਉੱਥੇ ਉਸ ਨੇ ਸਾਫਟ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਤੇ ਡਿਪਲੋਮਾ ਕੀਤਾ। ਫਿਰ ਉਹ ਬ੍ਰਿਟਿਸ਼ ਆਰਮੀ 'ਚ ਭਰਤੀ ਹੋ ਗਿਆ। ਅਫਗਾਨਿਸਤਾਨ ਨਾਲ ਜੰਗ ਵਿਚ ਵੀ ਹਿੱਸਾ ਲਿਆ। ਅੱਠ ਸਾਲ ਪਹਿਲਾਂ ਉਸ ਨੂੰ ਅੰਤਰ-ਜਾਤੀ ਵਿਆਹ ਕਰਨ ਲਈ ਘਰੋਂ ਕੱਢ ਦਿੱਤਾ ਗਿਆ ਸੀ।

ਪੀਲੀਭੀਤ ਮੁਕਾਬਲੇ 'ਚ ਤਿੰਨ ਅੱਤਵਾਦੀਆਂ ਦੇ ਮਾਰੇ ਜਾਣ ਤੋਂ ਨਿਰਾਸ਼ ਖਾਲਿਸਤਾਨੀ ਅੱਤਵਾਦੀ ਗੁਰਵੰਤ ਸਿੰਘ ਪੰਨੂ ਤੇ ਪਾਕਿਸਤਾਨ 'ਚ ਲੁਕੇ ਅੱਤਵਾਦੀ ਰਣਜੀਤ ਸਿੰਘ ਨੀਟਾ ਨੇ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਮੰਗਲਵਾਰ ਨੂੰ ਪੰਨੂ ਨੇ ਵੀਡੀਓ ਸਰਕੂਲੇਟ ਕੀਤਾ, ਜਿਸ 'ਚ ਉਹ ਮੁਕਾਬਲੇ ਦਾ ਬਦਲਾ ਮਹਾਕੁੰਭ 'ਚ ਲੈਣ ਦੀ ਗੱਲ ਕਰ ਰਿਹਾ ਹੈ।

## ਪੰਜਾਬ ਦੇ ਵੱਖ-ਵੱਖ ਨਗਰ ਨਿਗਮਾਂ ਦੇ ਮੇਅਰ ਚੁਣਨ...

ਸਫਾ 1 ਦਾ ਬਾਕੀ

ਲੁਧਿਆਣਾ ਨਗਰ ਨਿਗਮ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ 41 ਵਾਰਡਾਂ ਵਿਚ ਜਿੱਤ ਹਾਸਲ ਹੋਈ ਹੈ, ਜਦਕਿ ਮੇਅਰ ਬਣਾਉਣ ਲਈ ਬਹੁਮਤ ਲਈ 48 ਕੌਂਸਲਰਾਂ ਦਾ ਸਮਰਥਨ ਹੋਣਾ ਜ਼ਰੂਰੀ ਹੁੰਦਾ ਹੈ। ਆਮ ਆਦਮੀ ਪਾਰਟੀ ਵੱਲੋਂ 7 ਵਿਧਾਇਕਾਂ ਦੀ ਵੋਟ ਦੇ ਦਮ 'ਤੇ ਬਹੁਮਤ ਦਾ ਅੰਕੜਾ ਪਾਰ ਕਰਨ ਲਈ ਰਣਨੀਤੀ ਬਣਾਈ ਗਈ ਹੈ। ਪਰ ਕਾਨੂੰਨੀ ਰਾਏ ਅਨੁਸਾਰ ਜੇ ਵਿਧਾਇਕਾਂ ਦੀ ਵੋਟ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਸ ਲਈ 52 ਵੋਟਾਂ ਹੋਣੀਆਂ ਚਾਹੀਦੀਆਂ ਹਨ। ਲੁਧਿਆਣਾ ਤੋਂ ਭਾਜਪਾ ਦੇ 19 ਅਤੇ ਕਾਂਗਰਸ ਦੇ 30 ਮੈਂਬਰ ਚੁਣੇ ਗਏ ਹਨ। ਇਸ ਤੋਂ ਇਲਾਵਾ 2 ਆਜ਼ਾਦ ਉਮੀਦਵਾਰ ਵੀ ਚੋਣ ਜਿੱਤੇ ਹਨ।

ਅੰਮ੍ਰਿਤਸਰ ਨਗਰ ਨਿਗਮ ਲਈ ਵੀ ਮੇਅਰ ਦੀ ਚੋਣ ਲਈ ਪੇਚਾ ਫਸਿਆ ਹੋਇਆ ਹੈ। ਇਥੋਂ ਕਾਂਗਰਸ ਦੇ 40 ਕੌਂਸਲਰ ਜਿੱਤੇ ਹਨ, ਜਦਕਿ ਮੇਅਰ ਬਣਾਉਣ ਲਈ ਕਿਸੇ ਵੀ ਪਾਰਟੀ ਨੂੰ 46 ਸੀਟਾਂ ਦੀ ਲੋੜ ਹੈ। ਅੰਮ੍ਰਿਤਸਰ ਤੋਂ 8 ਕੌਂਸਲਰ ਆਜ਼ਾਦ ਜਿੱਤੇ ਹਨ, ਜੇਕਰ ਉਹ ਕਾਂਗਰਸ ਦੀ ਹਮਾਇਤ ਕਰਦੇ ਹਨ, ਤਾਂ ਇਥੋਂ ਕਾਂਗਰਸ ਪਾਰਟੀ ਦਾ ਮੇਅਰ ਚੁਣੇ ਜਾਣ ਦੀ ਸੰਭਾਵਨਾ ਵੱਧ ਹੈ। ਮੇਅਰ ਦੇ ਉਮੀਦਵਾਰ ਲਈ ਵਿਕਾਸ ਸੋਨੀ ਅਤੇ ਕਮਲਪ੍ਰੀਤ ਸਿੰਘ ਲੱਕੀ ਆਪਣਾ ਹੱਕ ਜਤਾ ਰਹੇ ਹਨ।

ਪਟਿਆਲਾ ਨਗਰ ਨਿਗਮ ਤੋਂ ਆਮ ਆਦਮੀ ਪਾਰਟੀ ਹੀ ਆਪਣਾ ਮੇਅਰ ਬਣਾਉਣ ਲਈ ਦਾਅਵਾ ਪੇਸ਼ ਕਰੇਗੀ। ਪਾਰਟੀ ਵੱਲੋਂ ਕਿਸੇ ਹਿੰਦੂ ਚਿਹਰੇ ਨੂੰ ਇਥੋਂ ਮੇਅਰ ਨਾਮਜ਼ਦ ਕੀਤਾ ਜਾ ਸਕਦਾ ਹੈ। ਇਥੇ ਪਾਰਟੀ ਦੇ ਕਈ ਅਜਿਹੇ ਉਮੀਦਵਾਰ ਹਨ, ਜੋ ਮੇਅਰ ਬਣਨ ਲਈ ਆਪੋ-ਆਪਣੇ ਹੱਕ ਜਤਾ ਰਹੇ ਹਨ।

ਫਗਵਾੜਾ ਨਗਰ ਨਿਗਮ ਤੋਂ ਕਾਂਗਰਸ ਪਾਰਟੀ ਦਾ ਬਹੁਮਤ ਹੈ ਅਤੇ ਇਸੇ ਪਾਰਟੀ ਨਾਲ ਸੰਬੰਧਤ ਉਮੀਦਵਾਰ ਦੇ ਮੇਅਰ ਬਣਨ ਦੀ ਉਮੀਦ ਹੈ।

## ਪੀਲੀਭੀਤ ਤੋਂ 3 ਸ਼ੱਕੀ ਦਹਿਸ਼ਤਗਰਦਾਂ ਦੀਆਂ ਲਾਸ਼ਾਂ...

ਸਫਾ 1 ਦਾ ਬਾਕੀ

ਮਿਲਦੇ ਹੀ ਰਾਮਪੁਰ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਤਿੰਨਾਂ ਲਾਸ਼ਾਂ ਨੂੰ ਨੁਕਸਾਨੇ ਵਾਹਨ ਤੋਂ ਦੂਜੀ ਐਂਬੂਲੈਂਸ 'ਚ ਲਿਜਾਇਆ ਗਿਆ।

ਜ਼ਿਕਰਯੋਗ ਹੈ ਕਿ ਪੀਲੀਭੀਤ ਦੇ ਪੂਰਨਪੁਰ 'ਚ ਸੋਮਵਾਰ ਨੂੰ ਪੰਜਾਬ ਪੁਲਿਸ ਤੇ ਉੱਤਰ ਪ੍ਰਦੇਸ਼ ਪੁਲਿਸ ਦੀ ਸਾਂਝੀ ਟੀਮ ਨੇ ਐਨਕਾਊਂਟਰ ਵਿਚ ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ 3 ਸ਼ੱਕੀ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ ਸੀ। ਮ੍ਰਿਤਕਾਂ ਦੀ ਪਛਾਣ ਗੁਰਵਿੰਦਰ (25), ਵਰਿੰਦਰ ਸਿੰਘ (23) ਅਤੇ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਵਾਸੀ ਗੁਰਦਾਸਪੁਰ ਵਜੋਂ ਹੋਈ ਹੈ। ਦੱਸ ਦਈਏ ਕਿ ਇਨ੍ਹਾਂ 3 ਦਹਿਸ਼ਤਗਰਦਾਂ 'ਤੇ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਇਲਾਕੇ 'ਚ ਬਖ਼ਸ਼ੀਵਾਲਾ ਪੁਲਿਸ ਚੌਕੀ ਉਤੇ ਹਮਲਾ ਕਰਨ ਦਾ ਇਲਜ਼ਾਮ ਸੀ।

## ਅਮਰੀਕਾ 'ਚ 5 ਮਿਲੀਅਨ ਤੋਂ ਪਾਰ ਹੋਈ ਭਾਰਤੀ ...

ਸਫਾ 1 ਦਾ ਬਾਕੀ

ਰਿਚਰਡ ਵਰਮਾ, ਜੋ ਕਦੇ ਭਾਰਤ ਵਿਚ ਅਮਰੀਕਾ ਦੇ ਰਾਜਦੂਤ ਸਨ, ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਸ ਤਰ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ, ਰੱਖਿਆ, ਸਿੱਖਿਆ ਅਤੇ ਸੱਭਿਆਚਾਰਕ ਸਬੰਧਾਂ 'ਚ ਮਹੱਤਵਪੂਰਨ ਵਾਧਾ ਹੋਇਆ ਹੈ। ਦੋ-ਪੱਖੀ ਵਪਾਰ 2000 ਵਿਚ 20 ਬਿਲੀਅਨ ਡਾਲਰ ਤੋਂ ਵੱਧ ਕੇ 2023 'ਚ 195 ਬਿਲੀਅਨ ਡਾਲਰ ਹੋ ਗਿਆ ਅਤੇ 2024 ਵਿਚ 200 ਬਿਲੀਅਨ ਡਾਲਰ ਨੂੰ ਪਾਰ ਕਰਨ ਦੀ ਉਮੀਦ ਹੈ।

ਰੱਖਿਆ ਸਹਿਯੋਗ ਵੀ ਨਾਟਕੀ ਢੰਗ ਨਾਲ ਫੈਲਿਆ ਹੈ, ਜੋ ਕਿ 2000 ਵਿਚ ਵਪਾਰ ਨਹੀਂ ਤੋਂ 2023 ਵਿਚ 24 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਭਾਰਤ ਹੁਣ ਮਲਾਬਾਰ (ਨੇਵਲ), ਯੁੱਧ ਅਭਿਆਸ (ਫੌਜ), ਕੋਪ ਇੰਡੀਆ (ਏਅਰ ਫੋਰਸ), ਵਜਰਾ ਵਰਗੇ ਸਾਂਝੇ ਅਭਿਆਸਾਂ ਨਾਲ ਅਮਰੀਕਾ ਦਾ ਚੋਟੀ ਦਾ ਫੌਜੀ ਭਾਈਵਾਲ ਹੈ।

ਅਮਰੀਕਾ 'ਚ ਭਾਰਤੀ ਵਿਦਿਆਰਥੀ ਵੀ 2000 ਵਿਚ 54,664 ਤੋਂ ਵੱਧ ਕੇ 2023 ਵਿਚ 331,600 ਹੋ ਗਏ ਹਨ।

2023 ਵਿਚ, ਅਮਰੀਕਾ ਨੇ ਭਾਰਤ ਵਿਚ ਲੋਕਾਂ ਨੂੰ 1 ਮਿਲੀਅਨ ਤੋਂ ਵੱਧ ਵੀਜ਼ੇ ਜਾਰੀ ਕੀਤੇ, ਅਤੇ ਦੋਵੇਂ ਦੇਸ਼ ਬੋਸਟਨ, ਲਾਸ ਏਂਜਲਸ, ਬੈਂਗਲੁਰੂ ਅਤੇ ਅਹਿਮਦਾਬਾਦ ਵਰਗੇ ਸ਼ਹਿਰਾਂ ਵਿਚ ਨਵੇਂ ਕੌਂਸਲੇਟ ਖੋਲ੍ਹ ਰਹੇ ਹਨ।

ਰਿਚਰਡ ਵਰਮਾ ਨੇ ਸੋਸ਼ਲ ਮੀਡੀਆ 'ਤੇ ਵਧ ਰਹੀ ਸਾਂਝੇਦਾਰੀ ਦਾ ਜਸ਼ਨ ਮਨਾਇਆ ਅਤੇ ਭਾਰਤੀ ਰਾਜਦੂਤ ਵਿਨੈ ਕਵਾਤਰਾ ਦਾ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

## ਕਿਸਾਨ ਮੋਰਚਿਆਂ 'ਚ ਸ਼ਾਮਲ ਨਹੀਂ ਹੋਵੇਗਾ ਸੰਯੁਕਤ ਕਿਸਾਨ...

ਸਫਾ 1 ਦਾ ਬਾਕੀ

ਆਗੂਆਂ ਨੇ ਕਿਹਾ ਕਿ 21 ਦਸੰਬਰ ਨੂੰ ਪਟਿਆਲਾ ਵਿਚ ਕਿਸਾਨ ਮਜ਼ਦੂਰ ਮੋਰਚਾ ਨਾਲ ਸੰਯੁਕਤ ਕਿਸਾਨ ਮੋਰਚਾ ਦੀ 6 ਮੈਂਬਰੀ ਏਕਤਾ ਕਮੇਟੀ ਦੀ ਮੀਟਿੰਗ ਸੁਖਾਵੇਂ ਮਾਹੌਲ 'ਚ ਹੋਈ ਸੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਦਾ ਹੁੰਗਾਰਾ ਮੱਠਾ ਰਿਹਾ ਹੈ। ਇਸ ਦੇ ਬਾਵਜੂਦ ਐੱਸ.ਕੇ.ਐੱਮ. ਨੇ ਫ਼ੈਸਲਾ ਕੀਤਾ ਕਿ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਏਕੇ ਲਈ ਯਤਨ ਜਾਰੀ ਰੱਖੇ ਜਾਣ। ਇਸ ਲਈ ਆਉਣ ਵਾਲੇ ਸਮੇਂ ਵਿਚ ਹੋਰ ਵੀ ਮੀਟਿੰਗਾਂ ਹੋਣਗੀਆਂ, ਉਸ ਤੋਂ ਬਾਅਦ ਕੋਈ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਐੱਸ.ਕੇ.ਐੱਮ. ਆਗੂ ਖਨੌਰੀ ਬਾਰਡਰ 'ਤੇ ਵੀ ਜਗਜੀਤ ਸਿੰਘ ਡੱਲੇਵਾਲ ਦਾ ਹਾਲ-ਚਾਲ ਪੁੱਛਣ ਗਏ ਸੀ, ਪਰ ਕਿਸੇ ਨੇ ਉਨ੍ਹਾਂ ਨਾਲ ਸਹੀ ਢੰਗ ਨਾਲ ਗੱਲ ਨਹੀਂ ਕੀਤੀ। 30 ਦਸੰਬਰ ਨੂੰ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਬਾਰੇ ਐੱਸ.ਕੇ.ਐੱਮ. ਆਗੂਆਂ ਨੇ ਕਿਹਾ ਕਿ ਇਹ ਐਲਾਨ ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ ਕੀਤਾ ਗਿਆ ਹੈ। ਇਸ ਲਈ ਐੱਸ.ਕੇ.ਐੱਮ. ਉਸ ਵਿਚ ਸ਼ਮੂਲੀਅਤ ਨਹੀਂ ਕਰੇਗਾ।

ਮੀਟਿੰਗ ਵਿਚ ਸਾਰਿਆਂ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਭੁੱਖ ਹੜਤਾਲ 'ਤੇ ਬੈਠਣ ਕਰਕੇ ਵਿਗੜ ਰਹੀ ਸਿਹਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ, ਮਨਜੀਤ ਸਿੰਘ ਧਨੇਰ, ਡਾ. ਸਤਨਾਮ ਸਿੰਘ ਅਜਨਾਲਾ, ਮੁਕੇਸ਼ ਚੰਦਰ ਸ਼ਰਮਾ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ ਤੋਂ ਇਲਾਵਾ ਹੋਰ ਕਿਸਾਨ ਆਗੂ ਹਾਜ਼ਰ ਸਨ।

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**
**Glow TV # 1828, Tashan # 131, Real TV etc.**

For any Information & Advertisement Call at

**+1-916-320-9444**

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਅਕਾਲੀ ਦਲ ਨੂੰ ਗ਼ਲਤੀ ਦਰ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA









ਸ਼ੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਥਾਂ ਗ਼ਲਤੀ ਦਰ ਗ਼ਲਤੀ ਕਰਦੀ ਜਾ ਰਹੀ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਮੁਅਤਲੀ/ਜਥੇਦਾਰੀ ਦੇ ਅਹੁਦੇ ਦੇ ਫਰਜ਼ ਨਿਭਾਉਣ 'ਤੇ ਲਗਾਈ ਗਈ ਰੋਕ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਦਾ ਖੁਸਿਆ ਹੋਇਆ ਵਕਾਰ ਬਹਾਲ ਕਰਨ ਵਿਚ ਸਹਾਈ ਹੋ ਸਕਦੀ ਹੈ? ਬਿਲਕੁਲ ਕੋਈ ਸੰਭਾਵਨਾ ਨਹੀਂ ਲੱਗਦੀ, ਸਗੋਂ ਇਉਂ ਲੱਗ ਰਿਹਾ ਹੈ ਕਿ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੈ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੇ ਇਸ ਜਲਦਬਾਜ਼ੀ ਵਿਚ ਲਏ ਗਏ ਫ਼ੈਸਲੇ ਦਾ ਸਿੱਖ ਕੌਮ ਨੂੰ ਕੀ ਲਾਭ ਹੋਵੇਗਾ? ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ, ਪੰਜ ਤਖ਼ਤਾਂ ਅਤੇ ਉਨ੍ਹਾਂ 'ਤੇ ਸੁਸ਼ੋਭਿਤ ਜਥੇਦਾਰ ਸਾਹਿਬਾਨ ਦੀ ਸ਼ਾਖ਼ ਹੋਰ ਮਜ਼ਬੂਤ ਹੋਵੇਗੀ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਫ਼ੈਸਲੇ ਨਾਲ ਉਨ੍ਹਾਂ ਦਾ ਖੋਇਆ ਹੋਇਆ ਵਕਾਰ ਮੁੜ ਬਹਾਲ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਅਜਿਹਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ, ਜਦੋਂ ਕੋਈ ਜਥੇਦਾਰ ਉਨ੍ਹਾਂ ਮੁਤਾਬਕ ਫ਼ੈਸਲੇ ਨਹੀਂ ਕਰਦਾ, ਫਿਰ ਉਹ ਕੋਈ ਬਹਾਨਾ ਬਣਾਕੇ ਉਸਨੂੰ ਹਟਾ ਦਿੰਦੇ ਹਨ। ਸਭ ਤੋਂ ਪਹਿਲਾਂ 1999 ਵਿਚ ਭਾਈ ਰਣਜੀਤ ਸਿੰਘ, ਮਾਰਚ 2000 ਵਿਚ ਗਿਆਨੀ ਪੂਰਨ ਸਿੰਘ, 2003 ਵਿਚ ਭਾਈ ਮਨਜੀਤ ਸਿੰਘ, 2015 ਵਿਚ ਗਿਆਨੀ ਬਲਵੰਤ ਸਿੰਘ ਨੰਦਗੜ੍ਹ, 2017 ਵਿਚ ਗਿਆਨੀ ਗੁਰਮੁੱਖ ਸਿੰਘ ਅਤੇ ਛੇਵੇਂ ਗਿਆਨੀ ਹਰਪ੍ਰੀਤ ਸਿੰਘ ਹਨ। ਹਾਲਾਂਕਿ ਜਥੇਦਾਰ ਸਾਹਿਬਾਨ ਵਿਰੁੱਧ ਅਜਿਹਾ ਫ਼ੈਸਲਾ ਕਰਨ ਦਾ ਅਧਿਕਾਰੀ ਕਮੇਟੀ ਕੋਲ ਹੈ ਹੀ ਨਹੀਂ। ਇਹ ਅਧਿਕਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਜੇਕਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਿਰੁੱਧ ਕੋਈ ਸ਼ਿਕਾਇਤ ਹੋਵੇ, ਉਸਦੀ ਪੜਤਾਲ ਦਾ ਅਧਿਕਾਰ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਕੋਲ ਹੈ। ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਿਹੜੀ ਸ਼ਿਕਾਇਤ ਉਸਦੇ ਰਿਸ਼ਤੇਦਾਰ ਨੇ ਹੁਣ ਦਿੱਤੀ ਹੈ, ਇਹ ਇੱਕ ਪਰਿਵਾਰਿਕ ਮਸਲਾ/ਝਗੜਾ ਹੈ, ਜੋ ਹਰ ਪਰਿਵਾਰ ਵਿਚ ਹੁੰਦਾ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ 1999 ਵਿਚ ਇਹ ਦੋਸ਼ ਲੱਗੇ ਸੀ, ਸ਼੍ਰੋਮਣੀ ਕਮੇਟੀ ਨੇ 2007 ਪੜਤਾਲ ਕਰਵਾਈ ਤੇ ਗਿਆਨੀ ਹਰਪ੍ਰੀਤ ਸਿੰਘ ਨਿਰਦੋਸ਼ ਪਾਇਆ ਗਿਆ। ਪ੍ਰੰਤੂ ਸ਼ਿਕਾਇਤ ਕਰਤਾ ਗੁਰਪ੍ਰੀਤ ਸਿੰਘ ਦੀ ਇਸੇ ਸ਼ਿਕਾਇਤ 'ਤੇ ਪੁਲਿਸ ਨੇ ਪੜਤਾਲ ਕੀਤੀ, ਜਿਸ ਕਰਕੇ ਗੁਰਪ੍ਰੀਤ ਸਿੰਘ ਨੂੰ ਸਜ਼ਾ ਹੋ ਗਈ ਸੀ। ਇਹ ਸ਼ਿਕਾਇਤ ਸਜ਼ਾ ਯਾਫਤਾ ਵਿਅਕਤੀ ਨੇ ਦਿੱਤੀ ਹੈ। ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਗਾਇਆ ਸੀ। ਹੁਣ ਦੁਬਾਰਾ ਪੜਤਾਲ ਕਰਵਾਉਣ ਦਾ ਭਾਵ ਸਪੱਸ਼ਟ ਹੈ ਕਿ ਉਸਦਾ ਪੰਜ ਸਿੰਘ ਸਹਿਬਾਨ ਵਿਚ ਸ਼ਾਮਲ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹ ਲਗਾਉਣਾ ਹਜ਼ਮ ਨਹੀਂ ਹੋ ਰਿਹਾ। ਇਸ ਫ਼ੈਸਲੇ 'ਤੇ ਸ਼ੱਕ ਦੀ ਸੂਈ ਘੁੰਮਦੀ ਹੈ ਕਿਉਂਕਿ ਇਹ ਫ਼ੈਸਲਾ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਤਨਖ਼ਾਹ ਲਗਾਏ ਜਾਣ ਦਾ ਪ੍ਰਤੀਕਰਮ ਹੈ। ਸਿੱਖ ਸੰਗਤ ਇਸ ਨੂੰ ਬਦਲੇ ਦੀ ਕਾਰਵਾਈ ਕਹਿ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਸਰਕਾਰ ਦੇ ਉਨ੍ਹਾਂ ਮੰਤਰੀਆਂ ਜਿਹੜੇ ਅਕਾਲੀ ਸਰਕਾਰ ਦਾ ਹਿੱਸਾ ਰਹੇ ਸਨ, ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹ ਲਗਾਏ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਭਵਿੱਖ ਖ਼ਤਰੇ ਵਿਚ ਪੈ ਗਿਆ ਲੱਗਦਾ ਸੀ। ਇਸ ਫ਼ੈਸਲੇ ਦਾ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਵਸਦੀ ਸਿੱਖ ਸੰਗਤ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ, ਕਿਉਂਕਿ 1970 ਤੋਂ ਬਾਅਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਪੱਖਤਾ ਨਾਲ ਪੰਥਕ ਹਿੱਤਾਂ ਲਈ ਕੀਤਾ ਗਿਆ ਫ਼ੈਸਲਾ ਮੰਨਿਆ ਗਿਆ ਹੈ। ਇਸ ਫ਼ੈਸਲੇ ਨਾਲ ਅਕਾਲੀ ਫੂਲਾ ਸਿੰਘ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਲਗਾਈ ਤਨਖ਼ਾਹ ਦੀ ਯਾਦ ਤਾਜ਼ਾ ਹੋ ਗਈ ਹੈ। ਇਹ ਫ਼ੈਸਲਾ ਵੀ ਅਕਾਲੀ ਫੂਲਾ ਸਿੰਘ ਵਰਗਾ ਹੀ ਲੱਗਦਾ ਹੈ। ਸਿੱਖ ਸੰਗਤ ਨੂੰ ਮਹਿਸੂਸ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਦਿੱਤਾ ਹੈ ਕਿ ਉਹ ਕਿਸੇ ਸਿਆਸਤਦਾਨ ਦੇ ਹੱਥਠੋਕੇ ਨਹੀਂ ਹਨ ਅਤੇ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੁਸਤਾ ਤੇ ਮਾਣ-ਮਰਿਆਦਾ ਸਰਵੋਤਮ ਹੈ। ਇਸ ਤੋਂ ਪਹਿਲਾਂ ਜਥੇਦਾਰ ਸਾਹਿਬਾਨ 'ਤੇ ਇਲਜ਼ਾਮ ਲੱਗਦੇ ਰਹੇ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੋਠੀ ਬੁਲਾਕੇ ਫ਼ੈਸਲੇ ਕਰਨ ਦੇ ਹੁਕਮ ਦਿੱਤੇ ਜਾਂਦੇ ਸਨ। ਸਿੱਖ ਸੰਗਤ ਨੂੰ ਇਸ ਫ਼ੈਸਲੇ ਵਿਚੋਂ ਪੰਥਕ ਸੋਚ ਦੀ ਖ਼ੁਸ਼ਬੋ ਆਉਂਦੀ ਮਹਿਸੂਸ ਹੋ ਰਹੀ ਸੀ। ਇਉਂ ਵੀ ਲੱਗ ਰਿਹਾ ਸੀ ਕਿ ਸਜ਼ਾ ਭੁਗਤਣ ਤੋਂ ਬਾਅਦ ਸਿੱਖ ਸਿਆਸਤਦਾਨ ਸੱਚੇ ਮਾਰਗ 'ਤੇ ਚਲਣਗੇ ਤੇ ਅਕਾਲੀ ਦਲ ਦੁਬਾਰਾ ਆਪਣੀ ਸ਼ਾਖ਼ ਬਣਾਉਣ ਦੇ ਸਮਰੱਥ ਹੋਵੇਗਾ। ਸੁਖਬੀਰ ਸਿੰਘ ਬਾਦਲ ਨੂੰ ਲਗਾਈ ਗਈ ਤਨਖ਼ਾਹ ਤੋਂ ਬਾਅਦ ਲੰਬਾ ਸਮਾਂ ਸਜ਼ਾ ਨਾ ਸੁਣਾਏ ਜਾਣ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਘਬਰਾਹਟ ਵਿਚ ਆ ਗਏ ਸਨ, ਜਿਸਦੇ ਸਿੱਟੇ ਵਜੋਂ ਅਕਾਲੀ ਦਲ ਦੇ ਕੁਝ ਲੀਡਰਾਂ ਜਿਨ੍ਹਾਂ ਵਿਚੋਂ ਵਿਰਸਾ ਸਿੰਘ ਵਲਟੋਹਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਗੰਭੀਰ ਇਲਜ਼ਾਮ ਲਗਾ ਦਿੱਤੇ ਸਨ। ਸਮੁੱਚੇ ਸੰਸਾਰ ਦੀ ਸਿੱਖ ਸੰਗਤ ਨੇ ਵਿਰਸਾ ਸਿੰਘ ਵਲਟੋਹਾ ਦੇ ਇਲਜ਼ਾਮਾਂ ਦਾ ਬਹੁਤ ਬੁਰਾ ਮਨਾਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਵਿਚੋਂ ਕੱਢਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨੂੰ ਹੁਕਮ ਕੀਤੇ ਸਨ। ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਕੱਢਿਆ ਨਹੀਂ, ਸਗੋਂ ਉਸ ਤੋਂ ਅਸਤੀਫ਼ਾ ਲੈ ਲਿਆ। ਇਸ ਦਾ ਵੀ ਸਿੱਖ ਸੰਗਤ ਨੇ ਬੁਰਾ ਮਨਾਇਆ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਦੇ ਹੁਕਮਾ ਦੀ ਅਵੱਗਿਆ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦੇ ਪ੍ਰਧਾਨ ਦਾ ਅਸਤੀਫ਼ਾ ਕਾਰਜਕਾਰਨੀ ਨੂੰ ਤਿੰਨ ਦਿਨਾਂ ਵਿਚ ਮਨਜ਼ੂਰ ਕਰਨ ਦੀ ਹਦਾਇਤ 'ਤੇ ਵੀ ਅਜੇ ਤੱਕ ਅਮਲ ਨਹੀਂ ਹੋਇਆ। ਅਕਾਲੀ ਦਲ ਨੂੰ ਲਗਾਤਾਰ ਖੋਰਾ ਨੇਤਾਵਾਂ ਦੀਆਂ ਗ਼ਲਤੀਆਂ ਕਰਕੇ ਲੱਗ ਰਿਹਾ ਹੈ।

ਇਸ ਸਮੇਂ ਦੌਰਾਨ ਚਾਰ ਵਿਧਾਨ ਸਭਾ ਦੇ ਹਲਕਿਆਂ ਦੀ ਉਪ ਚੋਣ ਆ ਗਈ। ਅਕਾਲੀ ਦਲ ਨੇ ਉਪ ਚੋਣਾਂ ਨਾ ਲੜਨ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਦਾ ਅਰਥ ਇਹ ਨਿਕਲਦਾ ਸੀ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਦੀ ਹੋਂਦ ਹੀ ਨਹੀਂ ਜਾਂ ਇਉਂ ਕਹਿ ਲਵੋ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਕੋਲ ਕੋਈ ਸਮਰੱਥ ਨੇਤਾ ਹੀ ਨਹੀਂ। ਸਿੱਖ ਸੰਗਤ ਨੇ ਉਪ ਚੋਣਾਂ ਨਾ ਲੜਨ ਨੂੰ ਵੀ ਗ਼ਲਤ ਫ਼ੈਸਲਾ ਕਿਹਾ। ਇਹ ਵੀ ਪਤਾ ਲੱਗਿਆ ਹੈ ਕਿ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ 10 ਇਲਜ਼ਾਮ ਲਗਾਕੇ ਮੀਡੀਆ ਵਿਚ ਸਰਕੂਲੇਟ ਕਰ ਦਿੱਤੇ ਹਨ। ਇਹ ਉਹੀ ਇਲਜ਼ਾਮ ਹਨ, ਜਿਹੜੇ ਗਿਆਨੀ ਹਰਪ੍ਰੀਤ ਸਿੰਘ ਦੇ ਰਿਸ਼ਤੇਦਾਰ ਨੇ ਲਗਾਏ ਹਨ। ਇਸਦਾ ਅਰਥ ਹੈ ਕਿ ਅਕਾਲੀ ਤੇ ਸ਼੍ਰੋਮਣੀ ਕਮੇਟੀ ਨੇ ਇਹ ਇਲਜ਼ਾਮ ਉਸ ਵਿਅਕਤੀ ਤੋਂ ਖੁਦ ਲਏ ਹਨ। ਇਨ੍ਹਾਂ ਇਲਜ਼ਾਮਾਂ ਦਾ ਜਵਾਬ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਪਿਆਰਿਆਂ ਨੂੰ ਦੇ ਦਿੱਤਾ, ਕੀ ਹਰਜਿੰਦਰ ਸਿੰਘ ਧਾਮੀ ਦੀ ਅੰਤ੍ਰਿੰਗ ਕਮੇਟੀ ਪੰਜ ਪਿਆਰਿਆਂ ਨਾਲੋਂ ਵੱਡੀ ਹੈ? ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਮੀਟਿੰਗ ਲੁਧਿਆਣਾ ਜ਼ਿਲ੍ਹਾ ਦੇ ਗੁਰਦੁਆਰਾ ਦੇਗਸਰ ਸਾਹਿਬ ਕਟਾਣਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿਚ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਅੱਤਲ ਕਰਨ ਬਾਰੇ ਵਿਚਾਰ-ਚਰਚਾ ਕੀਤੀ ਗਈ ਪ੍ਰੰਤੂ ਕੁਝ ਕਮੇਟੀ ਮੈਂਬਰਾਂ ਦੇ ਇਤਰਾਜ਼ ਕਰਨ 'ਤੇ ਇੱਕ ਤਿੰਨ ਮੈਂਬਰੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਦੀ ਬਣਾਈ ਹੈ, ਜਿਹੜੀ ਗਿਆਨੀ ਹਰਪ੍ਰੀਤ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਕਰੇਗੀ, ਉਤਨੀ ਦੇਰ ਤੱਕ ਗਿਆਨੀ ਹਰਪ੍ਰੀਤ ਸਿੰਘ 'ਤੇ ਸ੍ਰੀ ਅਕਾਲ ਤਖ਼ਤ ਦੀਆਂ ਮੀਟਿੰਗਾਂ ਵਿਚ ਜਾਣ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦੀ ਥਾਂ ਤਖ਼ਤ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਤਖ਼ਤ ਦਾ ਕੰਮ ਵੇਖਣ ਦੀ ਹਦਾਇਤ ਕੀਤੀ ਗਈ ਹੈ। ਤਿੰਨ ਮੈਂਬਰੀ ਕਮੇਟੀ ਵਿਚ ਸਾਰੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਧੜੇ (ਬਾਦਲ) ਦੇ ਹੀ ਹਨ, ਫਿਰ ਉਹ ਕਮੇਟੀ ਫ਼ੈਸਲਾ ਨਿਰਪੱਖਤਾ ਨਾਲ ਕਿਵੇਂ ਕਰੇਗੀ? ਪਾਰਦਰਸ਼ਤਾ ਲਈ ਵਿਰੋਧੀ ਧਿਰ ਦਾ ਮੈਂਬਰ ਕਮੇਟੀ ਵਿਚ ਲੈਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਕਦਮਾਂ ਨਾਲ ਉਸਦੀ ਨੀਅਤ 'ਤੇ ਸ਼ੱਕ ਦੀ ਗੁੰਜਾਇਸ਼ ਬਣ ਗਈ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਸੰਗਤਾਂ ਵਿਚ ਰੋਸ ਦੀ ਲਹਿਰ ਦੌੜ ਗਈ ਹੈ। ਜਿਤਨੀ ਦੇਰ ਜਥੇਦਾਰ ਸਾਹਿਬਾਨ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਰਹੇ, ਉਦੋਂ ਉਹ ਦੁੱਧ ਧੋਤੇ ਸਨ ਪ੍ਰੰਤੂ ਜਦੋਂ ਉਨ੍ਹਾਂ ਸੱਚਾਈ ਦਾ ਪੰਥਕ ਮਾਰਗ ਅਪਣਾਇਆ, ਉਦੋਂ ਉਨ੍ਹਾਂ 'ਤੇ ਚਿੱਕੜ ਉਛਾਲਣਾ ਸ਼ੁਰੂ ਕਰ ਦਿੱਤਾ। ਜਥੇਦਾਰ ਸਾਹਿਬਾਨ ਸਿੱਖ ਜਗਤ ਲਈ ਸਰਵੋਤਮ ਧਾਰਮਿਕ ਸ਼ਖ਼ਸੀਅਤਾਂ ਹਨ, ਇਨ੍ਹਾਂ 'ਤੇ ਇਲਜ਼ਾਮ ਲਗਾਉਣਾ ਸ਼ੁਭ ਸ਼ਗਨ ਨਹੀਂ, ਸਗੋਂ ਇਹ ਇਲਜ਼ਾਮ ਉਦੋਂ ਲਗਾਉਣੇ ਵਾਜਬ ਸਨ, ਜਦੋਂ ਸਿਰਸੇ ਵਾਲੇ ਰਾਮ ਰਹੀਮ ਨੂੰ ਪੰਥ ਵਿਚ ਸ਼ਾਮਲ ਕੀਤਾ ਸੀ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫ਼ੈਸਲਾ ਰੱਦ ਕਰ ਦੇਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ, ਇਤਿਹਾਸ ਵਿਚ ਉਨ੍ਹਾਂ ਦੇ ਨਾਮ ਉਨ੍ਹਾਂ ਜਥੇਦਾਰਾਂ ਨਾਲ ਅੰਕਤ ਹੋ ਜਾਣਗੇ, ਜਿਨ੍ਹਾਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਸੀ।

# ਲੋਕਤੰਤਰ ਲਈ ਖ਼ਤਰਾ-ਬੁਲਡੋਜ਼ਰ ਨੀਤੀ





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA


ਦੇਸ਼ ਵਿਚ ਧੱਕੇ-ਧੌਂਸ ਦੀ ਸਿਆਸਤ ਦਾ ਹੋ ਰਿਹਾ ਪਸਾਰਾ ਬੇਹੱਦ ਚਿੰਤਾਜਨਕ ਹੈ। ਸੰਸਦ ਵਿਚ ਅਤੇ ਸੰਸਦ ਦੇ ਬਾਹਰ ਦੇਸ਼ ਦੇ ਚੁਣੇ ਮੈਂਬਰਾਂ ਨੂੰ ਆਪਣੇ ਵਲੋਂ ਰੋਸ ਪ੍ਰਗਟ ਕਰਨ ਵੇਲੇ, ਜਿਸ ਕਿਸਮ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਸੰਸਦ ਭਵਨ 'ਚ ਪ੍ਰਦਰਸ਼ਨ ਦੌਰਾਨ ਸੱਤਾ ਤੇ ਵਿਰੋਧੀ ਧਿਰ ਵਿਚਕਾਰ ਧੱਕਾ-ਮੁੱਕੀ ਹੋਈ, ਉਹ ਸ਼ਰਮਨਾਕ ਅਤੇ ਨਿੰਦਣਯੋਗ ਹੈ।

ਸੰਵਿਧਾਨ ਦੇ 75 ਵਰ੍ਹਿਆਂ ਦੀ ਗੌਰਵਸ਼ਾਲੀ ਯਾਤਰਾ 'ਚ ਬਹਿਸ ਦੇ ਦੌਰਾਨ ਮਹਿੰਗਾਈ, ਸੰਘਵਾਦ ਅਤੇ ਬੇਰੁਜ਼ਗਾਰੀ ਜਿਹੇ ਵਿਸ਼ਿਆਂ ਉਤੇ ਜ਼ੋਰਦਾਰ ਬਹਿਸ ਦੀ ਆਸ ਸੀ, ਪਰੰਤੂ ਉਸਦੀ ਥਾਂ ਗੌਤਮ ਅਡਾਨੀ, ਜਾਰਜ ਸੋਰੋਸ, ਪੰਡਿਤ ਜਵਾਹਰ ਲਾਲ ਨਹਿਰੂ ਚਰਚਾ ਵਿਚ ਰਹੇ। ਪਰ ਗ੍ਰਹਿ ਮੰਤਰੀ ਦਾ ਭਾਸ਼ਣ "ਇਹ ਫੈਸ਼ਨੇਬਲ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ... ਅਗਰ ਆਪਨੇ ਇੰਨੀ ਵੇਰ ਭਗਵਾਨ ਦਾ ਨਾਂਅ ਲਿਆ ਹੁੰਦਾ, ਤਾਂ ਸੱਤ ਜਨਮਾਂ ਦੇ ਲਈ ਸਵਰਗ ਚਲੇ ਜਾਂਦੇ"। ਇਸ ਬਿਆਨ 'ਤੇ ਸੰਸਦ ਦੇ ਅੰਦਰ ਅਤੇ ਬਾਹਰ ਹੰਗਾਮਾ ਹੋਇਆ।

75 ਸਾਲ ਦੇ ਸੰਸਦੀ ਇਤਿਹਾਸ ਵਿਚ "ਮਾਨਯੋਗ-ਸਤਿਕਾਰ ਯੋਗ" ਆਪਣੀ ਪਾਰਟੀ ਦੀ ਖ਼ੈਰ ਖੁਆਹੀ ਵਿਚ ਦੂਜੀ ਪਾਰਟੀ ਦੇ ਸਾਂਸਦ ਨਾਲ ਧੱਕਾ-ਮੁੱਕੀ ਕਰਨ ਲੱਗਣ ਤਾਂ ਇਹ ਕਹਿਣਾ ਕਿ ਭਾਰਤ ਵਿਚ ਲੋਕਤੰਤਰ ਦਾ ਇਤਿਹਾਸ 2000 ਸਾਲ ਪੁਰਾਣਾ ਹੈ, ਮਜ਼ਾਕ ਲੱਗੇਗਾ। ਇਹ ਮਜ਼ਾਕ ਉਸ ਵੇਲੇ ਵੀ ਜਾਪਦਾ ਹੈ, ਜਦੋਂ ਸੰਸਦ ਵਿਚ ਕੋਈ ਵਿਰੋਧੀ ਧਿਰ ਦਾ ਮੈਂਬਰ ਆਪਣੀ ਗੱਲ ਰੱਖਦਾ ਹੈ, ਤਾਂ ਬਹੁਗਿਣਤੀ ਵਲੋਂ ਸੱਤਾਧਾਰੀ ਆਗੂ "ਹੂਟਿੰਗ" ਕਰਦੇ ਹਨ।

ਪਿਛਲਾ ਇੱਕ ਦਹਾਕਾ ਦੇਸ਼ ਦੇ ਹਾਕਮਾਂ ਨੇ ਵੱਡੀਆਂ ਮਨ-ਮਾਨੀਆਂ ਕੀਤੀਆਂ ਹਨ। ਲੋਕਾਂ ਦੀਆਂ ਆਸਾਂ ਤੋਂ ਉਲਟ ਲੋਕ ਵਿਰੋਧੀ ਫ਼ੈਸਲੇ ਕੀਤੇ ਹਨ, ਉਨ੍ਹਾਂ ਦੇ ਅਧਿਕਾਰਾਂ ਦਾ ਘਾਣ ਕੀਤਾ ਹੈ, ਅਤੇ ਕਈ ਇਹੋ ਜਿਹੇ ਫ਼ੈਸਲੇ ਲਏ ਹਨ, ਜਿਸ ਨਾਲ ਲੋਕਤੰਤਰੀ ਭਾਰਤ ਦਾ ਚਿਹਰਾ ਤਿੜਕਿਆ ਹੈ। ਇਥੇ ਹੀ ਬੱਸ ਨਹੀਂ, ਹਾਕਮਾਂ ਵਲੋਂ ਦੇਸ਼ ਦੇ ਸੰਘੀ ਢਾਂਚੇ ਦੇ ਪਰਖੱਚੇ ਉਡਾਕੇ ਸੂਬਿਆਂ ਦੀਆਂ ਸਰਕਾਰਾਂ ਦੇ ਹੱਕ-ਹਕੂਕ ਆਪਣੇ ਬੱਸ ਕਰਕੇ, ਸੰਵਿਧਾਨ ਦੀ ਮੂਲ ਭਾਵਨਾ ਉਤੇ ਸੱਟ ਮਾਰਨ ਤੋਂ ਵੀ ਹਾਕਮਾਂ ਨੇ ਗੁਰੇਜ਼ ਨਹੀਂ ਕੀਤਾ।

ਇੱਕ ਵਰਤਾਰਾ ਇਨ੍ਹਾਂ ਸਾਲਾਂ ਵਿਚ ਵੇਖਣ ਲਈ ਜੋ ਆਮ ਮਿਲਿਆ, ਉਹ ਇਹ ਸੀ ਕਿ ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀਆਂ, ਲੇਖਕਾਂ, ਚਿੰਤਕਾਂ ਨੂੰ ਜੇਲ੍ਹੀ ਡੱਕ ਕੇ ਉਨ੍ਹਾਂ ਲੋਕਾਂ ਦੀ ਆਵਾਜ਼ ਬੰਦ ਕੀਤੀ, ਜੋ ਹਕੂਮਤ ਦੇ ਆਸ਼ਿਆਂ ਦੇ ਵਿਰੁੱਧ ਕੋਈ ਵੀ ਆਵਾਜ਼ ਉਠਾਉਂਦੇ ਸਨ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰਾਂ ਖਿਲਾਫ਼ ਕੇਸ ਦਰਜ਼ ਹੋਏ ਹਨ, ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ। ਸਿਆਸੀ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਉਣ ਲਈ ਸਾਮ, ਦਾਮ, ਦੰਡ ਦੇ ਫਾਰਮੂਲੇ ਦੀ ਵਰਤੋਂ ਦੇਸ਼ ਵਿਆਪੀ ਹੋਈ। ਸੂਬਿਆਂ ਦੀਆਂ ਵਿਰੋਧੀ ਸਰਕਾਰਾਂ, ਵਿਧਾਇਕ ਖਰੀਦਕੇ ਤੋੜੀਆਂ ਗਈਆਂ, ਜਿਸ ਵਿਚ ਸੀ.ਬੀ.ਆਈ., ਈ.ਡੀ. ਅਤੇ ਖੁਦਮੁਖਤਾਰ ਸੰਸਥਾਵਾਂ ਦੀ ਖੁੱਲ੍ਹੇਆਮ ਦੁਰਵਰਤੋਂ ਹੋਈ। ਕੀ ਇਹ ਸਚਮੁੱਚ ਲੋਕਤੰਤਰ ਦਾ ਘਾਣ ਨਹੀਂ ਸੀ?

ਘੱਟ ਗਿਣਤੀਆਂ ਨਾਲ, ਜੋ ਵਰਤਾਰਾ ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਹੋਇਆ, ਉਸਦਾ ਬਿਆਨ ਕਰਨਾ ਕੁਥਾਵਾਂ ਨਹੀਂ ਹੋਏਗਾ। ਦਿੱਲੀ 'ਚ ਦੰਗੇ ਹੋਏ, ਯੂ.ਪੀ. 'ਚ ਮੁਸਲਮਾਨਾਂ, ਹਿੰਦੂਆਂ ਦੀਆਂ ਝੜਪਾਂ ਹੋਈਆਂ। ਇਥੇ ਇਕਪਾਸੜ ਕਾਰਵਾਈਆਂ ਕਰਦਿਆਂ ਜਿਵੇਂ ਯੂ.ਪੀ. ਸੂਬਾ ਸਰਕਾਰ ਵਲੋਂ ਬੁਲਡੋਜ਼ਰ ਨੀਤੀ ਅਪਨਾਈ ਗਈ, ਉਹ ਰਜਵਾੜਾਸ਼ਾਹੀ ਦੇ ਸਮਿਆਂ ਨੂੰ ਯਾਦ ਕਰਾਉਂਦੀ ਦਿਸੀ। ਮੌਕੇ 'ਤੇ ਹੀ ਰਿਹਾਇਸ਼ੀ, ਮਕਾਨ ਢਾਉਣ ਦਾ ਫ਼ੈਸਲਾ ਕਰਨ ਲਈ ਅਧਿਕਾਰੀਆਂ ਨੂੰ ਦਿੱਤੀ ਖੁੱਲ੍ਹ ਨੇ ਜਿਵੇਂ ਪੂਰੇ ਦੇਸ਼ ਵਿਚ ਤਰਥੱਲੀ ਮਚਾ ਦਿੱਤੀ। ਜਿਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੂੰ ਸਖ਼ਤ ਸਟੈਂਡ ਲੈਂਦਿਆਂ ਕਹਿਣਾ ਪਿਆ ਕਿ ਇਹ ਕਿਸੇ ਵੀ ਭਾਰਤੀ ਸ਼ਹਿਰੀ ਦੇ ਮੁੱਢਲੇ ਹੱਕਾਂ ਉਤੇ ਛਾਪਾ ਹੈ।

ਇਵੇਂ ਹੀ ਮਸਜ਼ਿਦਾਂ, ਮਸੀਤਾਂ ਹੇਠ ਮੰਦਰ ਦੀ ਹੋਂਦ ਦੀ ਗੱਲ, ਹੇਠਲੀਆਂ ਅਦਾਲਤਾਂ ਵਿਚ ਲੈਜਾਕੇ ਜਿਵੇਂ ਅੰਤਰਿਮ ਫ਼ੈਸਲੇ ਹੋਏ, ਉਸ ਨਾਲ ਫਿਰਕੂ ਦੰਗਿਆਂ ਦੀ ਅਸ਼ੰਕਾ ਵਧੀ, ਜਿਸ ਸਬੰਧੀ ਭਾਰਤੀ ਸੁਪਰੀਮ ਕੋਰਟ ਵਲੋਂ ਇੱਕ ਹੁਕਮ ਜਾਰੀ ਕਰਕੇ ਇਹ ਸਪੱਸ਼ਟ ਕੀਤਾ ਗਿਆ ਕਿ 1947 ਤੋਂ ਪਹਿਲਾਂ ਬਣੇ ਕਿਸੇ ਵੀ ਧਾਰਮਿਕ ਸਥਾਨ ਨੂੰ ਢਾਇਆ ਨਹੀਂ ਜਾ ਸਕਦਾ, ਨਾ ਉਸ ਸਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਪਰ ਕੀ ਇਨ੍ਹਾਂ ਫ਼ੈਸਲਿਆਂ ਬਾਰੇ ਸਰਕਾਰ ਪਹਿਲਾਂ ਜਾਣੂ ਨਹੀਂ ਸੀ ਜਾਂ ਫਿਰ ਜਾਣਬੁੱਝ ਕੇ ਭਾਈਚਾਰਕ ਮਾਹੌਲ ਖਰਾਬ ਕਰਨ ਜਾਂ ਖਰਾਬ ਮਾਹੌਲ ਸਮੇਂ ਚੁੱਪੀ ਵੱਟ ਲੈਣ ਦੀ ਧਾਰਨਾ ਤਹਿਤ ਦੇਸ਼ ਨੂੰ ਇੱਕ ਦੇਸ਼, ਇੱਕ ਕੌਮ, ਇੱਕ ਧਰਮ ਦੇ ਸੰਕਲਪ ਨੂੰ ਅੱਗੇ ਤੋਰਨ ਦੇ ਰਾਹ ਨੂੰ ਮੋਕਲਿਆਂ ਕਰਨ ਲਈ ਵਰਤਿਆ ਗਿਆ।

ਗੱਲ ਮਨੀਪੁਰ ਦੀ ਕਰ ਲੈਂਦੇ ਹਾਂ, ਜਿਥੇ ਦੋ-ਤਿੰਨ ਕਬੀਲਿਆਂ ਨੂੰ ਆਪਸ ਵਿਚ ਲੜਨ ਲਈ ਛੱਡ ਦਿੱਤਾ ਗਿਆ ਹੈ, ਜਿਥੇ ਰੋਜ਼ਾਨਾ ਅੱਗਜਨੀ, ਮਾਰ ਵੱਢ ਹੁੰਦੀ ਹੈ ਤੇ ਸੂਬਾ ਸਰਕਾਰ ਚੁੱਪੀ ਧਾਰੀ ਬੈਠੀ ਹੈ। ਦੇਸ਼ ਵਿਚਲਾ ਸਰਕਾਰ ਦਾ ਇਹ ਵਰਤਾਰਾ ਉਸ ਵੇਲੇ ਹੋਰ ਵੀ ਸਪੱਸ਼ਟ ਦਿਖਦਾ ਹੈ, ਜਦੋਂ ਸੂਬਾ ਸਰਕਾਰ ਦੇ ਨਾਲ ਕੇਂਦਰ ਦੀ ਸਰਕਾਰ ਵੀ "ਰੋਮ ਜਲ ਰਹਾ ਹੈ ਨੀਰੋ ਬੰਸਰੀ ਬਜਾ ਰਹਾ ਹੈ" ਵਾਂਗਰ ਤਮਾਸ਼ਾ ਵੇਖੀ ਜਾ ਰਹੀ ਹੈ।

ਦੇਸ਼ ਦੀ ਮੋਦੀ ਸਰਕਾਰ ਵਲੋਂ ਨਿੱਤ ਨਵੀਆਂ ਸਕੀਮਾਂ ਘੜੀਆਂ ਗਈਆਂ, ਉਨ੍ਹਾਂ ਸਕੀਮਾਂ ਦਾ ਅਤਿਅੰਤ ਪ੍ਰਚਾਰ 'ਗੋਦੀ ਮੀਡੀਆ ਅਤੇ ਸਰਕਾਰੀ ਸਾਧਨਾਂ' ਨਾਲ ਕਰਵਾਇਆ ਗਿਆ। ਪਰ ਉਨ੍ਹਾਂ ਵਿਚੋਂ 90 ਫ਼ੀਸਦੀ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਂਗਰ ਚੁੱਪਚਾਪ ਕਾਗਜ਼ੀ ਪੱਤਰੀ ਨਿਪਟਾ ਦਿੱਤੀਆਂ ਗਈਆਂ। ਕਿਧਰ ਗਈ ਜਨ ਧਨ ਯੋਜਨਾ? ਸਟਾਰਟ ਅੱਪ ਯੋਜਨਾ? ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ? ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ? ਉਂਜ ਕੁੱਲ ਮਿਲਾਕੇ 2022 ਦੇ ਕੇਂਦਰੀ ਬਜ਼ਟ ਅਨੁਸਾਰ 740 ਕੇਂਦਰੀ ਯੋਜਨਾਵਾਂ ਹਨ ਅਤੇ 65 ਕੇਂਦਰ ਵਲੋਂ ਸਪਾਂਸਰਡ ਯੋਜਨਾਵਾਂ ਹਨ। ਪਰ ਇਨ੍ਹਾਂ ਵਿਚੋਂ ਕਿੰਨੀਆਂ ਲੋਕਾਂ ਦੇ ਦਰੀਂ ਪੁੱਜੀਆਂ ਹਨ? ਜਿਹੜੀਆਂ ਕੁਝ ਯੋਜਨਾਵਾਂ "ਆਯੂਸ਼ਮਾਨ ਸਿਹਤ ਬੀਮਾ ਯੋਜਨਾ" ਜਾਂ "ਮਗਨਰੇਗਾ" ਵਰਗੀਆਂ ਪੇਂਡੂ ਖੇਤਰ 'ਚ ਰੁਜ਼ਗਾਰ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਹਨ, ਜਿਨ੍ਹਾਂ ਦਾ ਲੋਕਾਂ ਨੂੰ ਫ਼ਾਇਦਾ ਤਾਂ ਹੋ ਸਕਦਾ ਹੈ, ਉਹ ਕੇਂਦਰੀ ਬਜ਼ਟ ਘਟਾਕੇ ਜਾਂ ਉਸ ਨੂੰ ਸੀਮਤ ਕਰਕੇ ਕੇਂਦਰ ਦੀ ਸਰਕਾਰ ਨੇ ਇਨ੍ਹਾਂ ਨੂੰ ਕੁਝ ਹੱਦ ਤੱਕ ਨੁਕਰੇ ਲਾਉਣ ਦਾ ਕੰਮ ਕੀਤਾ ਹੈ।

ਪਿਛਲੇ ਕੁਝ ਸਾਲਾਂ 'ਚ ਅਮੀਰਾਂ ਦੀ ਜਾਇਦਾਦ ਤੇਜ਼ੀ ਨਾਲ ਵਧੀ ਹੈ। ਦੇਸ਼ ਵਿਚ 8 ਕਰੋੜ ਤੋਂ ਜ਼ਿਆਦਾ ਜਾਇਦਾਦ ਵਾਲੇ 8.5 ਲੱਖ ਤੋਂ ਜ਼ਿਆਦਾ ਲੋਕ ਹਨ। 250 ਕਰੋੜ ਰੁਪਏ ਤੋਂ ਜ਼ਿਆਦਾ ਜਾਇਦਾਦ ਵਾਲੇ ਲੋਕਾਂ ਦੇ ਅਲਟਰਾ-ਹਾਈ-ਨੈੱਟਵਰਥ ਬੀਤੇ ਸਾਲ ਵਿਚ 6 ਫ਼ੀਸਦੀ ਵਧ ਗਏ ਅਤੇ ਇਨ੍ਹਾਂ ਦੀ ਗਿਣਤੀ 13,600 ਹੋ ਗਈ ਹੈ। ਅਮੀਰਾਂ ਦੀ ਸਭ ਤੋਂ ਜ਼ਿਆਦਾ ਕਮਾਈ ਟੈਕਨਾਲੋਜੀ, ਮੈਨੂਫੈਕਚਰਿੰਗ ਸੈਕਟਰ, ਰੀਅਲ ਇਸਟੇਟ, ਸ਼ੇਅਰ ਬਜ਼ਾਰ ਵਿਚ ਹੈ। ਉਧਰ ਦੇਸ਼ ਦੀ ਕੁੱਲ 142 ਕਰੋੜ ਆਬਾਦੀ ਵਿਚ 80 ਕਰੋੜ ਲੋਕ ਇਹੋ ਜਿਹੇ ਹਨ, ਜਿਨ੍ਹਾਂ ਨੂੰ ਸਰਕਾਰ ਮੁਫ਼ਤ ਰਾਸ਼ਨ ਮੁਹੱਈਆ ਕਰਦੀ ਹੈ।

ਮਸ਼ਹੂਰ ਅਰਥ ਸ਼ਾਸ਼ਤਰੀ ਥਾਮਸ ਪਿਕੇਟੀ ਦਾ ਕਹਿਣਾ ਹੈ ਕਿ ਭਾਰਤ ਵਿਚ ਦੱਖਣੀ ਅਫਰੀਕਾ ਦੇ ਬਾਅਦ ਗਰੀਬ-ਅਮੀਰ ਦੇ ਵਿਚ ਖਾਈ ਸਭ ਤੋਂ ਜ਼ਿਆਦਾ ਹੈ। ਉਨ੍ਹਾਂ ਨੇ ਸੁਝਾਇਆ ਕਿ ਸਿੱਖਿਆ, ਸਿਹਤ ਜਿਹੀਆਂ ਅਹਿਮ ਸੇਵਾਵਾਂ ਉਤੇ ਲੋੜੀਂਦੇ ਖ਼ਰਚ ਲਈ ਜ਼ਰੂਰੀ ਧਨ ਰਾਸ਼ੀ ਦੇਸ਼ ਦੇ ਸਿਰਫ਼ 167 ਅਰਬਪਤੀਆਂ ਉਤੇ ਦੋ ਫ਼ੀਸਦੀ 'ਸੁਪਰ ਟੈਕਸ' ਲਾਕੇ ਹਾਸਲ ਕੀਤੀ ਜਾ ਸਕਦੀ ਹੈ। ਪਰ ਕਿਉਂਕਿ ਦੇਸ਼ ਵਿਚ ਸਰਕਾਰ ਪੂੰਜੀਪਤੀਆਂ ਦੀ ਹੈ, ਧਨ ਕੁਬੇਰਾਂ ਦੀ ਹੈ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਨੇ ਕਿਹਾ ਕਿ ਇਹੋ ਜਿਹੇ ਕਿਸੇ ਦੀ ਟੈਕਸ ਨਾਲ ਪੂੰਜੀ ਦਾ "ਪਲਾਇਨ" ਹੋਏਗਾ ਅਤੇ ਨਿਵੇਸ਼ ਦਾ ਮਾਹੌਲ ਖ਼ਰਾਬ ਹੋਏਗਾ।

ਉਂਜ ਵੀ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਜਿਵੇਂ ਨਿੱਜੀਕਰਨ ਦੇ ਰਾਹ ਉਤੇ ਹੈ, ਉਸ ਨੂੰ ਇਹੋ ਜਿਹੀ ਨੀਤੀ ਰਾਸ ਨਹੀਂ ਆ ਸਕਦੀ। ਸਾਲ 2019-20 ਵਿਚ ਕੇਂਦਰ ਸਰਕਾਰ ਅਤੇ ਸਾਰਵਜਨਿਕ ਖੇਤਰ ਵਿਚ ਪੂੰਜੀਗਤ ਨਿਵੇਸ਼ 4.7 ਸੀ, ਜੋ ਸਾਲ 2023-24 'ਚ ਘੱਟਕੇ 3.8 ਰਹਿ ਗਿਆ। ਆਖ਼ਰ ਕਿਉਂ? ਇਸ ਲਈ ਕਿ ਸਾਰਵਜਨਿਕ ਸੰਸਥਾਵਾਂ ਸਰਕਾਰ ਵਲੋਂ ਵੇਚੀਆਂ ਜਾ ਰਹੀਆਂ ਹਨ।

ਅੰਕੜਿਆਂ ਨਾਲ ਵੋਟਰਾਂ ਨੂੰ ਭਰਮਾਉਣ ਵਾਲੀ ਕੇਂਦਰ ਦੀ ਸਰਕਾਰ ਕਿਵੇਂ ਅੰਕੜਿਆਂ ਨਾਲ ਖੇਡਦੀ ਹੈ, ਉਸਦੀ ਇੱਕ ਉਦਾਹਰਨ ਕੇਂਦਰੀ ਕਿਰਤ ਮੰਤਰੀ ਦੇ ਇੱਕ ਬਿਆਨ ਤੋਂ ਵੇਖੀ ਜਾ ਸਕਦੀ ਹੈ, ਜਿਸ 'ਚ ਉਹ ਕਹਿੰਦੇ ਹਨ ਕਿ ਇੱਕ ਨਾਰੀ ਕਿਸੇ ਦੂਜੇ ਦੇ ਬੱਚੇ ਲਈ "ਆਇਆ" ਦਾ ਕੰਮ ਕਰਦੀ ਹੈ, ਤਾਂ ਉਹ ਰੁਜ਼ਗਾਰ ਮੰਨਿਆ ਜਾਂਦਾ ਹੈ, ਲੇਕਿਨ ਇਹੀ ਨਾਰੀ ਜੇਕਰ ਆਪਣਾ ਬੱਚਾ ਪਾਲੇ, ਤਾਂ ਉਸਨੂੰ ਨੌਕਰੀਸ਼ੁਦਾ ਨਹੀਂ ਮੰਨਿਆ ਜਾਂਦਾ। ਸਾਨੂੰ ਇਸ ਵਿਸ਼ਵ ਪੱਧਰੀ ਪ੍ਰੀਭਾਸ਼ਾ ਦੀ ਜਗ੍ਹਾ ਆਪਣੀ ਪ੍ਰੀਭਾਸ਼ਾ ਦੇਣੀ ਹੋਵੇਗੀ" ਪਰ ਕੀ ਪ੍ਰੀਭਾਸ਼ਾ ਬਦਲਣ ਨਾਲ ਆਮਦਨ ਵੱਧ ਜਾਏਗੀ? ਇਹ ਤਾਂ ਰੁਜ਼ਗਾਰ ਦੇ ਅੰਕੜੇ ਵਧਾਉਣ ਦਾ ਯਤਨ ਹੀ ਹੈ। ਅਸਲ 'ਚ ਦੇਸ਼ 'ਚ ਬੇਰੁਜ਼ਗਾਰੀ ਬੇਹੱਦ ਹੈ। ਸਰਕਾਰ ਕੁਝ ਕਰਨ ਦੀ ਵਿਜਾਬੇ ਅੰਕੜਿਆਂ ਨਾਲ ਲੋਕਾਂ ਦਾ ਢਿੱਡ ਭਰਨਾ ਚਾਹੁੰਦੀ ਹੈ।

ਦੇਸ਼ ਵਿਚ ਰੁਜ਼ਗਾਰ ਦੀ ਕਮੀ ਲੋਕਾਂ ਨੂੰ ਪ੍ਰਵਾਸ ਦੇ ਰਾਹ ਪਾ ਰਹੀ ਹੈ। ਅਕਤੂਬਰ 2020 ਦੇ ਬਾਅਦ ਹੁਣ ਤੱਕ ਅਮਰੀਕਾ ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਰੂਪ ਵਿਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲਗਭਗ 1,70,000 ਭਾਰਤੀਆਂ ਨੂੰ ਹਿਰਾਸਤ ਵਿਚ ਲਿਆ। ਕੀ ਇਹ ਕਥਿਤ ਤੌਰ 'ਤੇ ਵਿਸ਼ਵ ਗੁਰੂ ਬਣ ਰਹੇ ਭਾਰਤ ਦੀ ਨਿੱਤ ਪ੍ਰਤੀ ਖੁਰ ਰਹੀ ਆਰਥਿਕਤਾ, ਵੱਧਦੀ ਬੇਰੁਜ਼ਗਾਰੀ ਅਤੇ ਭੈੜੇ ਮਨੁੱਖੀ ਜੀਵਨ ਪੱਧਰ ਤੋਂ ਪੀੜਤ ਹੋ ਕੇ ਪ੍ਰਵਾਸ ਦੇ ਰਾਹ ਪੈਣ ਦੀ ਨਿਸ਼ਾਨੀ ਨਹੀਂ?

ਦੇਸ਼ 'ਚ ਸਮੱਸਿਆਵਾਂ ਵੱਡੀਆਂ ਹਨ ਪਰ ਫੌਹੜੀਆਂ ਨਾਲ ਚੱਲਣ ਵਾਲੀ ਮੋਦੀ ਸਰਕਾਰ ਹਾਲੇ ਤੱਕ ਵੀ ਪਿਛਲੇ ਦੋ ਕਾਰਜ ਕਾਲਾਂ 'ਚ ਕੀਤੇ ਲੋਕ ਵਿਰੋਧੀ ਫ਼ੈਸਲਿਆਂ ਤੋਂ ਸਬਕ ਨਹੀਂ ਸਿੱਖ ਰਹੀ। ਖੇਤੀ ਕਾਨੂੰਨਾਂ ਦੀ ਕਿਸਾਨਾਂ ਦੇ ਵਿਰੋਧ ਅਧੀਨ ਵਾਪਸੀ ਉਪਰੰਤ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੈ ਅਤੇ ਇਸ ਨੀਤੀ ਅਧੀਨ ਉਨ੍ਹਾਂ ਬਿੱਲਾਂ ਨੂੰ ਮੁੜ ਲਾਗੂ ਕਰਨ ਦੇ ਚੱਕਰ ਵਿਚ ਹੈ ਅਤੇ ਦੇਸ਼ ਦੀ ਮੰਡੀ ਮੁੜ ਧੰਨ ਕੁਬੇਰਾਂ ਹੱਥ ਫੜਾਉਣ ਦੀ ਨੀਤੀ ਲਈ ਕੰਮ ਕਰ ਰਹੀ ਹੈ, ਕਿਉਂਕਿ ਇਸ ਨੀਤੀ ਤਹਿਤ ਅੰਨ ਖਰੀਦ ਕਾਰਪੋਰੇਟਾਂ ਹੱਥ ਫੜਾਉਣ ਦੀ ਯੋਜਨਾ ਹੈ। ਬਿਲਕੁਲ ਉਵੇਂ ਹੀ ਜਿਵੇਂ ਨੈਸ਼ਨਲ ਹਾਈਵੇ, ਪਾਇਲਟ ਪ੍ਰਾਜੈਕਟਾਂ ਅਧੀਨ ਕਿਸਾਨਾਂ ਦੀ ਜ਼ਮੀਨ ਅਕਵਾਇਰ ਕੀਤੀ ਜਾ ਰਹੀ ਹੈ ਤੇ ਕਈ ਹਾਲਤਾਂ 'ਚ ਉਨ੍ਹਾਂ ਨੂੰ ਵਾਜਬ ਮੁੱਲ ਵੀ ਨਹੀਂ ਮਿਲਦਾ। ਪੰਜਾਬ ਹਿਤੈਸ਼ੀ, ਕਿਸਾਨ ਹਿਤੈਸ਼ੀ ਇਸ ਕਾਰਵਾਈ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਕਾਰਵਾਈ ਗਿਣਦੇ ਹਨ ਅਤੇ ਇਹ ਵੀ ਆਖਦੇ ਹਨ ਕਿ ਇਨ੍ਹਾਂ ਪ੍ਰਾਜੈਕਟਾਂ ਦਾ ਆਮ ਆਦਮੀ ਦੀ ਬਜਾਏ ਕਾਰਪੋਰੇਟਾਂ ਨੂੰ ਵੱਧ ਫਾਇਦਾ ਹੋਏਗਾ। ਉਂਜ ਵੀ ਜੇਕਰ ਇਨ੍ਹਾਂ ਪ੍ਰਾਜੈਕਟਾਂ ਨੂੰ ਵਾਚੀਏ ਤਾਂ ਇਹ "ਵਰਲਡ ਬੈਂਕ" ਵਲੋਂ ਲਏ ਕਰਜ਼ੇ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦੇ ਕਰਜ਼ ਦਾ ਭਾਰ ਆਮ ਲੋਕਾਂ ਉਤੇ ਹੀ ਪਵੇਗਾ ਅਤੇ ਉਨ੍ਹਾਂ ਨੂੰ ਇਸਦਾ ਫ਼ਾਇਦਾ ਕਣ ਮਾਤਰ ਵੀ ਨਹੀਂ ਮਿਲੇਗਾ। ਪਰ ਕਿਉਂਕਿ ਸਰਕਾਰ ਮੰਡੀਕਰਨ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹੋਈ ਹੈ, ਇਹ ਵੱਡੇ ਹਾਈਵੇ ਕਾਰਪੋਰੇਟਾਂ ਦੇ ਕਾਰੋਬਾਰ ਨੂੰ ਹੀ ਹੁਲਾਰਾ ਦੇਣਗੇ, ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਜੋ ਕਿ ਇੱਕ ਭਰਮਾਓ ਗੱਲ ਹੈ।

ਰੁਜ਼ਗਾਰ ਦੇਣ ਦੇ ਨਾਂਅ ਉਤੇ ਕੇਂਦਰ ਵਲੋਂ ਕੀਤੀਆਂ ਗੱਲਾਂ, ਆਮ ਲੋਕਾਂ ਦਾ ਢਿੱਡ ਨਹੀਂ ਭਰ ਸਕੀਆਂ। ਦੇਸ਼ ਵੱਡਾ ਬਣੇਗਾ, ਆਰਥਿਕ ਤੌਰ 'ਤੇ ਤਰੱਕੀ ਕਰੇਗਾ, ਵਿਸ਼ਵ ਗੁਰੂ ਵਰਗੇ ਬਿਆਨ ਦੇਕੇ ਅਤੇ ਦੇਸ਼ 'ਚ ਧਰਮਾਂ ਦੇ ਧਰੁਵੀਕਰਨ ਨਾਲ ਚੋਣਾਂ ਜਿੱਤੇ ਕੇ ਪਹਿਲੀਆਂ ਦੋ ਵਾਰ ਦੀਆਂ ਸਰਕਾਰਾਂ ਅਤੇ ਹੁਣ ਵਾਲੀ ਸਰਕਾਰ ਵੀ 'ਸਭ ਦਾ ਵਿਕਾਸ' ਦਾ ਨਾਹਰਾ ਮਾਰਦੀ ਹੈ, ਪਰ ਅਸਲ ਅਰਥਾਂ ਵਿਚ ਉਸਦਾ ਅਜੰਡਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦਾ ਹੈ। ਇੱਕ ਦੇਸ਼-ਇੱਕ ਕੌਮ-ਇੱਕ ਭਾਸ਼ਾ-ਇੱਕ ਚੋਣ ਇਸੇ ਅਜੰਡੇ ਦੀ ਕੜੀ ਹਨ। ਇਸੇ ਅਜੰਡੇ ਤਹਿਤ ਦੇਸ਼ ਨੂੰ ਇੱਕ ਦੇਸ਼-ਇੱਕ ਪਾਰਟੀ-ਇੱਕ ਵਿਸ਼ੇਸ਼ ਵਿਅਕਤੀ, ਰਾਜ ਵੱਲ ਤੋਰਿਆ ਜਾ ਰਿਹਾ ਹੈ। ਇਸ ਕਰਕੇ ਸਮੇਂ-ਸਮੇਂ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਂਦੀ ਹੈ, ਇਸੇ ਕਰਕੇ ਦੇਸ਼ ਦੇ ਸੰਵਿਧਾਨ ਨੂੰ ਤੋੜਿਆ ਮਰੋੜਿਆ ਜਾਂਦਾ ਹੈ, ਇਸੇ ਕਰਕੇ ਸੂਬਿਆਂ ਦੇ ਹੱਕ ਹਥਿਆਏ ਜਾ ਰਹੇ ਹਨ, ਇਸੇ ਕਰਕੇ ਕੌਮੀ ਸਿੱਖਿਆ ਨੀਤੀ ਤਹਿਤ ਲੋਕਾਂ ਦੀਆਂ ਬੋਲੀਆਂ ਅਤੇ ਸੱਭਿਆਚਾਰ ਉਤੇ ਸੱਟ ਮਾਰੀ ਜਾ ਰਹੀ ਹੈ। ਇਸ ਸਭ ਕੁਝ ਦੇ ਪਿੱਛੇ ਸੋਚ ਉਸ ਬੁਲਡੋਜ਼ਰ ਨੀਤੀ ਵਾਲੀ ਹੈ, ਜਿਸਦੀ ਵਰਤੋਂ ਉਤਰ ਪ੍ਰਦੇਸ਼ ਵਿਚ ਸ਼ਰੇਆਮ ਕੀਤੀ ਗਈ, ਜਿਥੇ ਪਹਿਲਾਂ ਧਰਮ ਧਰੁਵੀਕਰਨ ਨਾਲ ਹਿੰਦੂ ਵੋਟਾਂ ਇੱਕ ਪਾਸੇ ਇਕੱਠੀਆਂ ਕੀਤੀਆਂ ਗਈਆਂ, ਪਾਕਿਸਤਾਨ ਜਾਂ ਗੁਆਂਢੀ ਦੇਸ਼ਾਂ ਦੇ ਹਮਲੇ ਦਾ ਡਰ ਦੇਕੇ ਜਾਂ ਫਿਰ ਹੁਣ ਹਰਿਆਣਾ ਵਿਚ ਕਿਸਾਨ ਵਿਰੋਧੀ, ਜੱਟ ਵਿਰੋਧੀ ਲੋਕਾਂ ਨੂੰ ਇਕੱਠਿਆਂ ਕਰਕੇ ਇਹ ਦਰਸਾਉਣ ਦਾ ਯਤਨ ਹੋਇਆ, ਜੋ ਸਾਡੇ ਨਾਲ ਟਕਰਾਏਗਾ, ਸਾਡੀ ਸੋਚ ਦੇ ਉਲਟ ਕੰਮ ਕਰੇਗਾ, ਸਾਡੇ ਚਲਦੇ ਕੰਮਾਂ 'ਚ ਰੁਕਾਵਟ ਪਾਏਗਾ, ਉਸ ਨੂੰ ਵੋਟ ਪਾੜੂ ਚਾਨਕੀਆ ਨੀਤੀ ਨਾਲ ਸਬਕ ਸਿਖਾਵਾਂਗੇ। ਇਨ੍ਹਾਂ ਹਾਕਮਾਂ ਦੀ ਇਹ ਸੋਚ ਭਾਰਤੀ ਲੋਕਤੰਤਰ ਅਤੇ ਸੰਵਿਧਾਨ ਨੂੰ ਨਸ਼ਟ ਕਰਨ ਵੱਲ ਤੁਰਦੀ ਦਿਸਦੀ ਹੈ।

ਸ਼ਿਕਾਗੋ ਯੂਨੀਵਰਸਿਟੀ ਦਾ ਇੱਕ ਖੋਜ ਪੱਤਰ ਇਨ੍ਹਾਂ ਦਿਨਾਂ ਵਿਚ ਬਹੁਤ ਚਰਚਾ 'ਚ ਹੈ ਕਿ 50 ਪ੍ਰਤੀਸ਼ਤ ਸੰਵਿਧਾਨਾਂ ਦੀ 80 ਵਰ੍ਹਿਆਂ ਦੀ ਉਮਰ ਹੋ ਜਾਣ ਤੱਕ ਉਸਦੀ ਮੌਤ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ, ਕੇਵਲ 19% ਸੰਵਿਧਾਨ ਹੀ 50 ਵਰ੍ਹੇ ਦੀ ਉਮਰ ਤੱਕ ਜੀਊਂਦੇ ਰਹਿ ਪਾਉਂਦੇ ਹਨ ਅਤੇ 7% ਤਾਂ ਆਪਣਾ ਦੂਜਾ ਜਨਮ ਦਿਨ ਵੀ ਨਹੀਂ ਮਨਾ ਪਾਉਂਦੇ। ਪਰ ਭਾਰਤ ਆਪਣੇ 75 ਵਰ੍ਹੇ ਸਫ਼ਲ ਲੋਕਤੰਤਰ ਦੇ ਤੌਰ 'ਤੇ ਪੂਰੇ ਕਰ ਚੁੱਕਾ ਹੈ ਅਤੇ ਇਥੋਂ ਦੇ ਲੋਕ ਇਸ ਸੰਵਿਧਾਨ ਅਤੇ ਲੋਕਤੰਤਰ ਦੇ ਰਾਖੇ ਬਣਕੇ ਚੌਕੀਦਾਰੀ ਕਰ ਰਹੇ ਹਨ।

ਦੇਸ਼ ਦੇ ਹਾਕਮ ਕੰਧ 'ਤੇ ਲਿਖਿਆ ਉਦੋਂ ਪੜ੍ਹ ਲੈਣਗੇ, ਜਦੋਂ ਦੇਸ਼ ਦੇ ਲੋਕ ਹਾਕਮਾਂ ਨੂੰ ਸਮੇਂ-ਸਮੇਂ ਸੰਘਰਸ਼ ਕਰਕੇ ਦਿਖਾ ਦੇਣਗੇ ਕਿ ਦੇਸ਼ ਦੇ ਜਿਸ ਸੰਵਿਧਾਨ ਨੇ 75 ਵਰ੍ਹੇ ਪੂਰੇ ਕਰ ਲਏ ਹਨ, ਤਾਂ ਇਸ ਲੋਕਤੰਤਰੀ ਸੋਚ ਵਾਲੇ ਸੰਵਿਧਾਨ ਨੂੰ ਭਵਿੱਖ ਵਿਚ ਵੀ ਕੋਈ ਭੈੜੀ ਸੋਚ, ਜਾਂ ਭੈੜੀ ਨਜ਼ਰ ਜਾਂ ਬੁਲਡੋਜ਼ਰ ਨੀਤੀ ਤਬਾਹ ਨਹੀਂ ਕਰ ਸਕੇਗੀ।

# ਅਕਾਲੀ ਦਲ ਬਾਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਕੇ ਆਪਣੀ ਕਬਰ ਆਪ ਹੀ ਖੋਦੀ ਜਾ ਰਹੀ ਹੈ !!

## ਮੌਜੂਦਾ ਹਾਲਤ ਵਿਚ ਅਕਾਲੀ ਦਲ ਦੇ ਨਿਰਮਾਣ ਹਿੱਤ ਉਚ ਪੱਧਰੀ ਕਮੇਟੀ ਬਣਾਉਣ ਦੀ ਵੱਡੀ ਲੋੜ





ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਸੰਸਾਰ ਦਾ ਸਿੱਖ ਜਗਤ ਸ੍ਰੀ ਅਕਾਲ ਤਖਤ ਦੇ ਹੁਕਮਾਂ ਨੂੰ ਇਲਾਹੀ ਹੁਕਮ ਮੰਨਦਾ ਹੋਇਆ, ਉਸ ਨੂੰ ਪ੍ਰਵਾਨ ਕਰਦਾ ਆ ਰਿਹਾ ਹੈ। ਸਿੱਖ ਕੌਮ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ "ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਨਾਲ ਖਹਿਆ ਹੈ, ਉਸ ਦਾ ਕੱਖ ਨਹੀਂ ਰਿਹਾ ਹੈ"। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ। ਸਿੱਖ ਜਗਤ ਇਹ ਵੀ ਭਲੀਭਾਂਤ ਜਾਣਦਾ ਹੈ ਕਿ ਗੁਰਦੁਆਰੇ ਵਿਖੇ ਸੱਚੇ ਦਿੱਲੋਂ ਕੀਤੀ ਅਰਦਾਸ, ਸੱਚ ਹੋ ਜਾਂਦੀ ਹੈ, ਜਿਸ ਦੀ ਤਾਜ਼ਾ ਉਦਾਹਰਣ ਇਸ ਵੇਲੇ ਦਾ ਮੌਜੂਦਾ ਸਿੱਖ ਸਮਾਜ ਬੜੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਇਕ ਆਗੂ ਜਿਸ ਦਾ ਸਬੰਧ ਬਾਦਲ ਪਰਿਵਾਰ ਨਾਲ ਬੜਾ ਨੇੜਲਾ ਹੈ, ਉਸ ਨੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ ਸੀ ਕਿ "ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਈਆਂ ਹਨ, ਉਨ੍ਹਾਂ ਦਾ ਕੱਖ ਨਾ ਰਹੇ"। ਅੱਜ ਸਿੱਖ ਜਗਤ ਤੇ ਖੁਦ ਬਾਦਲ ਪਰਿਵਾਰ ਸਮੇਤ ਸਾਰਾ ਅਕਾਲੀ ਦਲ ਆਪਣੇ ਸਾਹਮਣੇ ਸਭ ਕੁਝ ਹੁੰਦਾ ਵੇਖ ਰਿਹਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਇਹ ਹੀ ਅਕਾਲੀ ਦਲ ਹੈ, ਜੋ ਸ੍ਰੀ ਅਕਾਲ ਤਖਤ ਨੂੰ ਬੜਾ ਮਹਾਨ ਦੱਸਦਾ ਆ ਰਿਹਾ ਹੈ ਪਰ ਕਦੋਂ ਤੱਕ ਜਦੋਂ ਤੱਕ ਬਾਦਲਾਂ ਵਲੋਂ ਬਣਾਏ ਜਥੇਦਾਰ ਉਨ੍ਹਾਂ ਦੀਆਂ ਗਲਤ ਤੌਰ 'ਤੇ ਕੀਤੀਆਂ ਤਰਫਦਾਰੀਆਂ ਕਰਕੇ ਉਨ੍ਹਾਂ ਦੇ ਹੱਕ ਵਿਚ ਫੈਸਲੇ ਸੁਣਾਉਂਦੇ ਰਹੇ ਹਨ। ਪੰਜਾਬੀ ਦੀ ਇਕ ਅਖਾਉਤ ਹੈ ਕਿ "ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ"। ਅਜੋਕੇ ਸਮੇਂ ਵਿਚ ਇਹੋ ਕੁਝ ਬਾਦਲ ਤੇ ਉਸ ਦੇ ਸਾਰੇ ਗਰੁੱਪ ਨਾਲ ਹੋਇਆ ਹੈ, ਜੋ ਉਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ। ਸਭ ਨੂੰ ਯਾਦ ਹੋਵੇਗਾ ਕਿ ਬੀਤੇ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਦੋ ਹੋਰ ਜਥੇਦਾਰਾਂ ਨੇ ਸ. ਸੁਖਬੀਰ ਸਿੰਘ ਬਾਦਲ, ਉਸ ਦੇ ਮੰਤਰੀਆਂ ਆਦਿ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ 'ਤੇ ਤਲਬ ਕੀਤਾ ਸੀ। ਜਿਸ ਵਿਚ ਅਕਾਲੀ ਦਲ ਦੇ ਸਾਰੇ ਆਗੂਆਂ ਜਿਨ੍ਹਾਂ ਨੂੰ ਦਾਗੀ ਤੇ ਬਾਗੀ ਆਖਿਆ ਗਿਆ, ਸਾਰੇ ਫਸੀਲ ਅੱਗੇ ਪੇਸ਼ ਵੀ ਹੋਏ। ਸਿੱਖ ਕੌਮ ਦੇ ਪੰਜ ਜਥੇਦਾਰਾਂ ਵਲੋਂ ਬਣਾਈ ਨੀਤੀ ਮੁਤਾਬਿਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਵਰਗਵਾਸੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਵਿਚ ਕੀਤੇ ਦਸ ਸਾਲ ਦੇ ਰਾਜ ਕਾਲ ਦੌਰਾਨ ਜੋ ਗੰਭੀਰ ਗਲਤੀਆਂ ਦਾ ਲੇਖਾ-ਜੋਖਾ ਪੇਸ਼ ਕੀਤਾ, ਜਿਸ ਨੂੰ ਸਾਰਾ ਸਿੱਖ ਪੰਥ ਬੜੀ ਚੰਗੀ ਤਰ੍ਹਾਂ ਜਾਣਦਾ ਹੈ, ਇਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ। ਉਪਰੰਤ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਜੁਆਬ ਸ. ਸੁਖਬੀਰ ਸਿੰਘ ਬਾਦਲ ਕੋਲੋਂ ਹਾਂ ਜਾਂ ਨਾਂਹ ਵਿਚ ਦੇਣਾ ਮੰਗਿਆ ਗਿਆ। ਸੰਸਾਰ ਦੇ ਲੋਕਾਂ ਨੇ ਸਭ ਕੁਝ ਵੇਖਿਆ ਕਿ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸਾਰੇ ਮੰਤਰੀਆਂ ਆਦਿ ਨੇ ਜਿਹੜੀਆਂ ਗਲਤੀਆਂ ਕੀਤੀਆਂ ਸਨ, ਉਨ੍ਹਾਂ ਸਾਰੇ ਸੁਆਲਾਂ ਦਾ ਜੁਆਬ "ਹਾਂ" ਵਿਚ ਦਿੱਤਾ। ਜਿਸ ਵਿਚ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਸਿੱਖ ਸੰਗਤ ਵਿਚ ਪ੍ਰਵਾਨ ਵੀ ਕੀਤਾ। ਇਸ ਸਭ ਕੁਝ ਦਾ ਫੈਸਲਾ ਸੁਣਾਉਂਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਖ ਕੌਮ ਵਲੋਂ ਦਿੱਤੇ ਦੋਵੇਂ ਖਿਤਾਬ "ਫੱਖਰੇ ਕੌਮ" ਤੇ "ਪੰਥ ਰਤਨ" ਵਾਪਸ ਲੈਣ ਦਾ ਹੁਕਮ ਦੇਣ ਦੇ ਨਾਲ ਇਹ ਵੀ ਐਲਾਨ ਕੀਤਾ ਕਿ ਸੁਖਬੀਰ ਸਿੰਘ ਬਾਦਲ ਸਮੇਤ ਜਿਨ੍ਹਾਂ ਹੋਰ ਆਗੂਆਂ ਨੇ ਅਸਤੀਫੇ ਦਿੱਤੇ ਹਨ, ਉਹ ਤਿੰਨ ਦਿਨਾਂ ਵਿਚ ਪ੍ਰਵਾਨ ਕਰਕੇ ਸ੍ਰੀ ਅਕਾਲ ਤਖਤ ਨੂੰ ਜਾਣੂ ਕਰਾਇਆ ਜਾਵੇ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਦਾਗੀ ਤੇ ਬਾਗੀ ਅਕਾਲੀ ਆਗੂ ਦੋਵੇਂ ਹੀ ਸਿੱਖ ਪੰਥ ਵਿਚੋਂ ਨੈਤਿਕ ਤੌਰ 'ਤੇ ਆਪਣਾ ਆਧਾਰ ਖੋਹ ਚੁੱਕੇ ਹਨ। ਉਹ ਸਾਰੇ ਅਸਤੀਫੇ ਦੇਣ। ਉਨ੍ਹਾਂ ਨੇ ਇਕ ਸੱਤ ਮੈਂਬਰੀ ਕਮੇਟੀ ਵੀ ਗਠਨ ਕੀਤੀ, ਜਿਸ ਦੀ ਡਿਊਟੀ ਲਗਾਈ ਕਿ ਉਹ ਛੇ ਮਹੀਨੇ ਵਿਚ ਸਿੱਖ ਕੌਮ ਦੀ ਨਵੀਂ ਅਕਾਲੀ ਲੀਡਰਸ਼ਿਪ ਦੀ ਚੋਣ ਕਰੇ। ਇਸ ਤੋਂ ਬਿਨਾਂ ਦੋਸ਼ੀ ਆਗੂਆਂ ਨੂੰ ਸਜ਼ਾਵਾਂ ਵੀ ਸੁਣਾਈਆਂ ਗਈਆਂ। ਇਨਾਂ ਹੁਕਮਾਂ ਨੂੰ ਸੁਣ ਕੇ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦਾ ਸਾਰਾ ਗਰੁਪ ਹੱਕਾ-ਬੱਕਾ ਰਹਿ ਗਏ ਕਿ ਇਹ ਕੀ ਹੋ ਗਿਆ ਹੈ ? ਸਿੱਖ ਜਗਤ ਇਹ ਵੀ ਜਾਣਦਾ ਹੈ ਕਿ ਸ੍ਰੀ ਅਕਾਲ ਤਖਤ ਦੇ ਹੁਕਮਾਂ ਨੂੰ ਕਿਸ ਨੇ ਮੰਨਿਆ ਤੇ ਕਿਸ ਨੇ ਨਹੀਂ! ਇਸ ਵੇਲੇ ਇਨ੍ਹਾਂ ਸਾਰੇ ਆਗੂਆਂ ਵਿਚ ਹਲਚਲ ਮਚੀ ਹੋਈ ਹੈ ਕਿ ਇਨ੍ਹਾਂ ਸਾਰੇ ਜਥੇਦਾਰਾਂ ਜਿਨ੍ਹਾਂ ਨੂੰ ਅਸੀ ਬਣਾਇਆ ਹੋਇਆ ਹੈ, ਇਹ ਕੌਣ ਹੁੰਦੇ ਹਨ ਉਨ੍ਹਾਂ ਵਿਰੁੱਧ ਫਤਵਾ ਦੇਣ ਵਾਲੇ! ਇਹ ਗੁੱਸਾ ਉਸ ਵੇਲੇ ਹੋਰ ਉਜਾਗਰ ਹੋ ਗਿਆ, ਜਦੋਂ ਇਨ੍ਹਾਂ ਨੇ 15-20 ਸਾਲ ਪੁਰਾਣੇ ਬੜੇ ਭੱਦੇ ਦੋਸ਼ ਲਗਾ ਕੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੰਦਰਾਂ ਦਿਨ ਲਈ ਜਥੇਦਾਰ ਦੀ ਪੱਦਵੀ ਤੋਂ ਲਾਂਭੇ ਕਰ ਦਿੱਤਾ, ਤਾਂ ਕਿ ਦੂਸਰੇ ਜਥੇਦਾਰਾਂ ਨੂੰ ਡਰਾ ਕੇ ਉਨ੍ਹਾਂ ਵਲੋਂ ਪਹਿਲਾਂ ਸੁਣਾਏ ਗਏ ਫੈਸਲਿਆਂ ਨੂੰ ਵਾਪਸ ਕਰਾਇਆ ਜਾ ਸਕੇ। ਸਿੱਖ ਕੌਮ ਵਿਚ ਇਹ ਵੀ ਚਰਚਾ ਹੈ ਕਿ ਇਹ ਹੀ ਬਾਦਲ ਗਰੁੱਪ ਹੈ, ਜਿਹੜਾ ਇਹ ਕਹਿੰਦਾ ਨਹੀਂ ਸੀ ਥੱਕਦਾ ਕਿ "ਸ੍ਰੀ ਅਕਾਲ ਤਖਤ ਮਹਾਨ ਹੈ, ਸਾਰੇ ਸਿੱਖਾਂ ਨੂੰ ਉਸ ਦੇ ਹੁਕਮਾਂ ਨੂੰ ਸਿਰ ਝੁੱਕਾ ਕੇ ਮੰਨਣਾ ਚਾਹੀਦਾ ਹੈ", ਹੁਣ ਆਪ ਹੀ ਉਸ ਤੋਂ ਮੁਨਕਰ ਹੋਇਆ ਫਿਰਦਾ ਹੈ। ਇਸ ਦਾ ਮਤਲਬ ਇਹ ਹੈ ਕਿ "ਕੌੜਾ ਕੌੜਾ ਥੂ, ਤੇ ਮਿੱਠਾ ਮਿੱਠਾ ਹੜੱਪ"। ਅੱਜ ਤੱਕ ਅਕਾਲੀ ਜੁੰਡਲੀ ਸਿੱਖ ਕੌਮ ਦੇ ਜਥੇਦਾਰਾਂ ਨੂੰ ਆਪਣੀਆਂ ਉਂਗਲਾਂ 'ਤੇ ਨਚਾ ਕੇ ਆਪਣੀ ਮਰਜ਼ੀ ਦੇ ਜਾਇਜ਼ ਨਾਜਾਇਜ਼ ਫੈਸਲੇ ਆਪਣੇ ਹੱਕ ਵਿਚ ਕਰਵਾਉਂਦੇ ਰਹੇ ਹਨ। ਇਹ ਭੁੱਲ ਗਏ ਹਨ ਕਿ ਸਿੱਖ ਕੌਮ ਨੂੰ ਫੈਸਲਾ ਸੁਣਾਉਣ ਤੋਂ ਪਹਿਲਾਂ ਜਥੇਦਾਰਾਂ ਨੂੰ ਸਪੱਸ਼ਟ ਦੱਸ ਦਿੱਤਾ ਸੀ ਕਿ ਉਹ ਅਕਾਲੀ ਫੂਲਾ ਸਿੰਘ ਜਿਹੇ ਜਥੇਦਾਰ ਬਣਨਾ ਚਾਹੁੰਦੇ ਹਨ ਜਾਂ ਕਿ ਗਿਆਨੀ ਗੁਰਬਚਨ ਸਿੰਘ! ਜਿਸ ਨੇ ਸਾਰੀ ਕੌਮ ਦਾ ਸੰਸਾਰ ਭਰ ਵਿਚ ਸਿਰ ਨੀਂਵਾਂ ਕਰਾ ਦਿੱਤਾ ਹੈ। ਇਹ ਗੱਲ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਜਥੇਦਾਰ ਸਾਹਿਬਾਨ ਵਲੋਂ ਸੁਣਾਏ ਗਏ ਫੈਸਲੇ ਨੇ ਸੰਸਾਰ ਭਰ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਮੁੜ ਚੜ੍ਹਦੀਕਲਾ ਵਿਚ ਲਿਆ ਦਿੱਤਾ ਹੈ। ਇਸ ਹਾਲਤ ਵਿਚ ਬਾਦਲ ਗਰੁੱਪ ਨੂੰ ਸਿੱਖ ਪੰਥ ਕਿਸੇ ਵੀ ਹਾਲਤ ਵਿਚ ਸਵੀਕਾਰ ਕਰਨ ਵਾਲਾ ਨਹੀਂ। ਇਹੋ ਜਿਹੀਆਂ ਬੇਹੂੱਦਗੀਆਂ ਕਰਨ ਕਰਕੇ ਇਨ੍ਹਾਂ ਦੀ ਹਾਲਤ ਸਿੱਖ ਕੌਮ ਵਿਚ ਪਾਣੀ ਤੋਂ ਪਤਲੀ ਪੈ ਗਈ ਹੈ। ਉਹ ਕਿਸੇ ਹਾਲਤ ਵਿਚ ਇਨ੍ਹਾਂ ਨੂੰ ਸਵੀਕਾਰ ਕਰਨ ਵਾਲਾ ਨਹੀਂ। ਸਿੱਖ ਕੌਮ ਹੈਰਾਨ ਹੈ ਕਿ ਜਿਸ ਭਾਜਪਾ ਨੇ ਪੰਜਾਬ ਵਿਚ ਰਾਜ ਕਰਨ ਵਾਲੀ ਅਕਾਲੀ ਪਾਰਟੀ ਨੂੰ ਆਪਣੀਆਂ ਸ਼ਤਰੰਜੀ ਚਾਲਾਂ ਨਾਲ ਉਨ੍ਹਾਂ ਦੀ ਹੋਂਦ ਖਤਮ ਕਰ ਦਿੱਤੀ ਹੋਵੇ, ਜਿਸ ਦੇ ਆਗੂ ਸਭ ਕੁਝ ਗਵਾ ਕੇ ਵੀ ਫਿਰ ਭਾਜਪਾ ਨਾਲ ਸਮਝੌਤਾ ਕਰਨ ਦੀਆਂ ਗੱਲਾਂ ਕਰ ਰਹੇ ਹਨ। ਇਸ ਦਾ ਮਤਲਬ ਜ਼ਾਹਰ ਹੈ ਕਿ ਇਨ੍ਹਾਂ ਅਕਾਲੀਆਂ ਨੂੰ ਸਿਰਫ ਪੈਸਾ ਤੇ ਗੱਦੀਆਂ ਹੀ ਪਿਆਰੀਆਂ ਹਨ, ਨਾ ਤਾਂ ਹਿੱਤ ਸਿੱਖ ਕੌਮ ਨਾਲ ਹੈ, ਨਾ ਹੀ ਪੰਜਾਬ ਤੇ ਉਸ ਦੀਆਂ ਮੰਗਾਂ ਨਾਲ। ਇਸ ਸਮੇਂ ਸਿੱਖ ਕੌਮ ਦੇ ਜਥੇਦਾਰਾਂ ਨਾਲ ਸੰਸਾਰ ਦਾ ਸਿੱਖ ਜਗਤ ਪੂਰੀ ਤਰ੍ਹਾਂ ਇੱਕਠਾ ਹੈ। ਪੰਜਾਬ ਵਿਚ ਇਸ ਸਮੇਂ ਇਹ ਬਾਦਲ ਅਕਾਲੀ ਦਲ ਜਿਹੜਾ ਕਿ ਹੁਣ ਅਕਾਲੀ ਦਲ ਦੀ ਥਾਂ 'ਤੇ ਪੰਜਾਬੀ ਪਾਰਟੀ ਬਣ ਚੁੱਕਾ ਹੈ। ਇਨ੍ਹਾਂ ਨੂੰ ਪੰਜਾਬ ਦਾ ਸਿੱਖ ਪੰਥ ਕਦੇ ਵੀ ਸਵੀਕਾਰਨ ਵਾਲਾ ਨਹੀਂ ਹੈ। ਜਥੇਦਾਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਬੇਹੂਦੀਆਂ ਕਾਰਵਾਈਆਂ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਤੇ ਨਾ ਹੀ ਇਨ੍ਹਾਂ ਕੋਲੋਂ ਆਸ ਰੱਖਣੀ ਚਾਹੀਦੀ ਹੈ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ 'ਅਕਾਲੀ ਪਾਰਟੀ' ਦੀ ਕੋਈ ਸਥਾਪਨਾ ਕਰ ਸਕਣਗੇ। ਇਸ ਲਈ ਉਨ੍ਹਾਂ (ਜਥੇਦਾਰ ਸਾਹਿਬਾਨ) ਨੂੰ ਹੀ ਵੱਡੀ ਭੂਮਿਕਾ ਨਿਭਾਉਣੀ ਪੈਣੀ ਹੈ। ਉਨ੍ਹਾਂ ਵਲੋਂ ਬਣਾਈ ਸੱਤ ਮੈਂਬਰੀ ਕਮੇਟੀ ਵਿਚ ਸ਼ਾਮਲ ਕੀਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਕੋਲੋਂ ਵੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਇਸ ਸਮੇਂ ਉਹ ਆਪ ਵੀ ਬੜੀ ਬੁਰੀ ਤਰ੍ਹਾਂ ਵਿਵਾਦਾਂ ਵਿਚ ਘਿਰੇ ਹੋਏ ਹਨ। ਜਥੇਦਾਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਕ ਅਕਾਲੀ ਪਾਰਟੀ ਦੇ ਨਿਰਮਾਣ ਕਰਨ ਹਿੱਤ ਸਿੱਖ ਆਗੂਆਂ ਦੀ ਇਕ ਉੱਚ ਪੱਧਰੀ ਕਮੇਟੀ ਬਣਾਉਣ ਜਿਸ ਵਿਚ ਅਕਾਲੀ ਦਲ ਦੇ ਸਾਰੇ ਦਲਾਂ ਦੇ ਸੂਝਵਾਨ ਆਗੂ, ਪੰਥਕ ਜਥੇਬੰਦੀਆਂ, ਸਿੱਖ ਚਿੰਤਕਾਂ, ਸਿੱਖ ਬੁੱਧੀਜੀਵੀਆਂ ਦਾ ਇੱਕਠ ਕਰਨ। ਹੋ ਸਕੇ ਤਾਂ ਇਸ ਵਿਚ ਸੰਸਾਰ ਭਰ ਦੇ ਕੁਝ ਆਗੂਆਂ ਨੂੰ ਵੀ ਸ਼ਾਮਲ ਕਰਨ ਜਿਸ ਵਿਚ ਸਰਬ ਪ੍ਰਵਾਨਿਤ ਆਗੂਆਂ ਦੀ ਕਮੇਟੀ ਬਣਾਉਣ, ਭਾਵੇਂ ਉਨ੍ਹਾਂ ਦੀ ਗਿਣਤੀ ਕੁਝ ਵੱਧ ਵੀ ਕਿਉਂ ਨਾ ਹੋ ਜਾਵੇ ? ਇਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਜਾਵੇ, ਜੋ ਜਲਦੀ ਤੋਂ ਜਲਦੀ ਅਕਾਲੀ ਪਾਰਟੀ ਦੀ ਸਥਾਪਨਾ ਕਰੇ, ਤਾਂ ਜੋ ਪੰਜਾਬ ਦੇ ਲਟਕ ਰਹੇ ਮਸਲਿਆਂ ਨੂੰ ਹੱਲ ਕਰਾਉਣ ਦੇ ਨਾਲ ਪੰਜਾਬ ਨੂੰ ਚੜ੍ਹਦੀਕਲਾ ਵਿਚ ਲਿਆਉਣ ਦੇ ਸਮਰੱਥ ਹੋਵੇ।

# ਕੌਣ ਸੀ ਸ਼ਾਹ ਮੁਹੰਮਦ ਦੇ ਜੰਗਨਾਮਾ ਵਿਚ ਵਰਣਿਤ ਪਹਾੜਾ ਸਿੰਘ?

ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ, ਸਿੰਘਾਂ ਨਾਲ ਸੀ ਉਸ ਦੀ ਗੈਰਸਾਲੀ (ਦੁਸ਼ਮਣੀ)।

ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ, ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।

ਉਥੋਂ ਹੋ ਗਿਆ ਹਰਨ ਹੈ ਖਾਲਸਾ ਜੀ, ਚੌਦਾਂ ਹੱਥਾਂ ਦੀ ਮਾਰ ਕੇ ਮਿਰਗ ਛਾਲੀ।

ਸ਼ਾਹ ਮੁਹੰਮਦਾ ਸਾਂਭ ਲੈ ਸਿਲੇ ਖਾਨੇ (ਅਸਲ੍ਹਾ ਭੰਡਾਰ), ਛੱਡ ਗਏ ਨੇ ਸਿੰਘ ਮੈਦਾਨ ਖਾਲੀ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਪਹਿਲੀ ਐਂਗਲੋ ਸਿੱਖ ਜੰਗ ਸੰਨ 13 ਦਸੰਬਰ 1845 ਈਸਵੀ ਤੋਂ ਲੈ ਕੇ 10 ਫਰਵਰੀ 1846 ਤੱਕ ਹੋਈ ਸੀ। 18 ਦਸੰਬਰ ਮੁਦਕੀ, 21 ਦਸੰਬਰ ਫਿਰੋਜ਼ ਸ਼ਾਹ, 28 ਜਨਵਰੀ ਆਲੀਵਾਲ ਅਤੇ ਆਖਰੀ ਜੰਗ ਮੁਦਕੀ ਪਿੰਡ ਵਿਖੇ 10 ਫਰਵਰੀ 1846 ਈਸਵੀ ਨੂੰ ਹੋਈ ਸੀ। ਆਪਣੇ ਜਰਨੈਲਾਂ ਤੇਜ ਸਿੰਘ ਅਤੇ ਲਾਲ ਸਿੰਘ ਦੀ ਗੱਦਾਰੀ ਦੇ ਕਾਰਨ ਸਿੱਖ ਫੌਜ ਹਾਰ ਗਈ ਤੇ ਪੰਜਾਬ 'ਤੇ ਅੰਗਰੇਜ਼ਾਂ ਦੇ ਮੁਕੰਮਲ ਕਬਜ਼ੇ ਦਾ ਰਾਹ ਪੱਧਰਾ ਹੋ ਗਿਆ। ਸੰਨ 1809 ਈਸਵੀ ਵਿਚ ਮਾਲਵੇ ਦੀਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਅਤੇ ਫਰੀਦਕੋਟ ਨੇ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਕਰ ਲਈ ਸੀ, ਜਿਸ ਕਾਰਨ ਫਰੀਦਕੋਟ ਦਾ ਰਾਜਾ ਪਹਾੜਾ ਸਿੰਘ ਲਾਹੌਰ ਦਰਬਾਰ ਦੇ ਖਿਲਾਫ ਅੰਗਰੇਜ਼ਾਂ ਦੀ ਮਦਦ ਕਰਨ ਲਈ ਇਨ੍ਹਾਂ ਜੰਗਾਂ ਵਿਚ ਹਾਜ਼ਰ ਸੀ। ਸ਼ਾਹ ਮੁਹੰਮਦ ਵੱਲੋਂ ਲਿਖੀ ਗਈ ਘਟਨਾ ਫਿਰੋਜ਼ ਸ਼ਾਹ ਦੀ ਜੰਗ ਵੇਲੇ ਹੋਈ ਸੀ। ਮੁਦਕੀ ਦੀ ਹਾਰ ਦਾ ਸਿੱਖ ਫੌਜ ਦੇ ਮਨਾਂ ਵਿਚ ਬਹੁਤ ਰੋਸ ਅਤੇ ਗੁੱਸਾ ਸੀ।

ਆਪਣੇ ਜਰਨੈਲਾਂ ਦੀ ਗੱਦਾਰੀ ਤੋਂ ਦੁਖੀ ਸਿੱਖ ਫੌਜ ਫਿਰੋਜ਼ਪੁਰ ਸ਼ਹਿਰ ਤੋਂ 16 ਕਿ.ਮੀ. ਦੂਰ ਫਿਰੋਜ਼ ਸ਼ਾਹ ਪਿੰਡ ਵਿਖੇ ਦੋਬਾਰਾ ਸੰਗਠਿਤ ਹੋ ਗਈ। ਅੰਗਰੇਜ ਫੌਜ ਸੈਨਾਪਤੀ ਸਰ ਹਿਊ ਗਫ ਅਤੇ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਦੀ ਕਮਾਨ ਹੇਠ ਲੜ ਰਹੀ ਸੀ। ਦਿੱਲੀ ਤੋਂ ਸੱਜਰ ਸਾਹ ਫੌਜ ਦੇ ਪਹੁੰਚ ਜਾਣ ਕਾਰਨ 21 ਦਸੰਬਰ ਨੂੰ ਤੜ੍ਹਕੇ ਹੀ ਲਾਰਡ ਗਫ ਨੇ ਸਿੱਖ ਫੌਜ 'ਤੇ ਬੜਾ ਕਹਿਰੀ ਹਮਲਾ ਕੀਤਾ। ਪਰ ਤਿਆਰ ਬਰ ਤਿਆਰ ਬੈਠੇ ਖਾਲਸਾ ਤੋਪਚੀਆਂ ਦੀ ਭਿਆਨਕ ਤੇ ਸਟੀਕ ਗੋਲਾਬਾਰੀ ਨੇ ਅੰਗਰੇਜ਼ਾਂ ਦਾ ਸਖਤ ਨੁਕਸਾਨ ਕੀਤਾ। ਪੈਦਲ ਸਿੱਖ ਫੌਜ ਵੀ ਅੰਗਰੇਜ਼ਾਂ 'ਤੇ ਟੁੱਟ ਪਈ ਤੇ ਉਨ੍ਹਾਂ ਦੇ ਪੈਰ ਉਖਾੜ ਦਿੱਤੇ। ਇੱਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ ਅੰਗਰੇਜ ਫੌਜ ਭੱਜੀ ਕਿ ਭੱਜੀ। ਪਰ ਇਥੇ ਵੀ ਲਾਲ ਸਿੰਘ ਅੰਗਰੇਜ਼ਾਂ ਲਈ ਮਸੀਹਾ ਬਣ ਕੇ ਬਹੁੜਿਆ। ਉਸ ਨੇ ਦੁਸ਼ਮਣਾਂ ਲਈ ਭੈਅ ਦਾ ਪ੍ਰਤੀਕ ਬਣ ਚੁੱਕੇ ਘੋੜ ਸਵਾਰ ਦਸਤਿਆਂ ਨੂੰ ਜੰਗ ਵਿਚ ਹਿੱਸਾ ਨਾ ਲੈਣ ਦਿੱਤਾ ਤੇ ਆਰਾਮ ਨਾਲ ਇੱਕ ਪਾਸੇ ਖੜ੍ਹਾ ਤਮਾਸ਼ਾ ਵੇਖਦਾ ਰਿਹਾ। ਗਹਿਗੱਚ ਲੜਾਈ ਵਿਚ ਕਿਸੇ ਪਾਸੇ ਵੱਲ ਝੋਕ ਨਾ ਵੱਜੀ ਤੇ ਹੌਲੀ-ਹੌਲੀ ਦਿਨ ਰਾਤ ਵਿਚ ਤਬਦੀਲ ਹੋ ਗਿਆ। ਦੋਵੇਂ ਫੌਜਾਂ ਲਗਾਤਾਰ 8 ਘੰਟਿਆਂ ਤੋਂ ਲੜ ਰਹੀਆਂ ਸਨ ਕਿ ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਲਾਰਡ ਗਫ ਦੀਆਂ ਕੁਝ ਪਲਟਣਾਂ ਚੁੱਪ ਚੁਪੀਤੇ ਸਿੱਖ ਫੌਜ ਵਿਚ ਘੁਸ ਗਈਆਂ। ਪਰ ਕੁਦਰਤੀ ਬਾਰੂਦ ਨੂੰ ਅੱਗ ਲੱਗ ਜਾਣ ਕਾਰਨ ਹੋਏ ਚਾਨਣ ਵਿਚ ਉਹ ਸਿੱਖਾਂ ਦੀ ਨਜ਼ਰ ਚੜ੍ਹ ਗਏ ਤੇ ਤਕਰੀਬਨ ਸਾਰੇ ਹੀ ਮਾਰੇ ਗਏ ਤੇ ਅੰਗਰੇਜ਼ ਫੌਜ ਨੂੰ ਪਿੱਛੇ ਧੱਕ ਦਿੱਤਾ ਗਿਆ। ਲਾਰਡ ਗਫ ਨੇ ਆਪ ਮੰਨਿਆਂ ਸੀ ਕਿ ਅੰਗਰੇਜ਼ਾਂ ਦੀ ਹਾਲਤ ਬਹੁਤ ਹੀ ਨਾਜ਼ੁਕ ਸੀ। ਜੰਗ ਵਿਚ ਹਾਜ਼ਰ ਜਨਰਲ ਆਈਸੋਪ ਗਰਾਂਟ ਨੇ ਲਿਖਿਆ ਹੈ ਕਿ ਲਾਰਡ ਹਾਰਡਿੰਗ ਨੂੰ ਡਰ ਸੀ ਕਿ ਅਗਲੇ ਦਿਨ ਹਥਿਆਰ ਸੁੱਟਣੇ ਪੈਣਗੇ। ਉਸ ਨੇ ਸਾਰੇ ਅਹਿਮ ਸਰਕਾਰੀ ਕਾਗਜ਼ਾਤ ਸਾੜ ਦਿੱਤੇ ਤੇ ਮਹਾਰਾਣੀ ਵਿਕਟੋਰੀਆ ਵੱਲੋਂ ਇਨਾਮ ਵਜੋਂ ਦਿੱਤੀ ਗਈ ਨੈਪੋਲੀਅਨ ਦੀ ਤਲਵਾਰ ਅਤੇ ਮੈਡਲ ਆਪਣੇ ਪੁੱਤਰ ਨੂੰ ਦੇ ਕੇ ਫਿਰੋਜ਼ਪੁਰ ਵੱਲ ਭਜਾ ਦਿੱਤਾ। ਪਰ ਲਾਲ ਸਿੰਘ ਨੇ ਹਮਲਾ ਕੀ ਕਰਨਾ ਸੀ, ਉਹ ਤਾਂ ਸਗੋਂ ਰਾਤ ਦੇ ਹਨੇਰੇ ਵਿਚ ਮੈਦਾਨ ਛੱਡ ਕੇ ਭੱਜ ਗਿਆ। ਇਹ ਖਬਰ ਪਹਾੜਾ ਸਿੰਘ ਦੇ ਸੂਹੀਆਂ (ਜੋ ਸਿੱਖ ਹੋਣ ਦਾ ਫਾਇਦਾ ਉਠਾ ਕੇ ਖਾਲਸਾ ਫੌਜ ਵਿਚ ਰਲੇ ਹੋਏ ਸਨ) ਨੇ ਉਸ ਤੱਕ ਪਹੁੰਚਾਈ, ਜੋ ਉਸ ਨੇ ਲਾਰਡ ਹਾਰਡਿੰਗ ਨੂੰ ਦੇ ਦਿੱਤੀ। ਇਸ ਖਬਰ ਕਾਰਨ ਲਾਰਡ ਹਾਰਡਿੰਗ ਅਤੇ ਲਾਰਡ ਗਫ ਨੂੰ ਕੁਝ ਹੌਸਲਾ ਮਿਲਿਆ ਤੇ ਅਗਲੇ ਦਿਨ ਬੰਗਾਲੀ ਅਤੇ ਅੰਗਰੇਜ਼ ਪਲਟਣਾਂ ਨੇ ਸਿੱਖ ਫੌਜ ਨੂੰ ਮੋਰਚਿਆਂ ਤੋਂ ਖਦੇੜ ਦਿੱਤਾ। ਉਸੇ ਸਮੇਂ ਤੇਜ਼ ਸਿੰਘ ਸੱਜਰ ਸਾਹ ਫੌਜ ਲੈ ਕੇ ਪਹੁੰਚ ਗਿਆ। ਗਫ ਦੀ ਥੱਕੀ ਹੋਈ ਫੌਜ ਨੂੰ ਅੱਖਾਂ ਸਾਹਮਣੇ ਮੌਤ ਦਿਖਾਈ ਦੇਣ ਲੱਗ ਪਈ। ਪਰ ਤੇਜ ਸਿੰਘ ਵੀ ਬਿਨਾਂ ਕਿਸੇ ਕਾਰਨ ਜਿੱਤੀ ਹੋਈ ਲੜਾਈ ਛੱਡ ਕੇ ਮੈਦਾਨ ਵਿਚੋਂ ਨੱਸ ਗਿਆ। ਉਸ ਨੇ ਬਹਾਨਾ ਬਣਾਇਆ ਕਿ ਅੰਗਰੇਜ਼ ਪਿੱਛੇ ਨਹੀਂ ਹਟ ਰਹੇ ਸਨ, ਸਗੋਂ ਸਿੱਖ ਫੌਜ ਨੂੰ ਨਸ਼ਟ ਕਰਨ ਲਈ ਇਹ ਇੱਕ ਜੰਗੀ ਚਾਲ ਸੀ। ਪਰ ਅੰਗਰੇਜ਼ਾਂ ਨੂੰ ਜਿੱਤ ਬਹੁਤ ਮਹਿੰਗੀ ਪਈ। ਭਾਰਤ ਵਿਖੇ ਪਹਿਲੀ ਵਾਰ ਕਿਸੇ ਜੰਗ ਵਿਚ ਉਨ੍ਹਾਂ ਦੇ 1560 ਜਵਾਨ ਅਤੇ ਅਫਸਰ ਮਾਰੇ ਗਏ ਤੇ 1721 ਜ਼ਖਮੀ ਹੋਏ। ਸਿੱਖ ਫੌਜ ਦੇ ਵੀ 2000 ਅਫਸਰ ਤੇ ਜਵਾਨ ਮਾਰੇ ਗਏ ਤੇ 73 ਤੋਪਾਂ ਦੁਸ਼ਮਣ ਨੇ ਖੋਹ ਲਈਆਂ।

ਪਹਾੜਾ ਸਿੰਘ ਫਰੀਦਕੋਟ ਰਿਆਸਤ ਦਾ 7ਵਾਂ ਰਾਜਾ ਸੀ ਤੇ ਉਸ ਨੇ ਰਾਜਾ ਅਤਰ ਸਿੰਘ ਦੇ ਮਰਨ ਤੋਂ ਬਾਅਦ 1827 ਤੋਂ ਲੈ ਕੇ 1849 ਤੱਕ ਕਰੀਬ 22 ਸਾਲ ਤੱਕ ਰਾਜ ਕੀਤਾ ਸੀ। ਪਹਾੜਾ ਸਿੰਘ ਦਾ ਨਾਮ ਭਾਵੇਂ ਸਿੱਖ ਇਤਿਹਾਸ ਵਿਚ ਬਹੁਤ ਨਫਰਤ ਨਾਲ ਲਿਆ ਜਾਂਦਾ ਹੈ, ਪਰ ਉਹ ਬਹੁਤ ਹੀ ਪਰਜਾ ਪਾਲਕ ਰਾਜਾ ਸੀ। ਉਸ ਦੇ ਰਾਜ ਕਾਲ ਦੌਰਾਨ ਫਰੀਦਕੋਟ ਵਿਚ ਸ਼ਾਂਤੀ ਰਹੀ ਤੇ ਰਿਆਸਤ ਨੇ ਕਾਫੀ ਤਰੱਕੀ ਕੀਤੀ। ਉਸ ਨੇ ਰਿਆਸਤ ਦੇ ਸੈਂਕੜੇ ਏਕੜ ਜ਼ਮੀਨ ਵਿਚੋਂ ਜੰਗਲ ਸਾਫ ਕਰਵਾਏ ਤੇ ਉਹ ਜ਼ਮੀਨ ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਵੰਡ ਦਿੱਤੀ। ਉਸ ਨੇ ਪੀਣ ਵਾਲੇ ਪਾਣੀ ਤੇ ਫਸਲਾਂ ਦੀ ਸਿੰਚਾਈ ਵਾਸਤੇ ਸਤਲੁਜ ਦਰਿਆ ਤੋਂ ਇੱਕ ਨਹਿਰ ਵੀ ਕਢਵਾਈ ਸੀ। ਕੁਝ ਕਾਰਨਾਂ ਕਰਕੇ ਉਹ ਨਹਿਰ ਜ਼ਿਆਦਾ ਸਾਲ ਚੱਲ ਨਾ ਸਕੀ ਤੇ ਰਿਆਸਤ ਦੇ ਖਜ਼ਾਨੇ ਵਿਚ ਨਵੀਂ ਨਹਿਰ ਬਣਾਉਣ ਲਈ ਪੈਸੇ ਨਹੀਂ ਸਨ। ਪਹਾੜਾ ਸਿੰਘ ਨੇ ਨਵੀਂ ਨਹਿਰ ਬਣਾਉਣ ਦੀ ਬਜਾਏ ਰਿਆਸਤ ਵਿਚ ਸੈਂਕੜੇ ਖੂਹ ਪੁਟਵਾ ਦਿੱਤੇ, ਤਾਂ ਜੋ ਖੇਤੀਬਾੜੀ ਲਈ ਪਾਣੀ ਦੀ ਕਮੀ ਨਾ ਰਹੇ। ਫਿਰੋਜ਼ ਸ਼ਾਹ ਦੀ ਜੰਗ ਤੋਂ ਇਲਾਵਾ ਮੁਦਕੀ ਦੀ ਜੰਗ ਵਿਚ ਵੀ ਉਸ ਨੇ ਅੰਗਰੇਜ਼ਾਂ ਦੀ ਰੱਜ ਕੇ ਮਦਦ ਕੀਤੀ ਸੀ।

ਇਸ ਮਦਦ ਕਾਰਨ ਲਾਰਡ ਹਾਰਡਿੰਗ ਨੇ ਪਹਾੜਾ ਸਿੰਘ ਨੂੰ ਮਹਾਰਾਜਾ ਦਾ ਖਿਤਾਬ ਪ੍ਰਦਾਨ ਕੀਤਾ ਅਤੇ ਨਾਭਾ ਦੀ ਰਿਆਸਤ ਤੋਂ ਖੋਹੇ ਹੋਏ ਇਲਾਕੇ ਵਿਚੋਂ ਅੱਧ ਉਸ ਨੂੰ ਦੇ ਦਿੱਤਾ। ਇਸ ਕਾਰਨ ਬਾਕੀ ਦੀਆਂ ਰਿਆਸਤਾਂ ਵਿਚ ਉਸ ਦੇ ਰੁਤਬੇ ਅਤੇ ਮਾਨ-ਸਨਮਾਨ ਵਿਚ ਭਾਰੀ ਵਾਧਾ ਹੋਇਆ। ਪਹਾੜਾ ਸਿੰਘ ਦੇ ਤਿੰਨ ਵਿਆਹ ਸਨ। ਪਹਿਲਾ ਵਿਆਹ ਦੀਨਾ ਵਾਲਾ ਦੇ ਜਗੀਰਦਾਰ ਸਮੰਦ ਸਿੰਘ ਦੀ ਲੜਕੀ ਚੰਦ ਕੌਰ ਨਾਲ ਹੋਇਆ ਸੀ, ਜਿਸ ਦੀ ਕੁੱਖੋਂ ਵਜ਼ੀਰ ਸਿੰਘ ਦਾ ਜਨਮ ਹੋਇਆ, ਜੋ ਉਸ ਦੀ ਮੌਤ ਤੋਂ ਬਾਅਦ ਗੱਦੀ 'ਤੇ ਬੈਠਾ। ਪਹਾੜਾ ਸਿੰਘ ਦੇ ਬਾਕੀ ਪਤਨੀਆਂ ਤੋਂ ਤਿੰਨ ਹੋਰ ਪੁੱਤਰ ਪੈਦਾ ਹੋਏ, ਜੋ ਬਚਪਨ ਵਿਚ ਹੀ ਚੱਲ ਵੱਸੇ ਸਨ। ਪਹਾੜਾ ਸਿੰਘ ਦੀ ਮੌਤ ਅਪ੍ਰੈਲ 1849 ਵਿਚ ਸਿਰਫ 50 ਸਾਲ ਦੀ ਉਮਰ ਵਿਚ ਬਿਮਾਰੀ ਕਾਰਨ ਹੋ ਗਈ ਸੀ ਤੇ ਉਸ ਨੂੰ ਅੰਗਰੇਜ਼ਾਂ ਵੱਲੋਂ ਮਿਲੇ ਇਨਾਮ ਇਕਰਾਮ ਭੋਗਣ ਦਾ ਬਹੁਤਾ ਸਮਾਂ ਨਾ ਮਿਲਿਆ।

## ਸਾਂਝੀਵਾਲਤਾ ਦਾ ਪ੍ਰਤੀਕ

# ਵਿਸ਼ਵ ਭਰ 'ਚ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ

ਵਿਸ਼ਵ ਭਰ 'ਚ ਧੂਮਧਾਮ ਅਤੇ ਸ਼ਰਧਾਪੂਰਵਕ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪ੍ਰੰਪਰਾਵਾਦੀ ਉਤਸਵ ਹੈ, ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ 'ਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪ੍ਰੰਪਰਾਗਤ ਸੱਭਿਆਚਾਰਕ ਉਤਸਵ ਦੇ ਰੂਪ 'ਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ 'ਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੂਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ 'ਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕ੍ਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ, ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤੱਕ ਚੱਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ 'ਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ 'ਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਣਨ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜਨ ਅਤੇ ਦੋਸਤਾਨਾਂ ਸੰਬੰਧਾਂ 'ਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਜਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜਨ ਦੀਆਂ ਕਿਰਿਆਵਾਂ ਵਿਚ ਖ਼ੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ



ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪ੍ਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪ੍ਰੰਪਰਾ ਹੈ ਕਿ ਸੂਰਜ ਡੁੱਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ, ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅੱਜਕੱਲ੍ਹ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਹਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪ੍ਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ-ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ, ਤਾਂ ਕ੍ਰਿਸਮਿਸ ਪ੍ਰੰਪਰਾਵਾਂ ਦੀਆਂ ਖ਼ੂਬਸੂਰਤ ਗੂੜ੍ਹਤਾਵਾਂ 'ਚ ਡੁੱਬਿਆ ਹੋਇਆ ਇਨਸਾਨੀ ਕਦਰਾਂ-ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅੱਜਕੱਲ੍ਹ ਇਸ ਉਤਸਵ ਨੂੰ ਮੁੱਖ ਰੂਪ 'ਚ ਲਾਲ ਰੰਗ ਦੇ ਹੱਸਮੁੱਖ ਵਿਅਕਤੀ ਦੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਲਈ ਸੰਤ ਬਣੇ। ਇਸ ਲਈ ਅੱਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪਨਿਕ ਪ੍ਰਾਣੀ ਜਿਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ, ਤਰੰਗ ਅਤੇ ਮਨੋਰੰਜਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ 'ਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ 'ਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ, ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ 'ਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇਂਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੋਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦਭੁੱਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪ੍ਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆਓ ਰਲ-ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।

## ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ

# ਜਦੋਂ ਨੌਜਵਾਨ ਦੇ ਨਿਹੋਰੇ ਨੇ ਯੁੱਧ ਦਾ ਪਾਸਾ ਪਲਟ ਦਿੱਤਾ



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



1949-50 ’ਚ ਦਿੱਲੀ ਵਿਖੇ ਪੰਜਾਬੀਆਂ ਦੀ ਬੜੀ ਚੜ੍ਹਤ ਅਤੇ ਦਬਦਬਾ ਸੀ। ਪਾਕਿ: ਤੋਂ ਉੱਜੜ ਕੇ ਆਏ ਪੰਜਾਬੀਆਂ ਨੇ ਰੈਣ ਬਸੇਰੇ ਅਤੇ ਕੰਮ ਦੀ ਭਾਲ ਵਿਚ ਦਿੱਲੀ ਵਿਖੇ ਜਾ ਡੇਰੇ ਲਾਏ। ਇਨ੍ਹਾਂ ਵਿਚ ਹੀ ਮੇਰੇ ਪਿਤਾ ਸ. ਸਤਨਾਮ ਸਿੰਘ ਦਰਦੀ ਵੀ ਸ਼ੁਮਾਰ ਸਨ। ਉਸ ਵਕਤ ਦੀ ਇਕ ਇਤਿਹਾਸਿਕ ਘਟਨਾ ਉਨ੍ਹਾਂ ਬ-ਯਾਦਾਸ਼ਤ, ਇੰਜ ਕਹਿ ਸੁਣਾਈ:-

“ਕਰੀਬ 1949-50 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਵ ਨਗਰ ਕਰੋਲ ਬਾਗ ਦਿੱਲੀ ਵਿਚ ਇਕ ਕਾਲਜ ਬਣਾਉਣ ਦਾ ਫ਼ੈਸਲਾ ਕੀਤਾ। ਜਿਸ ਦਾ ਨੀਂਹ ਪੱਥਰ ਰੱਖਣ ਲਈ ਅੰਮ੍ਰਿਤਸਰ ਤੋਂ ਤਦੋਂ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਸੱਦਿਆ ਗਿਆ। ਇਤਫ਼ਾਕਨ ਉਨ੍ਹਾਂ ਦਿਨਾਂ ਵਿਚ ਗੁਰਪੁਰਬ ਸੀ। ਜਿਸ ਦਾ ਨਗਰ ਕੀਰਤਨ ਗੁਰਦੁਆਰਾ ਸ੍ਰੀ ਸੀਸ ਗੰਜ ਤੋਂ ਸ਼ੁਰੂ ਹੋ ਕੇ ਅਜ਼ਮੇਰੀ ਗੇਟ, ਲਾਹੌਰੀ ਗੇਟ ਅਤੇ ਕਸ਼ਮੀਰੀ ਗੇਟ ਤੋਂ ਹੁੰਦਾ ਹੋਇਆ ਮੁੜ ਸੀਸ ਗੰਜ ਆ ਕੇ ਸਮਾਪਤ ਹੁੰਦਾ ਸੀ। ਪਰ ਐਤਕੀਂ ਕਮੇਟੀ ਨੇ ਫੈਸਲਾ ਕੀਤਾ ਕਿ ਨਗਰ ਕੀਰਤਨ ਕਾਲਜ ਵਾਲੀ ਜਗ੍ਹਾ ’ਤੇ ਜਾ ਕੇ ਸਮਾਪਤ ਕੀਤਾ ਜਾਵੇ। ਪ੍ਰੋਗਰਾਮ ਮੁਤਾਬਕ ਸਾਰੀ ਦਿੱਲੀ ਵਿਚ ਪੋਸਟਰ ਲਗਾ ਦਿੱਤੇ ਗਏ। ਗੱਤਕਾ ਪਾਰਟੀਆਂ ਨੂੰ ਵੀ ਸੱਦਾ ਪੱਤਰ ਭੇਜ ਦਿੱਤੇ। ਉਸ ਵਕਤ ਦਿੱਲੀ ਵਿਚ ਗੱਤਕੇ ਦੇ ਦੋ ਹੀ ਵੱਡੇ ਅਖਾੜੇ ਸਨ। ਇਕ ਸੀ ਰਣਜੀਤ ਅਖਾੜਾ, ਜਿਸ ਦਾ ਉਸਤਾਦ ਮਾਝੇ ਦਾ ਇਕ ਸੇਵਾਮੁਕਤ ਸੂਬੇਦਾਰ ਸੀ। ਦੂਸਰਾ ਸੀ, ਦਿਲਜੀਤ ਅਖਾੜਾ, ਜਿਸ ਦਾ ਉਸਤਾਦ ਯੂ.ਪੀ. ਦਾ ਝੰਡਾ ਸਿੰਘ ਸੀ। ਮੈਂ ਅਤੇ ਮੇਰੇ ਪਿੰਡ ਤੋਂ ਹੋਰ 5-7 ਜਵਾਨ ਇਸੇ ਅਖਾੜੇ ਦੇ ਮੈਂਬਰ ਸਾਂ। ਵੈਸੇ ਮੇਰੀ ਜ਼ਿਆਦਾ ਨੇੜਤਾ ਇਕ ਹੋਰ ਗੱਤਕਾ ਮੈਂਬਰ ਨਿਹੰਗ ਜਗਜੀਤ ਸਿੰਘ ਨਾਲ ਸੀ, ਜੋ ਪਿੱਛੋਂ ਨਨਕਾਣਾ ਸਾਹਿਬ ਦੇ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲ ਦੇ ਪਿੰਡ ਤੋਂ ਸੀ।

ਅਸੀਂ ਹਰ ਨਗਰ ਕੀਰਤਨ ’ਤੇ ਇਕ ਢੋਲ ਵਾਲਾ ਨਾਲ ਲੈ ਕੇ ਜਾਂਦੇ ਸਾਂ, ਜਿਸ ਨੂੰ ਕਮੇਟੀ ਵਾਲੇ ਪੈਸੇ ਦਿੰਦੇ। ਸਾਡੇ ਨਾਲ ਚਾਨੀਆਂ ਪਿੰਡ ਦੇ ਹੋਰ ਵੀ ਕਈ ਬੰਦੇ, ਜੋ ਗੱਤਕਾ ਨਹੀਂ ਵੀ ਜਾਣਦੇ ਸਨ, ਸਾਡੀ ਹੌਂਸਲਾ ਅਫਜ਼ਾਈ ਲਈ ਪੱਗਾਂ ਉਪਰ ਕੇਸਰੀ ਠਾਠੀਆਂ ਬੰਨ੍ਹ ਕੇ ਨਾਲ ਤੁਰ ਪੈਂਦੇ। ਐਤਕੀਂ ਵਿੱਕੋਲਿਤਰੀ ਗੱਲ ਇਹ ਹੋਈ ਕਿ ਨਹਿਰੂ ਸਰਕਾਰ ਨੇ ਇਸ ਨਗਰ ਕੀਰਤਨ ਰੂਟ ਉੱਪਰ ਪਾਬੰਦੀ ਲਾ ਦਿੱਤੀ। ਦਿੱਲੀ ਕਮੇਟੀ ਵੀ ਉਸ ਵਕਤ ਅੱਜ ਵਾਂਗ ਕੁਝ ਸਰਕਾਰ ਪੱਖੀ ਹੀ ਸੀ, ਜਿਸ ਨੇ ਸਾਰੀ ਦਿੱਲੀ ਵਿਚ ਇਹ ਇਸ਼ਤਿਆਰ ਲਗਵਾ ਦਿੱਤੇ ਕਿ ਰੋਸ ਵਜੋਂ ਐਤਕੀਂ ਨਗਰ ਕੀਰਤਨ ਕੱਢਿਆ ਹੀ ਨਹੀਂ ਜਾਵੇਗਾ। ਪੁਲਿਸ ਨੇ ਵੀ ਨਵੇਂ ਰੂਟ ਉੱਪਰ ਪਹਿਰਾ ਲਗਾ ਦਿੱਤਾ, ਜਿਸ ਦਾ ਲੋਕਾਂ ਨੂੰ ਪਤਾ ਨਹੀਂ ਸੀ। ਸੋ ਛੁੱਟੀ ਹੋਣ ’ਤੇ ਵੀ ਲੋਕ ਘਰਾਂ ਵਿਚ ਹੀ ਬੈਠੇ ਰਹੇ ਕਿ ਨਗਰ ਕੀਰਤਨ ਤਾਂ ਕੈਂਸਲ ਹੀ ਹੈ। ਮੈਂ ਅਤੇ ਨਿਹੰਗ ਸ਼ੁਕਲ ਮੂਵਜ਼ ਹੀ ਸਵੇਰ 11 ਕੁ ਵਜੇ ਗੁਰਦੁਆਰਾ ਸੀਸ ਗੰਜ ਵੱਲ ਚੱਲ ਪਏ। ਮੈਂ ਖਾਲੀ ਹੱਥ ਅਤੇ ਨਿਹੰਗ ਪਾਸ ਕੇਵਲ ਇਕ ਲੰਮੇ ਦਸਤੇ ਵਾਲੀ ਗੜਾਸੀ ਸੀ। ਇਸੇ ਦੌਰਾਨ ਹੀ ਕੁਝ ਗਰਮ ਖਿਆਲੀਆਂ ਨੇ ਉਦਮ ਕਰ ਲਿਆ ਕਿ ਨਗਰ ਕੀਰਤਨ ਕੱਢਿਆ ਜਾਵੇ। ਜਿਨ੍ਹਾਂ ਵਿਚ ਪ੍ਰਮੁੱਖ ਦਿੱਲੀ ਤੋਂ ਛਪਦੀ ਅਖ਼ਬਾਰ ਦਾ ਮਾਲਕ ਬੁੱਧ ਸਿੰਘ ਅਤੇ ਬਖਸ਼ੀ ਗੁਰਚਰਨ ਸਿੰਘ ਸੀ, ਜਿਨ੍ਹਾਂ ਦੇ ਅਸੀਂ ਸ਼ਕਲੋਂ ਵਾਕਫ਼ ਸਾਂ। ਅਸੀਂ ਗੁਰਦੁਆਰਾ ਸਾਹਮਣੇ ਪਹੁੰਚੇ ਹੀ ਸਾਂ ਕਿ ਅੰਦਰੋਂ ਸਿਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ ਬਖਸ਼ੀ ਗੁਰਚਰਨ ਸਿੰਘ ਨਿਕਲਿਆ ਅਤੇ ਉਸ ਮਗਰ 8-10 ਬੰਦੇ ਹੋਰ ਸਨ। ਅਸੀਂ ਵੀ ਨਾਲ ਹੋ ਤੁਰੇ। ਹਾਲੇ ਕੁਝ ਕੁ ਹੀ ਦੂਰੀ ’ਤੇ ਗਏ ਸਾਂ ਕਿ ਅੱਗੋਂ ਕੋਤਵਾਲੀ ਦੀ ਤਰਫ਼ੋਂ ਪੁਲਿਸ ਦੀ ਇਕ ਵੱਡੀ ਭੀੜ ਨੇ ਸੜਕ ਰੋਕ ਲਈ। ਉਸ ਵਕਤ ਹਿੰਦੂ-ਸਿੱਖਾਂ ਵਿਚ ਪਿਆਰ ਬਹੁਤਾ ਸੀ। ਜਦ ਰੌਲਾ-ਰੱਪਾ ਪਿਆ, ਤਾਂ ਸੈਂਕੜੇ ਹਿੰਦੂ-ਸਿੱਖਾਂ ਦੀ ਭੀੜ ਨਗਰ ਕੀਰਤਨ ਵਿਚ ਆਣ ਸ਼ਾਮਲ ਹੋਈ। ਕੁਝ ਸਮਾਂ ਧੱਕਾ-ਮੁੱਕੀ ਹੁੰਦੀ ਰਹੀ। ਸੰਗਤ ਵਿਚ ਜੋਸ਼ ਅਤੇ ਜਜ਼ਬਾ ਏਨਾਂ ਵੱਧ ਗਿਆ ਕਿ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਅਜਿਹਾ ਧੱਕਾ ਮਾਰਿਆ ਕਿ ਪੁਲਿਸ ਦੀ ਪਹਿਲੀ ਦੀਵਾਰ ਤੋੜ ਮਾਰੀ ਅਤੇ ਬੀੜ ਵਾਲੇ ਸਿੰਘ ਸਾਡੇ ਵੱਲ ਆ ਮਿਲੇ। ਅੱਗੇ ਕੁਝ ਕਦਮ ਹੀ ਚੱਲੇ ਸਾਂ ਕਿ ਮੂਹਰਿਓਂ ਅੱਥਰੂ ਗੈਸ ਦੇ ਗੋਲੇ ਚੱਲਣ ਲੱਗੇ। ਅਸੀਂ ਪਹਿਲੀ ਵਾਰ ਗੈਸ ਦੇਖੀ। ਅੱਖਾਂ ਫਟਣ ਨੂੰ ਫਿਰਨ। ’ਜਿਹਾ ਮੌਕਾ ਦੇਖ ਚੁੱਕੇ ਕਈਆਂ ਨੇ ਰੌਲਾ ਪਾਇਆ ਕਿ ਅੱਖਾਂ ਨੂੰ ਪਾਣੀ ਮਾਰੋ। ਨਿਹੰਗ ਬੀੜ ਸਾਹਿਬ ਦੀ ਰਾਖੀ ਲਈ ਖੜ੍ਹ ਗਿਆ ਅਤੇ ਮੈਂ ਉਸ ਦੇ ਗਲ ਪਾਇਆ ਪਰਨਾ ਪਾੜ ਕੇ ਦੋ ਥਾਈਂ ਕਰ ਲਿਆ। ਜਿਥੇ ਵੀ ਪਾਣੀ ਮਿਲੇ ਗਿੱਲਾ ਕਰ ਕੇ ਮੈਂ ਇਕ ਆਪ ’ਤੇ ਇਕ ਉਸ ਨੂੰ ਦੇ ਦਿਆ ਕਰਾਂ। ਕਈ ਤਜ਼ਰਬੇ ਵਾਲੇ ਬੰਦੇ ਪਾਣੀ ਦੀਆਂ ਬਾਲਟੀਆਂ ਭਰ ਲਿਆਏ ਅਤੇ ਕਈ ਖਾਲੀ ਬੋਰੀਆਂ। ਜਦ ਵੀ ਅੱਥਰੂ ਗੈਸ ਦਾ ਗੋਲਾ ਡਿੱਗੇ ਉਸ ਨੂੰ ਪਾਣੀ ਪਾ ਕੇ ਠੰਡਾ ਕਰ ਦਿਆ ਕਰਨ ਜਾਂ ਬੋਰੀ ਨਾਲ ਚੁੱਕ ਕੇ ਪੁਲਿਸ ਵੱਲ ਵਗਾਹ ਮਾਰਨ। ਦੇਖਦਿਆਂ ਹੀ ਭੀੜ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਲੋਕਾਂ ਦੇ ਜੋਸ਼ ਅੱਗੇ ਪੁਲਿਸ ਦੀ ਦੂਜੀ ਲਾਈਨ ਵੀ ਠਹਿਰ ਨਾ ਸਕੀ।

ਪਤਾ ਨਹੀਂ ਮਿੰਟਾਂ ਵਿਚ ਹੀ ਇਕ ਦਮ ਪੰਜਾਬੀਆਂ ਦਾ ਠਾਠਾਂ ਮਾਰਦਾ ਸਮੁੰਦਰ ਕਿਧਰੋਂ ਉਮੱਡ ਪਿਆ। ਬਹੁਤੇ ਕਲੀਨ ਸ਼ੇਵ ਪੰਜਾਬੀ ਵੀ ਹਕੂਮਤ ਵਿਰੁੱਧ ਨਾਅਰੇ ਲਗਾ ਰਹੇ ਸਨ। ਲੋਕਾਂ ਭਾਣੇ ਪੁਲਿਸ ਨਾਕੇ ਟੁੱਟ ਚੁੱਕੇ ਸਨ ਪਰ ਅੱਗੇ ਦਾ ਕਿਸੇ ਨੂੰ ਪਤਾ ਨਹੀਂ ਸੀ। ਮਹਾਰਾਜ ਜੀ ਦੀ ਸਵਾਰੀ ਤੋਂ ਵੀ ਸੰਗਤ ਅੱਗੇ ਦੂਰ ਤੱਕ ਨਿਕਲ ਗਈ। ਮੈਂ ਬੀੜ ਦੇ ਅੱਗੇ ਸਾਂ ਅਤੇ ਨਿਹੰਗ ਪਿੱਛੇ ਬਖਸ਼ੀ ਨਾਲ ਬੀੜ ਸਾਹਿਬ ਦੀ ਰਾਖੀ। ਸਾਡੇ ਤੋਂ ਅੱਗੇ ਟੋਪੀ ਵਾਲੀ ਪੁਲਿਸ ਦਾ ਦਸਤਾ ਸੀ, ਜਿਸ ਨੂੰ ਲੋਕ ਧੱਕੇ ਮਾਰ-ਮਾਰ ਅੱਗੇ ਦੌੜਾਈ ਜਾਣ। ਜਦ ਸਦਰ ਬਾਜ਼ਾਰ ਵਾਲੇ ਬਾਰਾਂ ਟੂਟੀ ਵਾਲੇ ਚੌਕ ਕੋਲ ਪਹੁੰਚੇ ਤਾਂ ਅੱਗਿਓਂ ਇਕ ਗੈਸ ਦਾ ਗੋਲਾ ਮੇਰੇ ਅੱਗੇ ਖੜ੍ਹੇ ਸਿਪਾਹੀ ਦੇ ਮੱਥੇ ਵਿਚ ਆਣ ਲੱਗਾ, ਜੋ ਪਿੱਛੇ ਮੇਰੇ ਉਪਰ ਡਿੱਗ ਪਿਆ। ਦੂਰ ਅੱਗੇ ਬੰਦੂਕਧਾਰੀ ਬਖਤਰਬੰਦ ਗੱਡੀਆਂ ਦਾ ਸਖ਼ਤ ਪਹਿਰਾ ਸੀ। ਲਾਠੀਆਂ ਵਾਲੀ ਪੁਲਿਸ ਵੀ ਅੱਗੇ ਸੀ। ਇਕ ਮੈਜਿਸਟਰੇਟ ਸਪੀਕਰ ’ਤੇ ਅਨਾਊਂਸਮੈਂਟ ਕਰ ਰਿਹਾ ਸੀ ਕਿ ਪਿੱਛੇ ਮੁੜ ਜਾਓ ਨਹੀਂ ’ਤੇ ਸਖਤੀ ਵਰਤਾਂਗੇ। ਸਵਾਰੀ ਤੋਂ ਅਗਲੇ ਬੰਦੇ ਸੱਜੇ ਖੱਬੇ ਖਿੱਲਰ ਗਏ। ਸਵਾਰੀ ਦੇ ਪਿੱਛਲੇ ਬੰਦੇ ਹੀ ਰਹਿ ਗਏ।

ਇਥੇ ਲੰਬਾ ਸਮਾਂ ਕਸ਼-ਮ-ਕਸ਼ ਹੁੰਦੀ ਰਹੀ। ਸੰਗਤਾਂ ਦੀ ਭੀੜ ਵੱਧਦੀ ਜਾ ਰਹੀ ਸੀ। ਜਦ ਵਾਰ-ਵਾਰ ਵਾਰਨਿੰਗ ਦੇਣ ਦੇ ਬਾਵਜੂਦ ਵੀ ਭੀੜ ਨਾ ਖਿੰਡਰੀ, ਤਾਂ ਲਾਠੀਚਾਰਜ ਦਾ ਹੁਕਮ ਹੋਇਆ। ਗੁਰੂ ਦੀ ਸਵਾਰੀ ਚੁੱਕੀ ਬਖਸ਼ੀ ਗੁਰਚਰਨ ਸਿੰਘ ਦੀਆਂ ਲੱਤਾਂ ’ਤੇ ਕਈ ਲਾਠੀਆਂ ਲੱਗੀਆਂ ਪਰ ਉਹ ਗੁਰੂ ਦਾ ਜਾਇਆ ਸੰਭਲ ਕੇ ਅਡੋਲ ਖੜ੍ਹਾ ਰਿਹਾ। ਨਿਹੰਗ ਨੇ ਇਕ ਪੁਲਿਸ ਵਾਲੇ ਉਪਰ ਗੜਾਸੀ ਦਾ ਵਾਰ ਕੀਤਾ, ਤਾਂ ਉਹ ਸਭ ਪਾਸੇ ਹੋ ਗਏ।

ਕੁਝ ਲਾਠੀਆਂ ਬੀੜ ਸਾਹਿਬ ਉਪਰ ਵੀ ਲੱਗਣ ’ਤੇ ਲੋਕਾਂ ਦਾ ਗੁੱਸਾ ਬੇਕਾਬੂ ਹੋ ਗਿਆ। ਆਲੇ-ਦੁਆਲੇ ਦੁਕਾਨਾਂ ਤੋਂ ਲੋਕਾਂ ਨੂੰ ਜੋ ਕੁਝ ਵੀ ਲੱਭਾ, ਉਨ੍ਹਾਂ ਪੁਲਿਸ ਉਪਰ ਵਗਾਹ ਮਾਰਿਆ। ਡਾਂਗਾਂ ਵਾਲੀ ਪੁਲਿਸ ਭੱਜ ਗਈ, ਤਾਂ ਮੈਜਿਸਟਰੇਟ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਡਰ ਸੀ ਕਿ ਕਿਧਰੇ ਬਖਸ਼ੀ ਦੇ ਗੋਲੀ ਲੱਗ ਕੇ ਬੀੜ ਸਹਿਬ ਦਾ ਨਿਰਾਦਰ ਨਾ ਹੋ ਜਾਵੇ, ਗੁਰੂ ਵਾਕ ਹੈ, ‘ਕਹਿਨੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ’। ਉਸ ਵਕਤ ਦਾ ਦ੍ਰਿਸ਼ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਇਕ ਗੋਲੀ ਸਾਡੇ ਵੱਲ ਆਈ, ਜੋ ਮੇਰੀ ਹਿੱਕ ਨਾਲ ਖਹਿ ਕੇ ਨਿਹੰਗ ਦਾ ਅੱਧਾ ਗਿੱਟਾ ਲਾਹ ਕੇ ਲੈ ਗਈ। ਉਸ ਨੇ ਆਪਣਾ ਸਾਫਾ ਘੁੱਟ ਕੇ ਬੰਨ ਲਿਆ ਅਤੇ ਮੋਰਚੇ ’ਤੇ ਡਟਿਆ ਰਿਹਾ। ਦੇਸ਼ ਦੀ ਵੰਡ ਤਾਜ਼ੀ-ਤਾਜ਼ੀ ਹੋ ਕੇ ਹਟੀ ਸੀ। ਉਸ ਵਕਤ ਪੰਜਾਬੀਆਂ ਵਿਚ ਹਿੰਦੂ-ਸਿੱਖ ਨਾਲੋਂ ਪੰਜਾਬੀਅਤ ਦਾ ਜਜ਼ਬਾ ਭਾਰੂ ਸੀ। ਉਨ੍ਹਾਂ ਸਿਰਲੱਥ ਯੋਧਿਆਂ ਦੀ ਦਾਦ ਦੇਣੀ ਬਣਦੀ ਹੈ, ਜੋ ਬਗੈਰ ਕਿਸੇ ਆਗੂ ਅਤੇ ਬਗੈਰ ਕਿਸੇ ਮਿੱਥੇ ਪ੍ਰੋਗਰਾਮ ਤੋਂ ਆਪਣੀਆਂ ਕਮੀਜ਼ਾਂ ਉਤਾਰ ਕੇ ਛਾਤੀਆਂ ਡਾਹ-ਡਾਹ ਅੱਗੇ ਖੜ੍ਹਦੇ ਰਹੇ। ਜਿਸ ਦੇ ਵੀ ਗੋਲੀ ਲੱਗੇ, ਉਸ ਨੂੰ ਕੁਝ ਚੜ੍ਹਦੀ ਉਮਰ ਦੇ ਜਵਾਨ ਚੁੱਕ-ਚੁੱਕ ਬਾਹਰ ਲਈ ਜਾਣ। ਬਹੁਤੇ ਲੋਕ ਫੱਟੜ ਹੋ ਗਏ ਪਰ ਸਾਬਾਸ਼ ਕਿ ਕਿਸੇ ਭੱਜਣ ਦੀ ਕਾਇਰਤਾ ਨਹੀਂ ਦਿਖਾਈ।

ਕੁੱਝ ਪਲਾਂ ਲਈ ਕਾਫ਼ਲਾ ਖਲੋਅ ਗਿਆ। ਜਿਵੇਂ ਤੂਫ਼ਾਨ ਤੋਂ ਪਹਿਲਾਂ ਕੁੱਝ ਪਲਾਂ ਲਈ ਸ਼ਾਂਤੀ ਹੋਵੇ। ਇਸੇ ਦੌਰਾਨ ਇਕ ਚੜ੍ਹਦੀ ਉਮਰ ਦਾ ਨੌਜਵਾਨ ਭੀੜ ਵਿਚੋਂ ਸਭ ਤੋਂ ਅੱਗੇ ਹੋਇਆ। ਉਸ ਦੋਹੇਂ ਹੱਥ ਉਪਰ ਚੁੱਕ ਕੇ ਲੋਕਾਂ ਨੂੰ ਨਿਹੋਰਾ ਮਾਰਿਆ। ਕਹਿਓਸ, “ਓ ਪੰਜਾਬੀਓ, ਕੀ ਹੋ ਗਿਐ ਥੋਨੂੰ, ਮਾਰੋ ਧੱਕਾ, ਚੜ੍ਹ ਜਾਓ ਪੁਲਿਸ ਦੇ ਉਤੇ”। ਇਹ ਕਹਿੰਦਿਆਂ ਉਹ ਖ਼ੁਦ ਪੁਲਿਸ ਸਾਹਮਣੇ ਚਲਦੀ ਗੋਲੀ ਵਿਚ ਛਾਤੀ ਡਾਹ ਕੇ ਖੜ੍ਹ ਗਿਆ। ਉਸੇ ਵਕਤ ਉਸ ਦੇ ਗੋਲੀ ਆਣ ਲੱਗੀ। ਉਹ ਡਿੱਗ ਪਿਆ। ਕੁੱਝ ਨੌਜਵਾਨ ਉਸ ਨੂੰ ਵੀ ਚੁੱਕ ਕੇ ਬਾਹਰ ਲੈ ਗਏ। ਉਸ ਦੀ ਵੰਗਾਰ ਨਾਲ ਲੋਕਾਂ ਦਾ ਜਜ਼ਬਾ ਉਬਾਲਾ ਮਾਰ ਗਿਆ। ਨੌਜਵਾਨ ਹੱਲਾ ਬੋਲ ਕੇ ਪੁਲਿਸ ਉਪਰ ਜਾ ਚੜ੍ਹੇ, ਮਾਨੋ ਯੁੱਧ ਦਾ ਪਾਸਾ ਪਲਟ ਗਿਆ।

ਦੇਖਦਿਆਂ ਹੀ ਪਤਾ ਨਹੀਂ ਕਿਧਰ ਗਈ ਪੁਲਿਸ ਅਤੇ ਕਿਧਰ ਭੱਜ ਗਿਆ ਮੈਜਿਸਟਰੇਟ। ਲੋਕ ਗੱਡੀਆਂ ਵਿਚੋਂ ਦੀ ਅੱਗੇ ਨਿਕਲ ਗਏ। ਪੁਲਿਸ ਨੇ ਗੱਡੀਆਂ ਚਲਾ ਕੇ ਅੱਗੋਂ ਰਸਤਾ ਬੰਦ ਕਰਨ ਦਾ ਯਤਨ ਕੀਤਾ ਪਰ ਲੋਕ ਗੱਡੀਆਂ ਦੇ ਅੱਗੇ ਲੰਮੇ ਪੈ ਗਏ। ਨਗਰ ਕੀਰਤਨ ਅੱਗੇ ਨਿਕਲ ਗਿਆ।

ਅੱਗੋਂ ਫਿਰ ਪੁਲਿਸ ਨੇ ਘੇਰਾ ਪਾ ਕੇ ਲਾਠੀਚਾਰਜ ਕੀਤਾ ਪਰ ਧੱਕਾ-ਮੁੱਕੀ ਵਿਚ ਜਲੂਸ ਆਪਣੀ ਮਿੱਥੀ ਮੰਜ਼ਿਲ ਉਪਰ ਪਹੁੰਚਣ ਵਿਚ ਕਾਮਯਾਬ ਰਿਹਾ।

ਰਾਤ ਨੂੰ ਹੀ ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜੋ ਹਸਪਤਾਲ ਸਨ, ਉਨ੍ਹਾਂ ’ਤੇ ਪਰਚਾ ਦਰਜ ਹੋ ਗਏ। ਮਾਸਟਰ ਤਾਰਾ ਸਿੰਘ

ਨੂੰ ਵੀ ਅੰਬਰਸਰੋਂ ਆਉਂਦਿਆ ਨਰੇਲਾ ’ਟੇਸ਼ਨ ’ਤੇ ਗ੍ਰਿਫਤਾਰ ਕਰ ਲਿਆ। ਅਸੀਂ ਜਿਸ ਕਾਰਖ਼ਾਨੇ ਵਿਚ ਕੰਮ ਕਰਦੇ ਸਾਂ 4-5 ਜਣੇ ਸਰਦਾਰ ਸਾਂ ਤੇ ਬਾਕੀ ਸਾਰੇ ਭਈਏ। ਅਸੀਂ ਫੜੇ ਜਾਣ ਦੇ ਡਰੋਂ ਹਸਪਤਾਲ ਨਹੀਂ ਗਏ, ਸਗੋਂ ਇਕ ਪ੍ਰਾਈਵੇਟ ਸਰਦਾਰ ਡਾ: ਪਾਸੋਂ, ਕਾਰਖ਼ਾਨੇ ਵਿਚ ਸੱਟ ਲੱਗੀ ਦੱਸ ਕੇ ਇਲਾਜ ਸ਼ੁਰੂ ਕਰਵਾਇਆ। ਸਲਾਹ ਨਾਲ ਅਸਾਂ ਤੀਸ ਹਜ਼ਾਰੀ ਪੁਲ ਕੋਲ ਨਵੀਂ ਦਿੱਲੀ ਵਲੋਂ ਆਉਂਦੀ ਰੇਲਵੇ ਲਾਈਨ ਦੇ ਨਾਲ 10-12 ਫੁੱਟ ਨੀਵੀਂ ਜਗ੍ਹਾ ਬਣੇ ਪਾਕਿ ਤੋਂ ਉੱਜੜ ਕੇ ਆਏ ਰਿਫਿਊਜੀਆਂ ਦੇ ਕੈਂਪ ਵਿਚ, ਇਕ ਜਾਣਕਾਰ ਰਾਹੀਂ, ਇਕ ਕੁਆਰਟਰ ਕਿਰਾਏ ਉਪਰ ਲੈ ਕੇ ਨਿਹੰਗ ਸਿੰਘ ਨੂੰ ਉਥੇ ਰੱਖਿਆ। ਇਹ ਇਤਲਾਹ ਨਿਹੰਗ ਦੇ ਪਿੰਡ ਧਾਰੋਵਾਲੀ ਵੀ ਚਿੱਠੀ ਰਾਹੀਂ ਭੇਜ ਦਿੱਤੀ। ਹਫ਼ਤੇ ਕੁ ਬਾਅਦ ਨਿਹੰਗ ਦੀ ਮਾਤਾ ਅਤੇ ਉਸ ਦੀ ਪਤਨੀ ਦੱਸੇ ਪਤੇ ’ਤੇ ਆ ਗਈਆਂ। ਮਾਤਾ ਹਫ਼ਤਾ ਕੁ ਰਹਿ ਕੇ ਪਿੰਡ ਵਾਪਸ ਚਲੀ ਗਈ ਅਤੇ ਉਸ ਦੇ ਘਰੋਂ ਮਹੀਨੇ ਕੁ ਬਾਅਦ। ਨਿਹੰਗ ਨੂੰ ਆਰਾਮ ਨਾ ਆਉਂਦਾ ਦੇਖ ਕੇ ਅਸੀਂ ਉਸ ਦਾ ਇਲਾਜ ਇਕ ਪੰਜਾਬੀ ਵੈਦ ਤੋਂ ਸ਼ੁਰੂ ਕੀਤਾ। 4 ਕੁ ਮਹੀਨੇ ਪੂਰਾ ਆਰਾਮ ਆਉਣ ਨੂੰ ਲੱਗ ਗਏ ਤੇ ਹੁਣ ਨਿਹੰਗ ਸੋਟੇ ਨਾਲ ਤੁਰਨ ਲੱਗ ਪਿਆ। ਉਪਰੰਤ ਅਸੀਂ ਮੁੜ ਕਾਰਖ਼ਾਨੇ ਆ ਕੇ ਰਹਿਣ ਲੱਗ ਪਏ।

ਕਸ਼ਟ ਤਾਂ ਅਸਾਂ ਬਹੁਤਾ ਝੱਲਿਆ ਪਰ ਪੁਲਿਸ ਦੀ ਪਕੜ ਤੋਂ ਬਚ ਰਹੇ”।

# ਦੁਆਬੇ ਦੀ ਹੂਕ: ਮਾਲਟਾ ਕਿਸ਼ਤੀ ਕਾਂਡ

**25 ਦਸੰਬਰ ’ਤੇ ਵਿਸ਼ੇਸ਼**



ਲੇਖਕ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਆਬਾਦੀ ਦਾ ਲਗਾਤਾਰ ਵਾਧਾ ਤੇ ਕਾਰੋਬਾਰੀ ਧੰਦਿਆਂ/ਵਾਹੀਯੋਗ ਜ਼ਮੀਨ ਦਾ ਲਗਾਤਾਰ ਵੰਡ ਕਾਰਨ ਘਟਣਾ, ਵਗੈਰਾ ਪੰਜਾਬੀਆਂ ਲਈ ਕਈ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ। ਬਾਹਰੀ ਠੰਢੇ ਮੁਲਕਾਂ ਨੂੰ ਪੰਜਾਬੀਆਂ ਦਾ ਨਿਕਾਸ ਬੇਹਤਰ ਜ਼ਿੰਦਗੀ ਦੀ ਆਸ਼ਾ ਲੈ ਕੇ ਬੇਸ਼ੱਕ ਆਜ਼ਾਦੀ ਤੋਂ ਪਹਿਲਾਂ ਹੋ ਚੁੱਕਾ ਸੀ ਪਰ ਅੱਜ ਦੇ ਇਸ ਭੀੜ ਭਰੇ ਮਾਹੌਲ ਅਤੇ ਆਰਥਿਕ ਮੰਦਹਾਲੀ ਕਰਕੇ ਹੋਰ ਬਿਹਤਰ ਜ਼ਿੰਦਗੀ ਜਿਊਣ ਦੀ ਮਨਸ਼ਾ ਲੈ, ਦੇਖਾ-ਦੇਖੀ ਪੰਜਾਬੀ, ਕਾਨੂੰਨੀ ਅਤੇ ਗ਼ੈਰ ਕਾਨੂੰਨੀ ਢੰਗ ਨਾਲ ਠੰਢੇ ਮੁਲਕਾਂ ਨੂੰ ਜਾਣ ਲਈ ਲਗਾਤਾਰ ਤਾਂਘ ਵਿਚ ਰਹਿੰਦੇ ਹਨ। ਇਸੇ ਢੰਗ ਨਾਲ ਜਾਣ ਵਾਲਿਆਂ ਵਿਚ ਸਾਡੇ ਪੰਜਾਬੀ ਭਰਾ, ਭਾਰੀ ਕਰਜ਼ੇ ਚੁੱਕਣ ਅਤੇ ਆਪਣੀਆਂ ਜ਼ਮੀਨਾਂ ਨੂੰ ਵੇਚਣ ਤੋਂ ਵੀ ਝਿਜਕਦੇ ਨਹੀਂ। ਦਸੰਬਰ 1996 ਵਿਚ ਇਟਲੀ ਦੇ ਸਾਗਰ ਵਿਚ ਹੋਇਆ ਸਮੁੰਦਰੀ ਕਾਂਡ ਵੀ ਅਜਿਹੇ ਪੰਜਾਬੀਆਂ ਨਾਲ ਸਬੰਧਤ ਹੈ।

ਪੇਸ਼ ਹੈ ਇਸ ਦਰਦਨਾਕ ਹਾਦਸੇ ’ਚੋਂ ਬਚੇ ਇੱਕ ਪੰਜਾਬੀ ਜ਼ਿੰਦਾ ਪਾਤਰ ਦੀ ਕਹਾਣੀ, ਉਸ ਦੀ ਆਪਣੀ ਜ਼ੁਬਾਨੀ:-

“ਮੈਂ ਹਰਵਿੰਦਰ ਸਿੰਘ ਸਪੁੱਤਰ ਗੁਰਨਾਮ ਸਿੰਘ ਪਿੰਡ ਪੰਡੋਰੀ ਮੁਸ਼ਾਰਕਤੀ ਨਜਦੀਕ ਜੰਡਿਆਲਾ ਮੰਜਕੀ ਜ਼ਿਲ੍ਹਾ ਜਲੰਧਰ ਤੋਂ ਬੋਲ ਰਿਹੈਂ। ਮੈਂ ਦੋ ਭੈਣਾਂ ਦਾ ਇਕਲੌਤਾ ਭਰਾ, ਪਿੰਡ ਖੇਤੀਬਾੜੀ ਵਿਚ ਹੀ ਪਿਤਾ ਜੀ ਨਾਲ ਹੱਥ ਵਟਾਉਂਦਿਆਂ ਬਾਹਰ ਜਾਣ ਦੀ ਜ਼ਿੱਦ ਕਰ ਬੈਠਾ। ਕਿਉਂਕਿ ਜ਼ਮੀਨ ਗੁਜ਼ਾਰੇ ਜੋਗੀ ਹੀ ਸੀ। ਉਸ ’ਚੋਂ ਵੀ ਕੁੱਝ ਪਹਿਲੇ ਹੀ ਗਹਿਣੇ ਸੀ ਤੇ ਦੂਜਾ ਭੈਣਾਂ ਦੇ ਵਿਆਹ ਦੀ ਚਿੰਤਾ, ਸੋ ਸਾਰੇ ਚਾਅ ਪੂਰੇ ਕਰਨੇ ਮੁਸ਼ਕਲ ਸਨ। ਚੜ੍ਹਦੇ 1996 ਨੂੰ ਨੂਰਮਹਿਲ ਨਜ਼ਦੀਕੀ ਇਕ ਏਜੰਟ ਨੂੰ ਇਟਲੀ ਲਈ ਕੁੱਝ ਜ਼ਮੀਨ ਗਹਿਣੇ ਰੱਖ ਅਤੇ ਕੁੱਝ ਵਿਆਜੂ ਫੜ, 4 ਲੱਖ ਰੁ: ਦੇਣੇ ਕਰਕੇ ਅਸੀਂ ਤਿਆਰੀ ਫੜਨੀ ਸ਼ੁਰੂ ਕਰ ਦਿੱਤੀ। ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਕਤੂਬਰ 1996 ਨੂੰ ਦਿੱਲੀ ਤੋਂ ਜਹਾਜ਼ ਫੜ ਤੁਰਕੀ ਜਾ ਉੱਤਰੇ। ਇੰਸਤਬੋਲ ਸ਼ਹਿਰ ਦੇ ਇੱਕ ਹੋਟਲ ਵਿਚ ਸਾਨੂੰ ਠਹਿਰਾਇਆ ਗਿਆ। ਜਿੱਥੇ ਅਸੀਂ ਕੁੱਲ 60-70 ਪੰਜਾਬੀ ਸਾਂ। 5 ਨਵੰਬਰ 1996 ਨੂੰ ਤੁਰਕੀ ਤੋਂ 115 ਪੰਜਾਬੀ ਜੋ ਉਧਰ ਸਥਿਤ ਇੱਕ ਏਜੰਟ ਵਲੋਂ ਸਮੁੰਦਰ ਦੇ ਕੰਢੇ ’ਤੇ ਲੈ ਜਾਏ ਗਏ। ਇੱਕ ਛੋਟੇ ਸਮੁੰਦਰੀ ਜਹਾਜ਼ ਰਾਹੀਂ ਸਮੁੰਦਰ ਵਿਚ ਠੇਲ ਦਿੱਤੇ। ਕੁੱਝ ਦਿਨਾਂ ਦੇ ਸਫਰ ਤੋਂ ਬਾਅਦ ਸੀਰੀਆ ਤੋਂ ਆਉਂਦੇ ਦੋ ਛੋਟੇ ਸਮੁੰਦਰੀ ਜਹਾਜ਼ ਜਿਨ੍ਹਾਂ ਵਿਚ ਕ੍ਰਮਵਾਰ 76 ਅਤੇ 82 ਪੰਜਾਬੀ ਸਵਾਰ ਸਨ, ਵੀ ਸਾਡੇ ਸਮੁੰਦਰੀ ਜਹਾਜ਼ ਨਾਲ ਆ ਮਿਲੇ। ਕੁੱਝ ਦਿਨਾਂ ਦੇ ਹੋਰ ਸਫਰ ਤੋਂ ਬਾਅਦ 2 ਦਸੰਬਰ ਨੂੰ ਸਾਰੇ 273 ਪੰਜਾਬੀਆਂ ਅਤੇ 6 ਜਹਾਜ਼ ਦੇ ਅਮਲੇ ਦੇ ਮੈਂਬਰਾਂ ਨੂੰ ਇਕ ਹੋਰ ਵੱਡੇ ਸਮੁੰਦਰੀ ਜਹਾਜ਼ ਵਿਚ ਤਬਦੀਲ ਕਰ ਦਿੱਤਾ ਗਿਆ। ਇਟਲੀ ਵੱਲ ਅੱਗੇ ਵੱਧਦਿਆਂ 24 ਦਸੰਬਰ ਨੂੰ ਮਿਸਰ ਤੋਂ ਆਇਆ ਇੱਕ ਹੋਰ ਸਮੁੰਦਰੀ ਜਹਾਜ਼ ਆ ਮਿਲਿਆ, ਜਿਸ ਵਿਚ 169 ਪਾਕਿਸਤਾਨੀ ਅਤੇ ਸ਼੍ਰੀ ਲੰਕਾਈ ਸਵਾਰ ਸਨ। ਇਸ ਤਰ੍ਹਾਂ ਹੁਣ ਕੁੱਲ ਗਿਣਤੀ 469 ਹੋ ਗਈ। ਜਿਨ੍ਹਾਂ ਨੂੰ 25 ਦਸੰਬਰ ਕ੍ਰਿਸਮਿਸ ਵਾਲੇ ਦਿਨ ਇਟਲੀ ਵਿਚ ਧੱਕਿਆ ਜਾਣਾ ਸੀ। 25 ਦਸੰਬਰ ਨੂੰ ਇਟਲੀ ਤੋਂ 18 ਅਤੇ ਮਾਲਟਾ ਤੋਂ 24 ਕਿ: ਮੀ: ਦੂਰ ਖੜ੍ਹੀ ਇੱਕ ਹੋਰ ਮੋਟਰ ਕਿਸ਼ਤੀ ਸਾਡਾ ਇੰਤਜ਼ਾਰ ਕਰ ਰਹੀ ਸੀ। ਅਫਵਾਹ ਸੀ ਕਿ ਇਟਲੀ ਪੁਲਿਸ ਨੂੰ ਸ਼ੈਦ ਇਸ ਦੀ ਇਤਲਾਹ ਮਿਲ ਗਈ ਹੈ, ਸੋ ਵੱਡੇ ਜਹਾਜ਼ ਵਿਚੋਂ ਉੱਤਰ ਕੇ ਛੋਟੇ ਸਮੁੰਦਰੀ ਜਹਾਜ਼ ਵਿਚ ਚੜ੍ਹ ਜਾਣ ਦਾ ਸਾਰਿਆਂ ਨੂੰ ਹੁਕਮ ਹੋਇਆ। ਜਦ ਸਾਰੇ ਸਵਾਰ ਚੜ੍ਹ ਗਏ, ਤਾਂ ਸਮੁੰਦਰੀ ਜਹਾਜ਼ ਦੀ ਸਥਿਤੀ ਡਾਵਾਂਡੋਲ ਹੋ ਗਈ। ਵੱਡਾ ਜਹਾਜ਼ ਜਦ ਉੱਥੋਂ ਵਿਦਾ ਹੋਣ ਲੱਗਾ, ਤਾਂ ਸ਼ਰਾਬੀ ਚਾਲਕ ਨੇ ਉਸ ਨੂੰ ਬੈਕ ਕਰਦਿਆਂ ਸਾਡੇ ਸਮੁੰਦਰੀ ਜਹਾਜ਼ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਨਾਲ ਸਾਡੇ ਸਮੁੰਦਰੀ ਜਹਾਜ਼ ਦੇ ਫਰਸ਼ ਵਿਚ ਵੱਡੀ ਦਰਾੜ ਪੈ ਗਈ। ਸਮੁੰਦਰੀ ਜਹਾਜ਼ ਵਿਚ ਹੁਣ ਤੇਜ਼ੀ ਨਾਲ ਪਾਣੀ ਭਰਨ ਲੱਗਾ। ਇਹ ਖੌਫਨਾਕ ਹਾਦਸੇ ਦੀ ਸ਼ੁਰੂਆਤ ਸੀ। ਅਸੀਂ ਆਪਣੇ-ਆਪਣੇ ਕੱਪੜੇ ਲਾਹ ਕੇ ਫਰਸ਼ ਦੀ ਦਰਾੜ ਵਿਚ ਧੱਕਣੇ ਸ਼ੁਰੂ ਕਰ ਦਿੱਤੇ। ਸਮੁੰਦਰੀ ਜਹਾਜ਼ ਵਿਚ ਭਰਿਆ ਪਾਣੀ ਪੀਪਿਆਂ ਨਾਲ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਪਰ ਸਭ ਵਿਅਰਥ। ਦੇਖਦਿਆਂ-ਦੇਖਦਿਆਂ ਸਮੁੰਦਰੀ ਜਹਾਜ਼ ਪਾਣੀ ਵਿਚ ਡੁੱਬਣ ਲੱਗਾ। ਇਹ ਉਹ ਸਮਾਂ ਸੀ ਜਦ ਅਸੀਂ ਮੌਤ ਨੂੰ ਬਹੁਤ ਨਜ਼ਦੀਕ ਤੋਂ ਦੇਖਿਆ। ਚੀਕ-ਚਿਹਾੜਾ ਪੈ ਗਿਆ। ਕੁੱਝ ਵੀ ਸੁੱਝੇ ਨਾ। ਪਏ ਰੌਲੇ-ਰੱਪੇ ਅਤੇ ਸਾਡੇ ਇਸ਼ਾਰਿਆਂ ਨੂੰ ਸਮਝ ਉਹੀ ਵੱਡੇ ਸਮੁੰਦਰੀ ਜਹਾਜ਼ ਦਾ ਚਾਲਕ ਜਹਾਜ਼ ਨੂੰ ਸਾਡੇ ਨਜ਼ਦੀਕ ਲੈ ਆਇਆ ਅਤੇ ਸਾਡੇ ਵੱਲ ਰੱਸਾ ਸੁੱਟਿਆ। ਪਹਿਲੋਂ ਸਾਡਾ ਸਮੁੰਦਰੀ ਜਹਾਜ਼ ਚਾਲਕ, ਫਿਰ ਕੁੱਝ ਪੰਜਾਬੀ ਵੀ ਰੱਸਾ ਫੜ ਕੇ ਵੱਡੇ ਜਹਾਜ਼ ਵਿਚ ਜਾ ਚੜ੍ਹੇ। ਨਾਲ ਹੀ ਇਕ ਹੋਰ ਦਰਦਨਾਕ ਘਟਨਾ ਵਾਪਰ ਗਈ। ਕੁੱਝ ਮੁੰਡਿਆਂ ਨੇ ਜਦ ਉੱਪਰ ਚੜ੍ਹਨ ਲਈ ਰੱਸਾ ਫੜਿਆ ਹੋਇਆ ਸੀ, ਤਾਂ ਰੱਸਾ ਖਿਸਕ ਕੇ ਜਹਾਜ਼ ਦੇ ਪੱਖੇ ਵਿਚ ਆ ਗਿਆ, ਜਿਸ ਵਜ੍ਹਾ ਉਹ ਵੀ ਪੱਖੇ ਵਿਚ ਆਕੇ ਕੁਤਰਾ-ਕੁਤਰਾ ਹੋ ਗਏ। ਕਈ ਸਵਾਰ ਜੋ ਚੰਗੇ ਤਾਰੂ ਸਨ, ਉਨ੍ਹਾਂ ਪਾਣੀ ਵਿਚ ਛਾਲਾਂ ਮਾਰ ਕੇ ਵੱਡੇ ਜਹਾਜ਼ ਵਿਚ ਜਾ ਚੜ੍ਹੇ। ਜਿਨ੍ਹਾਂ ਵਿਚ ਮੈਂ ਖੁਦ ਵੀ ਸ਼ਾਮਲ ਸਾਂ। ਵੇਖਦਿਆਂ ਹੀ ਇਧਰਲੇ 200, ਪਾਕਿ: ਦੇ 31 ਪੰਜਾਬੀ ਅਤੇ 92 ਸ਼੍ਰੀ ਲੰਕਾਈ ਜਵਾਨ ਗਹਿਰਾ ਸਮੁੰਦਰ ਨਿਗਲ ਗਿਆ। ਜਦਕਿ ਬਚ ਗਿਆਂ ਵਿਚ 61 ਇਧਰਲੇ ਪੰਜਾਬੀ ਅਤੇ 46 ਪਾਕਿ: ਅਤੇ ਸ਼੍ਰੀ ਲੰਕਾਈ ਸਨ। ਇਸ ਉਪਰੰਤ ਜਦ ਸਾਡਾ ਜਹਾਜ਼ ਇਟਲੀ ਦੇ ਸਾਹਿਲ ’ਤੇ ਲੱਗਾ, ਉਥੋਂ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਮਹੀਨਿਆਂਬੱਧੀ ਜੇਲ੍ਹ ਅਤੇ ਭਾਰੀ ਜੁਰਮਾਨੇ ਅਦਾ ਕਰ, ਅਸੀਂ ਭਲੇ ਕਾਫੀ ਖੱਜਲ-ਖਰਾਬੀ ਤੋਂ ਬਾਅਦ ਭਾਰਤੀ ਸਰਕਾਰ ਦੀਆਂ ਕੋਸ਼ਿਸ਼ਾਵਾਂ ’ਤੇ ਵਾਪਸ ਮੁੜ ਆਏ ਹਾਂ ਪਰ ਉਹ ਖੌਫਨਾਕ ਮੰਜ਼ਰ ਭੁਲਾਇਆਂ ਵੀ ਨਹੀ ਭੁੱਲਦਾ, ਇਹੀ ਸੋਚਦੇ ਹਾਂ ਕਿ ਜਾਨ ਬਚੀ ਤੋ ਲਾਖੋਂ ਪਾਏ।- ਆਖੀਰ ਵਿਚ ਮੈਂ ਪੰਜਾਬੀਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੈਂ ਕਿ ਭੁੱਲ ਕੇ ਵੀ ਦੋ ਨੰਬਰ ’ਚ ਬਾਹਰ ਨਾ ਜਾਓ।”

- ਜਦ ਹਰਵਿੰਦਰ ਇਹ ਕਹਾਣੀ ਆਪਣੀ ਜ਼ੁਬਾਨੀ ਬਿਆਨ ਕਰ ਰਿਹਾ ਸੀ, ਤਾਂ ਜਿੱਥੇ ਉਸ ਦੇ ਅੱਥਰੂ ਲਗਾਤਾਰ ਵਗਦੇ ਰਹੇ, ਉੱਥੇ ਕਈ ਦਫਾ ਨੀਮ ਬੇਹੋਸ਼ੀ ਦੀ ਹਾਲਾਤ ਵੀ ਬਣਦੀ ਰਹੀ। ਮੈਂ ਵਾਚਿਆ ਕਿ ਐਵੇਂ ਉਸ ਦੇ ਜ਼ਖਮਾਂ ’ਤੇ ਆਏ ਖਰੀਂਡ ਨੂੰ ਮੁੜ ਛਿੱਲਣ ਦੀ ਗੁਸਤਾਖੀ ਕਰ ਬੈਠਾਂ ਹਾਂ। ਪਰ ਜੇ ਇਹ ਗ਼ੁਸਤਾਖੀ ਨਾ ਕਰਦਾ, ਤਾਂ ਹੱਥਲੀ ਦਰਦਨਾਕ ਕਹਾਣੀ ਤੁਹਾਡੇ ਤੱਕ ਕਿਵੇਂ ਪਹੁੰਚਦੀ?

# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ

## 27 ਦਸੰਬਰ 'ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲUSA





ਸਿੱਖ ਧਰਮ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਸ ਧਰਮ ਵਿਚ ਅਨੇਕਾਂ ਹੀ ਸ਼ਹੀਦ ਪੈਦਾ ਹੋਏ ਹਨ। ਕਈਆਂ ਨੂੰ ਜ਼ਾਲਮਾਨਾਂ ਢੰਗ ਨਾਲ ਸ਼ਹੀਦ ਕੀਤਾ ਗਿਆ ਪਰ ਫਿਰ ਵੀ ਉਨ੍ਹਾਂ ਨੇ ਸਬਰ-ਸੰਤੋਖ ਨਾਲ ਸਿੱਖ ਧਰਮ ਉਤੋਂ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਉਨ੍ਹਾਂ ਦੀਆਂ ਸ਼ਹੀਦੀਆਂ ਨਾਲ ਸਿੱਖ ਧਰਮ ਜਿਉਂਦਾ ਅਤੇ ਦੁੱਖਦਾਈ ਇਤਿਹਾਸ ਨਾਲ ਭਰਿਆ ਪਿਆ ਹੈ। ਸਾਡੇ ਗੁਰੂ ਸਾਹਿਬਾਨ, ਸਿੰਘ, ਸਿੰਘਣੀਆਂ, ਬੱਚੇ ਸ਼ਹੀਦੀਆਂ ਦੇ ਕੇ ਸਿੱਖੀ ਦੀ ਨੀਂਹ ਸਦਾ ਲਈ ਪੱਕੀ ਮਜ਼ਬੂਤ ਕਰ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਨ ਵੇਲੇ ਇਕ ਸ਼ਹੀਦ ਪਰਿਵਾਰ ਦਾ ਜ਼ਿਕਰ ਆਉਂਦਾ ਹੈ। ਇਸ ਸ਼ਹੀਦ ਪਰਿਵਾਰ ਦਾ ਮੁਖੀ ਬਾਬਾ ਮੋਤੀ ਰਾਮ ਮਹਿਰਾ ਜੀ ਸਨ। ਜਿਨ੍ਹਾਂ ਦਾ ਜਨਮ ਭਾਈ ਹਰਾ ਰਾਮ ਦੇ ਘਰ ਮਾਤਾ ਲੱਧੋ ਦੀ ਕੁਖੋਂ ਸੰਗਤਪੁਰ ਸੋਢੀਆਂ (ਸਰਹਿੰਦ) ਵਿਚ 1677 ਈ. ਦੇ ਨੇੜੇ ਹੋਇਆ ਸੀ। ਕਵੀ ਕਿਸ਼ਨ ਸਿੰਘ ਅਨੁਸਾਰ ਪੰਜਾਂ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਬਾਬਾ ਮੋਤੀ ਰਾਮ ਮਹਿਰਾ ਦੇ ਚਾਚਾ ਜੀ ਲੱਗਦੇ ਸਨ।

20 ਦਸੰਬਰ (6 ਪੋਹ) 1704 ਈ. ਨੂੰ ਜਦੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਅਤੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚਾਲੇ ਪਾਏ, ਤਾਂ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦਾ ਯੁੱਧ ਹੋਇਆ।

ਸਰਸਾ ਨਦੀ ਵਿਚ ਹੜ੍ਹ ਆਉਣ ਕਰਕੇ ਸਰਸਾ ਪਾਰ ਕਰਦਿਆਂ ਗੁਰੂ ਸਾਹਿਬ ਜੀ ਦਾ ਪਰਿਵਾਰ ਇਕ ਦੂਸਰੇ ਨਾਲੋਂ ਵਿਛੜ ਗਿਆ। ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਇਕ ਪਾਸੇ ਚਲੇ ਗਏ। ਉਨ੍ਹਾਂ ਦੇ ਰਸੋਈਏ ਗੰਗੂ ਬ੍ਰਾਹਮਣ ਨੇ ਲਾਲਚ ਵੱਸ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਮੁਰਿੰਡੇ ਥਾਣੇ ਵਿਚ ਗ੍ਰਿਫ਼ਤਾਰ ਕਰਵਾ ਦਿੱਤਾ। ਮੁਰਿੰਡੇ ਥਾਣੇ ਇੱਕ ਰਾਤ ਰੱਖਣ ਤੋਂ ਬਾਅਦ ਬੱਸੀ ਪਠਾਣਾ ਲੈ ਗਏ। ਬੱਸੀ ਪਠਾਣਾ ਤੋਂ ਬੱਚਿਆਂ ਦੇ ਪੈਰੀਂ ਬੇੜੀਆਂ ਹੱਥਾਂ ਵਿਚ ਹੱਥਕੜੀਆਂ ਲਗਾ ਕੇ ਸਰਹਿੰਦ ਥਾਣੇ ਲੈ ਗਏ। ਉੱਥੋਂ ਸੂਬਾ ਸਰਹਿੰਦ ਨਵਾਬ ਵਜ਼ੀਰ ਖਾਨ ਦੀ ਕਚਿਹਰੀ ਵਿਚ ਪੇਸ਼ ਕਰ ਦਿੱਤਾ।

ਮੋਤੀ ਰਾਮ ਮਹਿਰਾ ਉਸ ਵੇਲੇ ਸੂਬਾ ਸਰਹਿੰਦ ਦੇ ਰਸੋਈਖ਼ਾਨੇ ਵਿਚ ਹਿੰਦੂ ਕੈਦੀਆਂ ਅਤੇ ਹਿੰਦੂ ਸਿਪਾਹੀਆਂ ਲਈ ਖਾਣਾ ਤਿਆਰ ਕਰਦੇ ਸਨ। ਜਦ ਬਾਬਾ ਮੋਤੀ ਰਾਮ ਮਹਿਰੇ ਨੂੰ ਪਤਾ ਲੱਗਿਆ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਕੈਦ ਕੀਤਾ ਹੈ, ਤਾਂ ਬਾਬਾ ਮੋਤੀ ਰਾਮ ਮਹਿਰਾ ਨੇ ਉਦਾਸੀ ਦੀ ਹਾਲਤ ਵਿਚ ਘਰ ਪਹੁੰਚ ਕੇ ਆਪਣੇ ਪਰਿਵਾਰ ਨੂੰ ਦੱਸਿਆ। ਘਰ ਵਿਚ ਉਨ੍ਹਾਂ ਦੀ ਮਾਤਾ ਅਤੇ ਪਤਨੀ ਭੋਲੀ (ਬੌਈ ਜਾ ਦੇਵਾਂ) ਨੂੰ ਜਦ ਮਯੂਸੀ ਦਾ ਪਤਾ ਲੱਗਿਆ ਕਿ ਮਾਤਾ ਗੁਜਰ ਕੌਰ ਜੀ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਫ਼ਤਿਹ ਸਿੰਘ ਜੀ ਠੰਡੇ ਬੁਰਜ ਵਿਚ ਕੈਦ ਹਨ ਅਤੇ ਠੰਡ ਨਾਲ ਆਕੜੇ ਪਏ ਹਨ। ਤੇਜ਼ ਹਵਾਵਾਂ ਚੱਲ ਰਹੀਆਂ ਹਨ ਪਰ ਫਿਰ ਵੀ ਚੜ੍ਹਦੀ ਕਲਾ ਵਿਚ ਅਡੋਲ ਹਨ। ਇਨ੍ਹਾਂ ਦੀ ਮਾਤਾ ਅਤੇ ਪਤਨੀ ਨੇ ਕਿਹਾ, ਸਾਨੂੰ ਗੁਰੂ ਸਾਹਿਬ ਦੇ ਪਰਿਵਾਰ ਦੀ ਸੇਵਾ ਕਰਨੀ ਚਾਹੀਦੀ ਹੈ।

ਪਰਿਵਾਰ ਦੀ ਸਲਾਹ ਨਾਲ ਬਾਬਾ ਮੋਤੀ ਰਾਮ ਮਹਿਰਾ ਜੀ ਬੜੀ ਸੁਚਮਤਾ ਦੇ ਨਾਲ ਗਰਮ ਦੁੱਧ ਦਾ ਗੜਵਾ ਲੈ ਕੇ ਠੰਡੇ ਬੁਰਜ ਵੱਲ ਚੱਲ ਪਏ। ਚੱਲਣ ਤੋਂ ਪਹਿਲਾਂ ਬਾਬਾ ਜੀ ਦੀ ਧਰਮ ਪਤਨੀ ਨੇ ਆਪਣੇ ਗਹਿਣੇ ਬਾਬਾ ਜੀ ਨੂੰ ਦੇ ਦਿੱਤੇ। ਬਾਬਾ ਜੀ ਨੂੰ ਕਿਹਾ, ਪਹਿਰੇਦਾਰ ਤੁਹਾਨੂੰ ਲੰਘਣ ਨਹੀਂ ਦੇਵੇਗਾ, ਉਸ ਨੂੰ ਗਹਿਣਿਆਂ ਦਾ ਲਾਲਚ ਦੇ ਕੇ ਅੱਗੇ ਲੰਘ ਜਾਣਾ। ਇਹ ਸੇਵਾ ਜ਼ਰੂਰ ਨਿਭਾਉਣੀ ਹੈ। ਪਹਿਰੇਦਾਰ ਬਾਬਾ ਜੀ ਨੂੰ ਅੱਗੇ ਨਹੀਂ ਲੱਘਣ ਦਿੰਦਾ ਸੀ। ਬਾਬਾ ਜੀ ਨੇ ਇਸ ਤਰ੍ਹਾਂ ਹੀ ਕੀਤਾ, ਪਹਿਰੇਦਾਰ ਨੂੰ ਗਹਿਣੇ ਦੇ ਦਿੱਤੇ, ਉਸ ਨੇ ਬਾਬਾ ਜੀ ਨੂੰ ਅੱਗੇ ਲੰਘਣ ਦੀ ਆਗਿਆ ਦੇ ਦਿੱਤੀ।

ਪਹਿਰੇਦਾਰ ਨੇ ਬਾਬਾ ਜੀ ਨੂੰ ਪੁੱਛਿਆ, ਤੁਹਾਨੂੰ ਨਵਾਬ ਤੋਂ ਡਰ ਨਹੀਂ ਲੱਗਦਾ, ਨਵਾਬ ਦਾ ਹੁਕਮ ਹੈ, ਜਿਹੜਾ ਗੁਰੂ ਸਾਹਿਬ ਦੇ ਬੱਚਿਆਂ ਦੀ ਸੇਵਾ ਕਰੇਗਾ, ਉਸ ਨੂੰ ਕੋਹਲੂ ਵਿਚ ਪੀੜ ਦਿੱਤਾ ਜਾਵੇਗਾ। ਬਾਬਾ ਜੀ ਨੇ ਕਿਹਾ, ਜੇ ਗੁਰੂ ਜੀ ਦੀ ਖੁਸ਼ੀ ਅਤੇ ਪ੍ਰਾਪਤੀ ਲਈ ਆਪਣਾ ਆਪ ਨਿਛਾਵਰ ਕਰ ਦਿੱਤਾ ਜਾਵੇ, ਤਾਂ ਵੀ ਮਹਿੰਗਾ ਨਹੀਂ ਹੈ। ਬਾਬਾ ਜੀ ਨੇ ਜਾ ਕੇ ਬੱਚਿਆਂ ਅਤੇ ਮਾਤਾ ਗੁਜਰ ਕੌਰ ਜੀ ਨੂੰ ਗਰਮ ਦੁੱਧ ਪਲਾ ਕੇ ਅਸੀਸਾਂ ਪ੍ਰਾਪਤ ਕੀਤੀਆ। ਕਵੀ ਸੰਤਰੇਣ ਭਾਈ ਪ੍ਰੇਮ ਜੀ ਲਿਖਦੇ ਹਨ:-

-ਪਿਖ ਕੇ ਪ੍ਰੇਮ ਸੁ ਮੋਤੀ ਕੇਰਾ।
ਮਾਤਾ ਕਹੈਯੋ ਭਲਾ ਹੋਵੇ ਤੇਰਾ।

ਇਸ ਤਰ੍ਹਾਂ ਬਾਬਾ ਜੀ ਨੇ ਤਿੰਨ ਦਿਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗਰਮ ਦੁੱਧ ਛਕਾ ਕੇ ਸੇਵਾ ਪ੍ਰਾਪਤ ਕੀਤੀ।

27 ਦਸੰਬਰ (13 ਪੋਹ) 1704 ਨੂੰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ। ਮਾਤਾ ਗੁਜਰ ਕੌਰ ਜੀ ਠੰਡੇ ਬੁਰਜ ਵਿਚੋਂ ਸਚਖੰਡ ਜਾ ਬਿਰਾਜੇ।

ਬਾਬਾ ਮੋਤੀ ਰਾਮ ਮਹਿਰਾ ਜੀ ਵਲੋਂ ਕੀਤੀ ਮਾਤਾ ਜੀ ਅਤੇ ਛੋਟੇ ਬੱਚਿਆਂ ਦੀ ਸੇਵਾ ਗੁਪਤ ਰਹਿ ਜਾਣੀ ਸੀ, ਜੇਕਰ ਗੰਗੂ ਬ੍ਰਾਹਮਣ ਦਾ ਚਚੇਰਾ ਭਰਾ ਪੰਮਾ ਲੰਗਾ ਜੋ ਬਾਬਾ ਜੀ ਨਾਲ ਵਜ਼ੀਰ ਖਾਨ ਦੀ ਰਸੋਈ ਵਿਚ ਰਸੋਈਆ ਸੀ, ਉਹ ਬਾਬਾ ਜੀ ਦੀ ਸ਼ਿਕਾਇਤ ਵਜ਼ੀਰ ਖਾਨ ਕੋਲ ਨਾ ਕਰਦਾ।

ਪੰਮੇ ਲੰਗੇ ਦੀ ਚੁਗਲੀ ਕਰਨ ਤੋਂ ਬਾਅਦ ਵਜ਼ੀਰ ਖਾਨ ਨੇ ਬਾਬਾ ਜੀ ਨੂੰ ਪਰਿਵਾਰ ਸਮੇਤ ਪੇਸ਼ ਹੋਣ ਲਈ ਕਿਹਾ। ਵਜ਼ੀਰ ਖਾਨ ਨੇ ਕ੍ਰੋਧ ਵਿਚ ਬਾਬਾ ਜੀ ਨੂੰ ਕਿਹਾ, "ਤੂੰ ਸਿੱਖ ਏਂ, ਤੂੰ ਮਾਤਾ ਜੀ ਅਤੇ ਬੱਚਿਆਂ ਨੂੰ ਦੁੱਧ ਪਲਾਇਆ ਏ?" ਬਾਬਾ ਜੀ ਨੇ ਕਿਹਾ, 'ਹਾਂ ਪਲਾਇਆ ਏ!'

ਵਜ਼ੀਰ ਖਾਨ ਭੜਕ ਗਿਆ। ਉਸਨੇ ਬਾਬਾ ਜੀ ਨੂੰ ਕਿਹਾ, ਤੂੰ ਪਰਿਵਾਰ ਸਮੇਤ ਸਿੱਖਾਂ ਦੀ ਮਦਦ ਕੀਤੀ ਹੈ, ਆਪਣਾ ਧਰਮ ਬਦਲ ਕੇ ਮੁਸਲਮਾਨ ਬਣ ਜਾ, ਨਹੀਂ ਤਾਂ ਤੈਨੂੰ ਸਾਰੇ ਪਰਿਵਾਰ ਸਮੇਤ ਕੋਹਲੂ ਵਿਚ ਪੀੜ ਦਿੱਤਾ ਜਾਵੇਗਾ। ਬਾਬਾ ਜੀ ਨੇ ਕਿਹਾ, ਮੈਂ ਗੁਰੂ ਸਾਹਿਬ ਜੀ ਨੂੰ ਨਹੀਂ ਛੱਡ ਸਕਦਾ, ਮੈਨੂੰ ਮਰਨਾ ਮਨਜ਼ੂਰ ਹੈ, ਜੋ ਮਰਜ਼ੀ ਸਜ਼ਾ ਦਿਓ। ਵਜ਼ੀਰ ਖਾਨ ਨੇ ਬਾਬਾ ਜੀ ਨੂੰ ਅਤੇ ਇਸ ਦੇ ਸਾਰੇ ਪਰਿਵਾਰ ਨੂੰ ਕੋਹਲੂ 'ਚ ਪੀੜਨ ਦੀ ਸਜ਼ਾ ਸੁਣਾ ਦਿੱਤੀ।

ਸੂਬਾ ਸਰਹੰਦ ਨੇ ਪਹਿਲਾਂ ਬਾਬਾ ਜੀ ਦੇ 6 ਸਾਲ ਦੇ ਪੁੱਤਰ ਨਰਾਇਣੇ ਨੂੰ ਕੋਹਲੂ 'ਚ ਪੀੜ ਦਿੱਤਾ, ਫਿਰ ਅੱਸੀ ਸਾਲਾਂ ਦੀ ਮਾਤਾ ਲੱਧੋ, ਫਿਰ ਉਨ੍ਹਾਂ ਦੀ ਸਪੁੱਤਨੀ ਬੀਬੀ ਭੋਲੀ ਜੀ ਨੂੰ ਸਰਹਿੰਦ ਦੇ ਤੇਲੀਆਂ ਮਹੱਲੇ ਕੋਹਲੂ 'ਚ ਪੀੜ ਕੇ ਸ਼ਹੀਦ ਕਰ ਦਿੱਤਾ। ਬਾਬਾ ਮੋਤੀ ਰਾਮ ਮਹਿਰਾ ਜੀ ਦੀ ਇਹ ਸ਼ਹੀਦੀ ਦਾ ਦ੍ਰਿਸ਼ ਅੱਖਾਂ ਸਾਹਮਣੇ ਵੇਖ ਅਡੋਲ ਖੜ੍ਹੇ ਰਹੇ। ਫਿਰ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਸ਼ਹੀਦ ਕੀਤਾ ਗਿਆ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਫ਼ਤਿਹ ਕੀਤਾ, ਤਾਂ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਘਾਲਣਾ ਬਾਰੇ ਸੁਣ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਮੁੱਖ ਵਿਚੋਂ ਇਹ ਬਚਨ ਨਿਕਲਿਆ:-

- ਧੰਨ ਮੋਤੀ ਜਿੰਨੁ ਪੁੰਨ ਕਮਾਇਆ।
ਗੁਰੂ ਲਾਲਾਂ ਤਾਂਈ ਦੁੱਧ ਪਿਲਾਇਆ।

ਬਾਬਾ ਮੋਤੀ ਰਾਮ ਮਹਿਰਾ ਜੀ ਦਾ ਮੁੱਖ ਅਸਥਾਨ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਤੋਂ ਦੋ ਸੋ ਮੀਟਰ ਮੁਰਿੰਡੇ ਵਾਲੇ ਪਾਸੇ ਸਥਿਤ ਹੈ। ਇਹ ਅਸਥਾਨ ਰੋਜ਼ਾ ਸ਼ਰੀਫ਼ ਦੇ ਸਾਹਮਣੇ ਹੈ, ਜਿੱਥੇ ਬਾਬਾ ਜੀ ਦੀ ਯਾਦ ਵਿਚ ਹਰ ਸਾਲ 25 ਤੋਂ 27 ਦਸੰਬਰ ਤੱਕ ਧਾਰਮਿਕ ਸਮਾਗਮ ਹੁੰਦੇ ਹਨ ਅਤੇ ਦੂਰੋਂ-ਦੂਰੋਂ ਸੰਗਤਾਂ ਆ ਕੇ ਬਾਬਾ ਜੀ ਦੇ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ।

# ਇਨਸਾਨੀਅਤ ਦੀ ਝਲਕ ਦਰਸਾਉਂਦੀ ਟੋਡਰ ਮੱਲ ਦੀ ਜਹਾਜ਼ ਹਵੇਲੀ ...

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲUSA






ਜਦੋਂ ਸਿੱਖ ਇਤਿਹਾਸ ਵਿਚ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੀ ਸ਼ਹੀਦੀ ਨੂੰ ਯਾਦ ਕਰਦੇ ਹਾਂ, ਤਾਂ ਸਾਹਿਬਜ਼ਾਦਿਆਂ ਦੇ ਨਾਲ ਮੋਤੀ ਰਾਮ ਮਹਿਰਾ, ਬਾਬਾ ਬੰਦਾ ਸਿੰਘ ਬਹਾਦਰ ਅਤੇ ਦੀਵਾਨ ਟੋਡਰ ਮੱਲ ਦਾ ਨਾਮ ਵੀ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ।

ਦੀਵਾਨ ਟੋਡਰ ਮੱਲ ਉਹ ਇਨਸਾਨ ਹੈ, ਜਿਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਮਾਤਾ ਦਾ ਸਸਕਾਰ ਕਰਨ ਲਈ ਸ੍ਰੀ ਫ਼ਤਿਹਗ੍ਹੜ ਸਾਹਿਬ ਵਿਖੇ ਦੁਨੀਆਂ ਵਿਚ ਸਭ ਤੋਂ ਮਹਿੰਗਾ ਭਾਅ ਉਤਾਰ ਕੇ ਜ਼ਮੀਨ ਖਰੀਦੀ ਸੀ।

ਦੀਵਾਨ ਟੋਡਰ ਮੱਲ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਉਸ ਵੇਲੇ ਸਰਹਿੰਦ ਸੂਬੇ ਦਾ ਸਭ ਤੋਂ ਅਮੀਰ ਵਿਉਪਾਰੀ ਅਤੇ ਮੁਆਜ਼ਜ਼ ਦਰਬਾਰੀ ਸੀ। ਟੋਡਰ ਮੱਲ ਦਾ ਜੱਦੀ ਪਿੰਡ ਕਾਕੜਾ ਹੈ, ਜੋ ਸਮਾਣਾ ਪਟਿਆਲਾ ਸੜਕ 'ਤੇ ਸਥਿਤ ਹੈ। ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ।

ਦੀਵਾਨ ਟੋਡਰ ਮੱਲ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਪੁਰਖੇ ਕਾਰੋਬਾਰ ਦੇ ਸਬੰਧ ਵਿਚ ਪਿੰਡ ਛੱਡ ਕੇ ਸਰਹਿੰਦ ਆ ਵਸੇ ਸਨ। ਟੋਡਰ ਮੱਲ ਦੀ ਹਵੇਲੀ ਜੋ ਜਹਾਜ਼ ਹਵੇਲੀ ਦੇ ਨਾਮ ਨਾਲ ਜਾਣੀ ਜਾਂਦੀ ਹੈ, ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਮਹਿਲ ਦੇ ਬਿਲਕੁਲ ਨਾਲ ਹੈ।

27 ਦਸੰਬਰ (13 ਪੋਹ) 1704 ਈ. ਨੂੰ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਬੱਚਿਆਂ ਦੀ ਦਾਦੀ ਮਾਤਾ ਗੁਜਰ ਕੌਰ ਜੀ ਠੰਡੇ ਬੁਰਜ਼ 'ਤੇ ਪ੍ਰਾਣ ਤਿਆਗ ਗਏ।

ਬੱਚਿਆਂ ਦੀ ਸ਼ਹੀਦੀ ਤੋਂ ਬਾਅਦ ਵੀ ਨਵਾਬ ਵਜ਼ੀਰ ਖਾਨ ਦਾ ਨਰਦਈ ਦਿਲ ਸ਼ਾਂਤ ਨਾ ਹੋਇਆ। ਉਸੇ ਤਰ੍ਹਾਂ ਹੀ ਅੱਗ ਬਬੂਲਾ ਹੋਇਆ ਰਿਹਾ। ਉਸਨੇ ਬੱਚੇ ਸ਼ਹੀਦ ਕਰਕੇ ਉਨ੍ਹਾਂ ਦੇ ਸਰੀਰ ਠੰਡੇ ਬੁਰਜ਼ ਦੇ ਨਜ਼ਦੀਕ ਹੰਸਰਾ ਨਦੀ ਵਿਚ ਸੁੱਟ ਦਿੱਤੇ। ਉਸ ਜਗ੍ਹਾ 'ਤੇ ਹੁਣ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਬਣਿਆ ਹੋਇਆ ਹੈ। ਪਾਪੀ ਵਜ਼ੀਰ ਖਾਨ ਪਵਿੱਤਰ ਦੇਹਾਂ ਦਾ ਅਪਮਾਨ ਕਰਨਾ ਚਾਹੁੰਦਾ ਸੀ। ਹਕੂਮਤ ਦਾ ਸਖ਼ਤ ਰਵੱਈਆ ਵੇਖ ਕੋਈ ਵੀ ਬੱਚਿਆਂ ਦੇ ਸਰੀਰਾਂ ਦਾ ਸਸਕਾਰ ਕਰਨ ਲਈ ਸਰਕਾਰ ਨੂੰ ਨਹੀਂ ਆਖ ਰਿਹਾ ਸੀ। ਗੁਰੂ ਘਰ ਦੇ ਨਰਮ ਦਿਲ ਪ੍ਰੇਮੀ ਦੀਵਾਨ ਟੋਡਰ ਮੱਲ ਜਿਸ ਨੂੰ ਬੱਚਿਆਂ ਦੀ ਸ਼ਹੀਦੀ ਨੇ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ, ਉਸ ਨੇ ਨਵਾਬ ਵਜ਼ੀਰ ਖਾਨ ਤੱਕ ਦੋਵੇਂ ਬੱਚਿਆਂ ਅਤੇ ਮਾਤਾ ਗੁਜਰ ਕੌਰ ਜੀ ਦਾ ਵਿਧੀਪੂਰਵਕ ਸਸਕਾਰ ਕਰਨ ਲਈ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਆਪਣੇ ਹਵਾਲੇ ਕਰਨ ਲਈ ਪਹੁੰਚ ਕੀਤੀ।

ਵਜ਼ੀਰ ਖਾਨ ਨੇ ਟੋਡਰ ਮੱਲ ਨੂੰ ਕੋਈ ਹਾਮੀ ਨਾ ਭਰੀ। ਦੀਵਾਨ ਸੁੱਚਾ ਨੰਦ ਨੇ ਨਵਾਬ ਵਜ਼ੀਰ ਖਾਨ ਨੂੰ ਕਿਹਾ, ਟੋਡਰ ਮੱਲ ਇਕ ਅਮੀਰ ਵਿਅਕਤੀ ਹੈ, ਇਸ ਕੋਲ ਮਾਇਆ ਦੀ ਕੋਈ ਕਮੀ ਨਹੀਂ। ਬੱਚਿਆਂ ਦੇ ਸਸਕਾਰ ਲਈ ਇਸ ਨੂੰ ਦੇਹਾਂ ਸੌਂਪਣ ਬਦਲੇ ਮੋਟੀ ਧੰਨ ਦੌਲਤ ਲਈ ਜਾਵੇ।

ਵਜ਼ੀਰ ਖਾਨ ਨੇ ਦੀਵਾਨ ਟੋਡਰ ਮੱਲ ਨੂੰ ਕਿਹਾ, ਸਸਕਾਰ ਕਰਨ ਵਾਸਤੇ ਤੈਨੂੰ ਜਗ੍ਹਾ ਮੁੱਲ ਖਰੀਦਣੀ ਪਵੇਗੀ, ਜਿਤਨੀ ਜਗ੍ਹਾ ਦੀ ਲੋੜ ਹੋਵੇ, ਉਤਨੇ ਥਾਂ 'ਤੇ ਮੋਹਰਾਂ ਖੜ੍ਹੀਆਂ ਕਰਨੀਆਂ ਪੈਣਗੀਆਂ, ਫਿਰ ਉਸ ਜਗ੍ਹਾ 'ਤੇ ਮ੍ਰਿਤਕ ਦੇਹਾਂ ਦਾ ਸਸਕਾਰ ਕਰ ਸਕਦਾ ਏ!

ਉਸ ਵੇਲੇ ਸੋਨੇ ਦੀ ਅਸ਼ਰਫੀ ਦਾ ਸਾਇਜ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ (10 ਗ੍ਰਾਮ) ਹੁੰਦਾ ਸੀ। ਅਸ਼ਰਫੀਆਂ ਖੜ੍ਹੇ ਰੁੱਖ ਰੱਖਣ ਲਈ 78000 ਦੇ ਕਰੀਬ ਅਸ਼ਰਫੀਆਂ (780 ਕਿਲੋ ਸੋਨਾ) ਵਿਛਾਉਣੀਆਂ ਪਈਆਂ ਹੋਣਗੀਆਂ। ਇਸ ਕਾਰਨ ਟੋਡਰ ਮੱਲ ਦੀ ਸਾਰੀ ਪੂੰਜੀ ਜ਼ਮੀਨ ਖਰੀਦਣ ਵਿਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ ਪਰ ਗੁਰੂ ਘਰ ਦੇ ਪ੍ਰੇਮੀ ਨੇ ਸਿਦਕ ਨਹੀਂ ਹਾਰਿਆ ਤੇ ਆਪਣਾ ਵਿਸ਼ਵਾਸ ਨਹੀਂ ਡੋਲਣ ਦਿੱਤਾ।

ਜਦ ਦੀਵਾਨ ਟੋਡਰ ਮੱਲ ਬੱਚਿਆਂ ਦੇ ਮ੍ਰਿਤਕ ਸਰੀਰ ਸਸਕਾਰ ਲਈ ਲਿਜਾਣ ਲੱਗਾ, ਤਾਂ ਮੋਤੀ ਰਾਮ ਮਹਿਰਾ ਦੀ ਸਪੁਤਨੀ ਤੋਂ ਬਿਨਾਂ ਸਰਕਾਰ ਦੇ ਡਰ ਕਾਰਨ ਕੋਈ ਵੀ ਮਦਦ ਲਈ ਅੱਗੇ ਨਾ ਆਇਆ। ਛੋਟੇ ਬੱਚੇ ਬਾਬਾ ਫ਼ਤਿਹ ਸਿੰਘ ਜੀ ਦੀ ਮ੍ਰਿਤਕ ਦੇਹ ਮੋਤੀ ਰਾਮ ਮਹਿਰਾ (ਜਿਸ ਨੇ ਬੱਚਿਆਂ ਨੂੰ ਦੁੱਧ ਪਿਆਉਣ ਦੀ ਸੇਵਾ ਕੀਤੀ ਸੀ) ਉਸ ਦੀ ਸੁਪਤਨੀ ਨੇ ਚੁੱਕ ਲਈ, ਇਨ੍ਹਾਂ ਤੋਂ ਵੱਡੇ ਬੱਚੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਮ੍ਰਿਤਕ ਦੇਹ ਦੀਵਾਨ ਟੋਡਰ ਮੱਲ ਦੀ ਸੁਪਤਨੀ ਨੇ ਚੁੱਕ ਲਈ, ਮਾਤਾ ਗੁਜਰ ਕੌਰ ਦੀ ਮ੍ਰਿਤਕ ਦੇਹ ਦੀਵਾਨ ਟੋਡਰ ਮੱਲ ਨੇ ਆਪ ਚੁੱਕ ਲਈ। ਇਨ੍ਹਾਂ ਦਾ ਸਸਕਾਰ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਾਲੇ ਅਸਥਾਨ 'ਤੇ ਕੀਤਾ ਗਿਆ। ਉਸ ਥਾਂ 'ਤੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਹਰ ਸਾਲ 28 ਦਸੰਬਰ (ਬੱਚਿਆਂ ਦੇ ਸਸਕਾਰ ਵਾਲੇ ਦਿਨ) ਨੂੰ ਸੰਗਤਾਂ ਸ੍ਰੀ ਫ਼ਤਿਹਗ੍ਹੜ ਸਾਹਿਬ ਤੋਂ ਜੋਤੀ ਸਰੂਪ ਵਾਲੇ ਅਸਥਾਨ 'ਤੇ ਬਹੁਤ ਭਾਰੀ ਮਾਤਰਾ ਵਿਚ ਨਗਰ ਕੀਰਤਨ ਲੈ ਕੇ ਜਾਂਦੀਆਂ ਹਨ ਤੇ ਗੁਰੂ ਕਲਗੀਧਰ ਪਾਤਿਸ਼ਾਹ ਅੱਗੇ ਅਰਜ਼ੋਈ ਕਰਦੀਆਂ ਹਨ ਕਿ ਹੇ ਪਾਤਸ਼ਾਹ! ਉਸ ਦਿਨ ਅਸੀਂ ਗੁਰੂ ਘਰ ਦਾ ਦੁੱਖ ਵੰਡਾਉਣ ਬੱਚਿਆਂ ਦੇ ਮਗਰ ਸਸਕਾਰ ਕਰਵਾਉਣ ਨਹੀਂ ਜਾ ਸਕੇ, ਅੱਜ ਸਾਡਾ ਜਾਣਾ ਕਬੂਲ ਕਰਨਾ।

ਸਿੱਖ ਇਤਿਹਾਸ ਵਿਚ ਆਪਣਾ ਨਾਮ ਲਿਖਵਾਉਣ ਵਾਲੇ ਟੋਡਰ ਮੱਲ ਨੂੰ ਯਾਦ ਕਰਦਿਆਂ ਬੱਚਿਆਂ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਵਿਖੇ ਦੀਵਾਨ ਹਾਲ ਦਾ ਨਾਮ ਦੀਵਾਨ ਟੋਡਰ ਮੱਲ ਹਾਲ ਹੈ। ਜੀ.ਟੀ. ਰੋਡ ਤੋਂ ਫ਼ਤਿਹਗ੍ਹੜ ਸਾਹਿਬ ਆਉਣ ਵਾਲੀ ਸੜਕ ਉੱਪਰ ਇੱਕ ਬਹੁਤ ਵਧੀਆ ਵੱਡੇ ਆਕਾਰ ਦਾ ਦੀਵਾਨ ਟੋਡਰ ਮੱਲ ਸੁਆਗਤੀ ਗੇਟ ਬਣਿਆ ਹੋਇਆ ਹੈ। ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਤੋਂ ਗੁਰਦੁਆਰਾ ਜੋਤੀ ਸਰੂਪ ਜਾਣ ਵਾਲੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਬਾਬਾ ਬੰਦਾ ਸਿੰਘ ਬਹਾਦਰ ਤੇ ਇਸ ਤੋਂ ਬਾਅਦ ਵੀ ਜੋ ਮਿਸਲਾਂ ਨੇ ਸਰਹਿੰਦ 'ਤੇ ਹਮਲੇ ਕੀਤੇ, ਉਨ੍ਹਾਂ ਵਲੋਂ ਦੀਵਾਨ ਟੋਡਰ ਮੱਲ ਦੇ ਨਾਮ ਨੂੰ ਪੂਰੀ ਇੱਜ਼ਤ ਬਖਸ਼ੀ ਗਈ ਅਤੇ ਨਾ ਹੀ ਟੋਡਰ ਮੱਲ ਦੀ ਜਹਾਜ਼ ਹਵੇਲੀ ਨੂੰ ਕੋਈ ਨੁਕਸਾਨ ਪਹੁੰਚਾਇਆ ਗਿਆ।

# ਕਲਮਕਾਰਾਂ ਦੀ ਨਜ਼ਰ ਵਿਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਅੱਲਾ ਯਾਰ ਖਾਂ ਜੋਗੀ ਦਾ ਕਾਵਿ ਸਾਹਿਤ





-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਅੱਲ੍ਹਾ ਯਾਰ ਖਾਂ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਦੋ ਲੰਮੀਆਂ ਨਜ਼ਮਾਂ 'ਸ਼ਹੀਦਾਨਿ ਵਫ਼ਾ' ਅਤੇ 'ਗੰਜਿ ਸ਼ਹੀਦਾਂ' ਲਿਖੀਆਂ ਹਨ, ਜਿਨ੍ਹਾਂ ਵਿਚ ਫਾਰਸੀ, ਅਰਬੀ ਅਤੇ ਹਿੰਦੀ ਦੇ ਰਲਵੇਂ-ਮਿਲਵੇਂ ਸ਼ਬਦ ਵਰਤੇ ਗਏ ਹਨ ਅਤੇ ਲਿੱਪੀ ਸ਼ਾਹਮੁਖੀ ਹੈ। ਅਨੁਵਾਦਕ ਨੇ ਨਾਮਵਰ ਸ਼ਾਇਰ ਮਿਰਜ਼ਾ ਗ਼ਾਲਿਬ, ਅਲਤਾਫ ਹੁਸੈਨ ਹਾਲੀ, ਅਕਬਰ ਅਲ੍ਹਾਬਾਦੀ, ਲੱਭ ਰਾਮ ਜੋਸ਼ ਮਲਸਿਆਨੀ, ਸਾਹਿਰ ਲੁਧਿਆਣਵੀ, ਚਕਬਸਤ ਅਤੇ ਹੋਰ ਉਰਦੂ ਸ਼ਾਇਰਾਂ ਦੀਆਂ ਕ੍ਰਿਤਾਂ ਨੂੰ ਪੜ੍ਹਿਆ ਹੈ, ਅੱਲ੍ਹਾ ਯਾਰ ਖਾਂ ਜੋਗੀ ਦੀਆਂ ਨਜ਼ਮਾਂ ਜੋ ਮਰਸੀਆ ਦੇ ਰੂਪ ਵਿਚ ਹਨ, ਨੂੰ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰ ਅਤੇ ਅਨੁਵਾਦ ਸ. ਕਿਰਪਾਲ ਸਿੰਘ ਦਰਦੀ ਨੇ ਕੀਤਾ ਹੈ।

ਸ. ਦਰਦੀ ਨੇ ਉਸ ਵੇਲੇ ਦੇ ਹਾਲਾਤ ਦਾ ਸੰਖੇਪ ਵੇਰਵਾ ਵੀ ਦਿੱਤਾ ਹੈ, ਤਾਂ ਕਿ ਪਾਠਕ ਜਨ ਇਹ ਜਾਣ ਸਕਣ ਕਿ ਉਹ ਕਿਹੜੇ ਕਾਰਨ ਸਨ, ਜਿਨ੍ਹਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਨੰਦਪੁਰ ਛੱਡਣਾ ਪਿਆ ਅਤੇ ਸਾਹਿਬਜ਼ਾਦੇ ਸ਼ਹੀਦ ਹੋਏ। ਸਰਹਿੰਦ ਦਾ ਸੰਖੇਪ ਇਤਿਹਾਸ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਇਸਨੂੰ ਫਤਿਹ ਕਰਨ ਦਾ ਵਰਣਨ ਵੀ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਸੁਪਤਨੀਆਂ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦਿੱਲੀ ਕਿਉਂ ਗਈਆਂ, ਜਦਕਿ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਵੱਲ ਮਾਲਵੇ 'ਚ ਚਲੇ ਗਏ ਸਨ ਅਤੇ ਮੁਗ਼ਲ ਫੌਜਾਂ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਸਨ। ਉਨ੍ਹਾਂ ਦਾ ਦਿੱਲੀ ਮੌਤ ਦੇ ਮੂੰਹ ਵਿਚ ਜਾਣ ਦੇ ਕਾਰਨਾਂ ਬਾਰੇ ਵੀ ਲਿਖਿਆ ਗਿਆ ਹੈ।

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈ ਸਰੋਂ ਪਰ ਉਠਾ ਚਲੇ
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ
ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।

-ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ
ਕਟਾਏ ਬਾਪ ਨੇ ਬੱਚੇ ਜਹਾ ਖ਼ੁਦਾ ਕੇ ਲੀਏ।
ਗੁਰੂ ਗੋਬਿੰਦ ਕੇ ਲਖ਼ਤਿ-ਜਿਗਰ ਅਜੀਤੋ ਜੁਝਾਰ
ਫ਼ਲਕ ਪਿ ਇਕ ਯਹਾਂ ਦੋ ਚਾਂਦ ਹੈਂ ਜ਼ਿਬਾ ਕੇ ਲੀਏ।
ਸਤਿਗੁਰ ਕੇ ਲਾਲ ਬੋਲੇ 'ਨ ਛੂਨਾ ਹਮਾਰੇ ਹਾਥ
ਗੜਨੇ ਹਮ ਆਜ ਜ਼ਿੰਦਾ ਚਲੇਂਗੇ ਖ਼ੁਸ਼ੀ ਕੇ ਸਾਥ।
ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵਹੁ ਨੌਨਿਹਾਲ
ਕਹਤੇ ਹੁਏ ਜ਼ੁਬਾਂ ਸੇ ਬੜ੍ਹੇ 'ਸਤਿ ਸ੍ਰੀ ਅਕਾਲ'।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ 27 ਦਸੰਬਰ 1704 ਈ: ਨੂੰ ਹੋਈ। ਇਸ ਤੋਂ ਪਿੱਛੋਂ ਸਿੱਖ ਪੰਥ ਦੇ ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਨੇ ਸੂਬੇਦਾਰ ਸਰਹਿੰਦ ਨੂੰ ਮਾਰਕੇ ਸਰਹਿੰਦ ਨੂੰ ਫ਼ਤਿਹ ਕੀਤਾ ਅਤੇ ਸਿੱਖ ਸੈਨਾਵਾਂ 24 ਮਈ 1710 ਈ: ਨੂੰ ਸਰਹਿੰਦ ਵਿਚ ਦਾਖ਼ਲ ਹੋਈਆਂ ਅਤੇ ਸਰਹਿੰਦ ਨੂੰ ਤਬਾਹ ਕਰਕੇ ਪੰਜਾਬ ਵਿਚ ਪਹਿਲਾ ਸਿੱਖ ਰਾਜ ਸਥਾਪਤ ਕੀਤਾ। ਇਹ ਸਿੱਖ ਰਾਜ ਭਾਵੇਂ ਬਹੁਤ ਘੱਟ ਸਮਾਂ ਸਥਾਪਤ ਰਿਹਾ ਅਤੇ ਬੰਦਾ ਬਹਾਦੁਰ ਨੂੰ 10 ਜੂਨ 1716 ਨੂੰ ਸ਼ਹੀਦ ਕਰ ਦਿੱਤਾ ਗਿਆ, ਪਰ ਇਹ ਰਾਜ ਸਿੱਖ ਮਨਾਂ 'ਤੇ ਅਮਿਟ ਛਾਪ ਛੱਡ ਗਿਆ। ਇਸ ਤੋਂ ਪਿਛੋਂ 1753 ਤੱਕ ਦਾ ਸਮਾਂ ਸਿੱਖਾਂ ਲਈ ਬੜਾ ਹੀ ਨਾਜ਼ੁਕ ਸਮਾਂ ਸੀ। ਲਾਹੌਰ ਦੇ ਗਵਰਨਰਾਂ ਨੇ ਸਿੱਖਾਂ 'ਤੇ ਅਸਹਿ ਤੇ ਅਕਹਿ ਜ਼ੁਲਮ ਕੀਤੇ। ਕਦੀ ਈਰਾਨੀ ਹੁਕਮਰਾਨ ਨਾਦਰ ਸ਼ਾਹ ਅਤੇ ਕਦੇ ਅਫ਼ਗਾਨੀ ਹੁਕਮਰਾਨ ਅਹਿਮਦ ਸ਼ਾਹ ਅਬਦਾਲੀ ਦੇ ਨਾਲ-ਨਾਲ ਮੁਗਲਾਂ ਦੇ ਜ਼ੁਲਮ ਵੀ ਸਹਿਣੇ ਪਏ। ਅਹਿਮਦ ਸ਼ਾਹ ਅਬਦਾਲੀ ਨੇ ਮੁਗਲਾਂ ਕੋਲੋਂ 1761 'ਚ ਸਰਹਿੰਦ ਫਤਿਹ ਕਰਕੇ ਆਪਣਾ ਗਵਰਨਰ ਜੈਨ ਖਾਂ ਨੂੰ ਮੁਕੱਰਰ ਕੀਤਾ। ਸੰਨ 1761 ਵਿਚ ਖਾਲਸਾ ਪੰਥ ਨੇ ਜੈਨ ਖਾਂ ਨੂੰ ਮਾਰਕੇ ਸਰਹਿੰਦ ਨੂੰ ਦੁਬਾਰਾ ਫ਼ਤਿਹ ਕੀਤਾ ਅਤੇ ਪੰਜਾਬ ਦੇ ਇਕ ਵੱਡੇ ਖੇਤਰ ਨੂੰ ਅਫ਼ਗਾਨਿਸਤਾਨ ਦੀ ਪ੍ਰਭੁਤਾ ਤੋਂ ਸੁਤੰਤਰ ਕਰਾਕੇ, ਸਰਹਿੰਦ ਨੂੰ ਖ਼ੂਬ ਤਬਾਹ ਤੇ ਬਰਬਾਦ ਕੀਤਾ ਅਤੇ ਸਿੱਖ ਰਾਜ ਦੁਬਾਰਾ ਸਥਾਪਤ ਕਰ ਲਿਆ। ਘਟਨਾਵਾਂ ਨੂੰ ਮੁਖ਼ਤਸਰ ਤੌਰ ਤੇ ਲਿਖਿਆ ਹੈ।

ਅੱਲ੍ਹਾ ਯਾਰ ਖਾਂ ਜੋਗੀ 'ਗੰਜਿ ਸ਼ਹੀਦਾਂ' ਵਿਚ ਲਿਖਦੇ ਹਨ, ਕਿਵੇਂ ਗੁਰੂ ਤੇਗ਼ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਅੰਬੇਰ (ਜੈਪੁਰ) ਜਿਹੜਾ ਔਰੰਗਜ਼ੇਬ ਵਲੋਂ ਥਾਪਿਆ ਆਸਾਮ ਦਾ ਗਵਰਨਰ ਸੀ, ਦੀ ਆਸਾਮ ਨੂੰ ਫਤਿਹ ਕਰਨ ਵਿਚ ਸਹਾਇਤਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਹਿੰਦੂ ਰਾਜਪੂਤ ਰਾਜਿਆਂ ਨੂੰ ਜੋ ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਸਨ, ਸੁਲਾਹ ਵੀ ਕਰਵਾਣੀ ਚਾਹੀ ਅਤੇ ਰਿਵਾਲਸਰ (ਹਿਮਾਚਲ) ਵਿਚ ਇਕ ਸੰਮੇਲਨ ਬੁਲਾਕੇ ਇਨ੍ਹਾਂ ਵਿਚ ਕੌਮੀਵਾਦ (**Nationalism**) ਦੀ ਸਪਿਰਟ ਭਰਨ ਲਈ ਆਯੋਜਤ ਕੀਤਾ, ਬਾਰੇ ਵੀ ਥੋੜਾ ਬਹੁਤ ਜ਼ਿਕਰ ਕੀਤਾ ਗਿਆ ਹੈ।

ਆਦਿਕਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਹਾਲਤ, ਗੁਰੂ ਜੀ ਦਾ ਪਾਉਂਟੇ ਜਾਣਾ, ਗੁਰੂ ਸਾਹਿਬ ਫਿਰ ਅਨੰਦਪੁਰ ਵਿਚ, ਨਦੌਣ ਦੀ ਜੰਗ, ਖਾਨਜ਼ਾਦਾ ਦੀ ਮੁਹਿੰਮ, ਹੁਸੈਨ ਖਾਂ ਦੀ ਅਨੰਦਪੁਰ 'ਤੇ ਚੜ੍ਹਾਈ (1695 ਈ.), ਸ਼ਹਿਜ਼ਾਦਾ ਮੁਅਜ਼ਮ ਦਾ ਆਉਣਾ, ਖਾਲਸੇ ਦੀ ਸਿਰਜਣਾ, ਰਿਵਾਲਸਰ ਵਿਖੇ ਪਹਾੜੀ ਰਾਜਿਆਂ ਦੇ ਮਨਾਂ ਵਿਚ ਆਜ਼ਾਦੀ ਦੀ ਚਿਣਗ ਬਾਲਣੀ ਚਾਹੀ, ਗੁਰੂ ਜੀ ਇਕ ਅਨੁਭਵੀ ਨੇਤਾ ਸਨ, ਖਾਲਸਾ ਸਿਰਜਣਾ ਤੋਂ ਚਮਕੌਰ ਤੱਕ, ਗੁਰੂ ਜੀ ਦਾ ਨਿਰਮੋਹ ਜਾਣਾ, ਗੁਰੂ ਜੀ ਬਸੌਲੀ ਵਿਖੇ, ਗੁਰੂ ਜੀ ਫਿਰ ਅਨੰਦਪੁਰ ਵਿਚ, ਦੁਸ਼ਮਨ ਸੈਨਾ ਦੀ ਅਨੰਦਪੁਰ 'ਤੇ ਆਖਰੀ ਚੜ੍ਹਾਈ, ਗੁਰੂ ਸਾਹਿਬ ਚਮਕੌਰ ਵਿਖੇ, ਸਰਹਿੰਦ ਦਾ ਪੁਰਾਣਾ ਇਤਿਹਾਸ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸਰਹਿੰਦ, ਬੰਦਾ ਬਹਾਦਰ ਨਾਲ ਗੁਰੂ ਜੀ ਦੀ ਮਿਲਣੀ, ਬੰਦਾ ਬਹਾਦਰ ਦੀ ਸਰਹਿੰਦ 'ਤੇ ਚੜ੍ਹਾਈ, ਸਰਹਿੰਦ ਨੂੰ ਫਿਰ ਫਤਹਿ ਕਰਨਾ, ਮਾਤਾ ਸੁੰਦਰੀ ਤੇ ਸਾਹਿਬ ਕੌਰ ਦਿੱਲੀ ਕਿਉਂ ਗਈਆਂ ?, ਅੱਲ੍ਹਾ ਯਾਰ ਖਾਂ ਜੋਗੀ, ਗੰਜਿ ਸ਼ਹੀਦਾਂ (ਮੂਲ ਪਾਠ ਤੇ ਅਰਥ), ਸ਼ਹੀਦਾਨਿ-ਵਫ਼ਾ (ਮੂਲ ਪਾਠ ਤੇ ਅਰਥ), ਹਾਲਾਤਿ ਚਮਕੌਰ ਅਤੇ ਪੁਸਤਕ ਸੂਚੀ (**Bibliography**) ਅੰਕਿਤ ਹੈ।

ਸ਼ਹੀਦਾਨਿ ਵਫ਼ਾ ਦੇ 110 ਬੰਦ ਅਤੇ ਗੰਜਿ ਸ਼ਹੀਦਾਂ ਕਵਿਤਾ ਦੇ 117 ਬੰਦ ਹਨ, ਕੁੱਲ 227 ਬੰਦਾਂ ਵਾਲੀ ਇਹ ਅੱਲਾ ਯਾਰ ਖਾਂ ਜੋਗੀ ਦੀਆਂ ਦੋ ਰਚਨਾਵਾਂ ਇਕ ਅਨੂਠਾ, ਮਰਸੀਆ ਹਨ, ਜੋ ਸਦਾ ਸਿੱਖ ਇਤਿਹਾਸ ਵਿਚ ਕਾਇਮ ਰਹੇਗਾ। ਉਮੀਦ ਹੈ ਅੱਲ੍ਹਾ ਯਾਰ ਖਾਂ ਜੋਗੀ ਦੀ ਕ੍ਰਿਤ 'ਸ਼ਹੀਦਾਨਿ ਵਫ਼ਾ' ਅਤੇ 'ਗੰਜਿ ਸ਼ਹੀਦਾਂ' ਦਾ ਅਨੂਵਾਦ ਸ. ਕਿਰਪਾਲ ਸਿੰਘ ਦਰਦੀ ਵੱਲੋਂ ਕੀਤਾ ਗਿਆ ਹੈ।

ਏਵੇਂ ਹੀ ਮਲਕੀਤ ਸਿੰਘ ਸੰਧੂ ਅਲਕੜਾ ਨੇ ਸ਼ਹੀਦਾਂ-ਏ-ਵਫ਼ਾ ਦਾ ਅਨੁਵਾਦ ਕੀਤਾ ਹੈ। ਸ਼ਹੀਦਾਂ-ਏ-ਵਫ਼ਾ ਵਿਚ ਹਕੀਮ ਅੱਲਾ ਖਾਂ ਜੋਗੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਮਾਤਾ ਗੁਜਰੀ ਜੀ ਵਲੋਂ ਸਰਹੰਦ ਵਿਖੇ ਦਿੱਤੀ ਗਈ ਸ਼ਹਾਦਤ ਦੀ ਦਾਸਤਾਂ ਕਾਵਿਕ ਰੂਪ ਵਿਚ ਅੰਕਿਤ ਕੀਤੀ ਹੈ। ਬੀਤੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ, ਸਾਫ਼ ਪਤਾ ਲੱਗਦਾ ਹੈ ਕਿ ਸਾਕਾ ਗੜ੍ਹੀ ਚਮਕੌਰ ਅਤੇ ਸਾਕਾ ਸਰਹੰਦ 1705 ਈਸਵੀਂ ਸੰਨ ਨੂੰ ਜ਼ਾਲਮ ਤੇ ਜਰਵਾਣਿਆਂ ਵਰਤਾਇਆ। ਇਹ ਸਾਕਾ ਜ਼ਾਬਰਾਂ ਵੱਲੋਂ ਨਾਬਰ ਹੋਏ ਲੋਕਾਂ ਨੂੰ ਦਬਾਉਣ ਵਾਸਤੇ, ਡਰਾਉਣ ਵਾਸਤੇ ਅਤੇ ਆਪਣੀ ਰਾਜਸ਼ਾਹੀ ਹੀ ਉਮਰ ਵਧਾਉਣ ਦੇ ਵਾਸਤੇ ਵਰਤਾਏ ਗਏ ਸਨ। ਨਾਬਰ ਤੋਂ ਹਮੇਸ਼ਾ ਜਾਬਰ ਡਰਦਾ ਹੁੰਦਾ ਹੈ। ਇਸੇ ਕਾਰਨ ਜਾਬਰ ਨਾਬਰ ਨੂੰ ਜ਼ੁਲਮਾਂ ਰਾਹੀਂ ਦਬਾਉਣ ਦੀ ਕਿਰਿਆ ਕਰਦਾ ਹੈ। ਪਰ ਸਰਹੰਦ ਦਾ ਸਾਕਾ ਅਜਿਹਾ ਸਾਕਾ ਕਿ ਬੱਚਿਆਂ ਦੀ ਤਾਂ ਉਮਰ ਹੀ ਖੇਡਣ ਵਾਲੀ ਸੀ ਪਰ ਜ਼ਾਲਮ ਆਖਦੇ ਸਨ, ਕੁੰਢਲੀਏ ਸੱਪਾਂ ਦੇ ਬੱਚਿਆਂ ਦੀ ਸਿਰੀਆਂ ਜੰਮਦਿਆਂ ਦੀਆਂ ਹੀ ਸਿੱਧ ਦੇਣੀਆਂ ਚਾਹੀਦੀਆਂ ਹਨ। ਉਹ ਭੁੱਲ ਜਾਂਦੇ ਜਾਬਰ ਤੋਂ ਨਾਬਰ ਹੋਏ ਮਨੁੱਖ ਨੂੰ ਨਾਇਕ ਮੰਨਦੇ ਹਨ, ਲੋਕ ਨਾਇਕ ਜਦੋਂ ਮਾਰੇ ਜਾਂਦੇ ਹਨ, ਤਾਂ ਲੋਕ ਮਨਾਂ ਉਪਰ ਉਹ ਸ਼ਹੀਦ ਦਾ ਰੁਤਬਾ ਪਾ ਜਾਂਦੇ ਹਨ। ਆਉਣ ਵਾਲੇ ਲੋਕਾਂ ਵਿਚ ਸ. ਉਨ੍ਹਾਂ ਦੀ ਸ਼ਹਾਦਤ ਡਰਨ ਦੀ ਥਾਵੇਂ ਰਾਹ ਦਸੇਰਾ ਬਣ ਜਾਂਦੀ ਹੈ। ਤਿੰਨ ਸੌ ਸਾਲ ਤੋਂ ਵੱਧ ਅਰਸਾ ਹੋ ਗਿਆ ਪਰ ਗੁਰੂ ਗੋਬਿੰਦ ਸਿੰਘ ਦੇ ਛੋਟੇ ਛੋਟੇ ਲਾਲਾਂ ਦੀ ਸ਼ਹਾਦਤ ਦੀ ਚੀਸ ਅਜੇ ਲੋਕ ਮਨਾਂ ਵਿਚੋਂ ਨਹੀਂ ਗਈ। ਬਜੀਦੇ ਅਤੇ ਸੁੱਚਾ ਨੰਦ ਨੂੰ ਲੋਕ ਅੱਜ ਵੀ ਫਿਟਕਾਰ ਪਾਉਂਦੇ ਵੇਖੇ ਜਾ ਸਕਦੇ ਹਨ। ਅੱਲਾ ਯਾਰ ਖਾਂ ਜੋਗੀ ਉਸਦੇ ਅੰਦਰੋਂ ਚੀਸ ਨਿਕਲੀ, ਤਾਂ ਉਸਦੀ ਕਲਮ ਰੋ ਉਠੀ। ਉਸਨੇ ਉਹ ਵੈਣ ਪਾਏ ਕਿ ਸਰਹੰਦ ਦੀਆਂ ਗਲੀਆਂ ਜਿਵੇਂ 1705 ਨੂੰ ਰੋਈਆਂ ਸਨ, ਉਸ ਤਰ੍ਹਾਂ ਜੋਗੀ ਜੀ ਨੇ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦੇ ਨੈਣਾਂ ਵਿਚੋਂ ਹੰਝੂ ਡਿੱਗਣ ਲਾ ਦਿੱਤੇ। ਜੋਗੀ ਜੀ ਦੇ ਦੋਵੇਂ ਮਰਸੀਏ ਮਨੁੱਖ ਮਨ ਅੰਦਰ ਦਰਦ ਗ਼ਮ, ਦੁੱਖ ਹੀ ਨਹੀਂ ਭਰਦੇ, ਸਗੋਂ ਉਹ ਤਾਂ ਇਸਦੀ ਵੇਦਨਾ ਅੰਦਰੋਂ ਨਫ਼ਰਤ ਰੋਸ ਤੇ ਜ਼ੋਸ ਵੀ ਉਪਜਾ ਦਿੰਦਾ ਹੈ, ਉਹ ਕਾਵਿਕ ਸ਼ੇਅਰਾਂ ਰਾਹੀਂ ਸਾਖ਼ਸ਼ਾਤ ਸਰੀਕ ਅੱਖਾਂ ਅੱਗੇ ਤਸਵੀਰ ਹੀ ਨਹੀਂ ਖਿਚਦੇ, ਸਗੋਂ ਰੁਬਰੂ ਦਰਸ਼ਨ ਵੀ ਕਰਵਾ ਦਿੰਦੇ ਹਨ।

ਪਹਿਲਾਂ ਸ਼ਹੀਦਾਨਿ-ਵਫ਼ਾ 110 ਸ਼ੇਅਰਾਂ ਦੀ ਰਚਨਾ ਸੰਨ 1913 ਵਿਚ ਕਰਦੇ ਹਨ ਅਤੇ ਸੰਨ 1915 ਨੂੰ ਉਹ ਗੰਜਿ-ਸ਼ਹੀਦਾਂ ਵੀ ਤਿਆਰ ਕਰ ਲੈਂਦੇ ਹਨ ਤੇ ਇਸ ਅੰਦਰ 117 ਸ਼ੇਅਰ ਦਾ ਜ਼ਿਕਰ ਕੀਤਾ ਹੈ। ਦੋਹਾਂ ਮਰਸੀਆਂ ਦੀ ਭਾਸ਼ਾ ਮੂਲ ਉਰਦੂ ਹੈ ਪਰ ਉਰਦੂ ਅੰਦਰ ਉਨ੍ਹਾਂ ਨੇ ਫ਼ਾਰਸੀ ਦੀ ਵਰਤੋਂ ਭਰਪੂਰ ਰੂਪ ਵਿਚ ਕੀਤੀ ਹੈ। ਕਿਉਂਕਿ ਆਪ ਫਾਰਸੀ ਦੇ ਆਲਮ-ਫਾਜ਼ਲ ਸਨ। ਉਰਦੂ ਉਸ ਦੀ ਮਾਤ-ਭਾਸ਼ਾ ਸੀ। ਉਨ੍ਹਾਂ ਨੂੰ ਲਾਹੌਰ ਸ਼ਹਿਰ ਵਿਚ ਰਹਿਣ ਕਰਕੇ ਪੰਜਾਬੀ ਸੱਭਿਆਚਾਰ, ਲੋਕਧਾਰਾ, ਇਤਿਹਾਸ, ਮਿਥਿਹਾਥ ਦੀ ਵੀ ਪੂਰੀ ਮੁਹਾਰਤ ਸੀ, ਜਿਹੜਾ ਉਨ੍ਹਾਂ ਦੀ ਰਚਨਾ ਅੰਦਰੋਂ ਡੁੱਲ-ਡੁੱਲ ਪੈਂਦਾ ਹੈ। ਪੁਸਤਕ ਸੰਪਾਦਕ ਲਿਖਦਾ ਹੈ, ਕੁੱਝ ਰਚਨਾਵਾਂ ਸ਼ਾਹਕਾਰ ਹੁੰਦੀਆਂ ਹੋਈਆਂ ਵੀ ਅਲੋਪ ਹੀ ਰਹਿੰਦੀਆਂ ਹਨ ਜਾਂ ਉਨ੍ਹਾਂ ਦੇ ਘੇਰਾ ਸੀਮਤ ਹੋ ਜਾਂਦਾ ਹੈ। ਇਹੀ ਭਾਣਾ ਵਰਤਿਆ ਸੀ ਜੋਗੀ ਨਾਲ। ਕਿਉਂਕਿ ਇਹ ਦੋਵੇਂ ਰਚਨਾਵਾਂ ਉਰਦੂ ਵਿਚ ਸਨ ਤਾਂ ਹੀ ਇਹ ਪੰਜਾਬੀ ਅੱਖਾਂ ਤੋਂ ਪਰ੍ਹੇ ਰਹੀਆਂ। ਸ਼ਾਇਦ ਇਹ ਵੀ ਹੋ ਜਾਂਦਾ ਕਿ ਇਨ੍ਹਾਂ ਸ਼ਾਹਕਾਰ ਰਚਨਾਵਾਂ ਨੂੰ ਸਿਉਂਕ ਹੀ ਖਾ ਜਾਂਦੀ ਜੇਕਰ ਵੀਹਵੀਂ ਸਦੀ ਦੇ ਮੁੱਢ ਵਿਚ ਚਮਕੌਰ ਸਾਹਿਬ ਦੇ ਵਾਸੀ ਬਾਬਾ ਵੀਰ ਜੀ ਇਸਦਾ ਨੋਟਿਸ ਨਾ ਲੈਂਦੇ। ਬਾਬਾ ਵੀਰ ਸਿੰਘ ਜੀ ਨੇ ਇੱਕ ਕਮੇਟੀ ਬਣਾਈ। ਆਪਣੇ ਸਮੇਂ ਦਾ ਸ਼ਾਇਰ ਅੱਲਾ ਯਾਰ ਖਾਂ ਜੋਗੀ ਜੀ ਦੇ ਦੀਵਾਨ ਉਰਦੂ ਵਿਚ ਤਰਜਮਾਇਆ। ਸ਼ਹੀਦਾਨਿ-ਵਫ਼ਾ ਉਰਦੂ ਵਿਚ ਛਾਇਆ ਹੋਣ ਦਾ ਪੂਰਾ-ਪੂਰਾ ਮੌਕਾ ਮਿਲਿਆ। ਕੁੱਝ ਰਚਨਾਵਾਂ ਸ਼ਾਹਕਾਰ ਹੁੰਦੀਆਂ ਹੋਈਆਂ ਵੀ ਅਲੋਪ ਹੀ ਰਹਿੰਦੀਆਂ ਹਨ, ਉਨ੍ਹਾਂ ਦਾ ਘੇਰਾ ਸੀਮਤ ਰਹਿ ਜਾਂਦਾ ਹੈ। ਪੁਸਤਕਾਂ 'ਸ਼ਹੀਦਾਂ-ਏ-ਵਫ਼ਾ' ਅਤੇ 'ਗੰਜ-ਏ-ਸ਼ਹੀਦਾਂ' ਲਿਖਤਾਂ ਹਕੀਮ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ ਨਾਲ ਵੀ ਇਹੀ ਹੋਣਾ ਸੀ, ਜੇ ਵੀਹਵੀਂ ਸਦੀ ਦੇ ਮੁੱਢ ਵਿਚ ਚਮਕੌਰ ਸਾਹਿਬ ਦੇ ਰਹਿਣ ਵਾਲੇ ਬਾਬਾ ਵੀਰ ਸਿੰਘ ਜੀ ਇਸਦਾ ਨੋਟਿਸ ਨਾ ਲੈਂਦੇ। ਇਹ ਸ਼ਾਹਕਾਰ ਰਚਨਾਵਾਂ ਰੁਲ ਜਾਣੀਆਂ ਸਨ, ਜੇ ਉਹ ਇਨ੍ਹਾਂ ਨੂੰ ਉਰਦੂ ਅੰਦਰ ਨਾ ਲਿਖਵਾਉਂਦੇ। 'ਗੰਜ-ਏ-ਸ਼ਹੀਦਾਂ' ਉਨ੍ਹਾਂ ਦੀ ਪਹਿਲੀ ਕਿਤਾਬ ਸੀ। ਹਕੀਮ ਅੱਲਾ ਯਾਰ ਖਾਂ ਜੋਗੀ ਨੇ ਇਸ ਅੰਦਰ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕੀਤਾ ਹੈ। ਪੁਸਤਕ ਦੀ ਭਾਸ਼ਾ ਉਰਦੂ ਹੈ। ਪਰ ਉਹ ਆਪਣੇ ਦੀਵਾਨ ਨੂੰ ਅਰਬੀ ਫ਼ਾਰਸੀ ਦੀ ਪੁੱਠ ਵੀ ਦਿੰਦੇ ਹਨ। ਭਾਵੇਂ ਜੋਗੀ ਜੀ ਦੇ ਵਡਾਰੂ ਦੱਖਣ ਵੱਲੋਂ ਆ ਕੇ ਲਾਹੌਰ ਵੱਸ ਗਏ ਪਰ ਜੋਗੀ ਜੀ ਦਾ ਸੰਬੰਧ ਲਾਹੌਰ ਨਾਲ ਹੀ ਹੈ। ਦੱਸਦੇ ਹਨ ਕਿ ਆਪ ਰਈਸਾਨਾ ਪੌਸ਼ਾਕ ਸ਼ੇਰਵਾਨੀ ਪਹਿਨਦੇ ਸਨ, ਆਪ ਮਸ਼ਹੂਰ ਹਕੀਮ ਸਨ ਤੇ ਨਾਲ-ਨਾਲ ਕਲਮ ਵੀ ਚਲਾਉਂਦੇ ਸਨ। ਆਪ ਜੀ ਦੀ ਤਬੀਅਤ ਸੂਫ਼ੀਆਨਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਦਸਵੇਂ ਪਾਤਸ਼ਾਹ ਨਾਲ ਆਪਦਾ ਸਿਦਕ ਇਸ਼ਕ-ਹਕੀਕੀ ਦੇ ਮਕਾਮ ਵਾਲਾ ਸੀ। ਮਾਸਟਰ ਮਲਕੀਤ ਸਿੰਘ ਸੰਧੂ ਅਲਕੜਾ ਨੇ ਜੋਗੀ ਜੀ ਦੇ ਸ਼ੇਅਰਾਂ ਨੂੰ ਪੰਜਾਬੀ ਵਿਚ ਤਰਜ਼ਮਾ ਕਰਨ ਦੇ ਨਾਲ ਹੀ ਉਨ੍ਹਾਂ ਦੀ ਵਿਆਖਿਆ ਵੀ ਕੀਤੀ ਹੈ। ਉਨ੍ਹਾਂ ਉਰਦੂ, ਫ਼ਾਰਸੀ, ਅਰਬੀ ਦੇ ਔਖੇ ਅਲਫਾਜ਼ਾਂ ਦੇ ਸੌਖੇ ਅਤੇ ਆਮ ਸਮਝ ਵਿਚ ਆਉਣ ਵਾਲੇ ਪੰਜਾਬੀ ਸ਼ਬਦਾਂ ਦੇ ਅਰਥ ਵੀ ਇਸ ਪੁਸਤਕ ਵਿਚ ਲਿਖੇ ਹਨ। ਇਸ ਤਰ੍ਹਾਂ ਸੰਧੂ ਨੇ ਕਈ ਕਾਰਜ ਇਕੱਠੇ ਕਰਨ ਦਾ ਮਾਅਰਕਾ ਮਾਰਿਆ ਹੈ।

ਚਾਰ ਸਾਹਿਬਜ਼ਾਦੇ ਲੇਖਕ ਡਾ. ਕੁਲਵਿੰਦਰ ਕੌਰ ਮਿਨਹਾਸ ਦੀ ਕਿਤਾਬ ਹੈ। ਦੇਸ਼, ਕੌਮ ਤੇ ਧਰਮ ਲਈ ਕੁਰਬਾਨ ਹੋਏ ਦਸ਼ਮੇਸ਼ ਪਿਤਾ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਅਨੌਖੀ, ਲਾਸਾਨੀ ਤੇ ਦਿਲ ਚੀਰਵੀਂ ਸ਼ਹਾਦਤ ਦੀ ਗਾਥਾ ਹੈ। ਇਸ ਕਿਤਾਬ ਦਾ ਸਮਰਪਣ ਵੀ ਉਨ੍ਹਾਂ ਸਾਰੇ ਸ਼ਹੀਦ ਸਿੰਘ ਸਿੰਘਣੀਆਂ ਨੂੰ ਜਿਨ੍ਹਾਂ ਨੇ ਆਪਣੇ ਦੇਸ਼ ਕੌਮ ਤੇ ਧਰਮ ਖਾਤਿਰ ਆਪਣੀਆਂ ਅਨਮੋਲ ਜ਼ਿੰਦੜੀਆਂ ਕੁਰਬਾਨ ਕਰ ਦਿੱਤੀਆਂ। ਲੇਖਕਾ ਨੇ ਕਿਤਾਬ ਨੂੰ ਚੌਦਾਂ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਸਾਹਿਬਜ਼ਾਦਿਆਂ ਦਾ ਜਨਮ ਤੇ ਬਚਪਨ, ਦੂਜੇ ਵਿਚ, ਖ਼ਾਲਸਾ ਪੰਥ ਦੀ ਸਾਜਣਾ ਤੇ ਸਾਹਿਬਜ਼ਾਦਿਆਂ ਦਾ ਅੰਮ੍ਰਿਤ ਛਕਣਾ, ਅਧਿਆਇ ਤੀਜੇ ਵਿਚ ਪਹਾੜੀ ਰਾਜਿਆਂ ਵਲੋਂ ਵਿਰੋਧ, ਚੌਥੇ ਵਿਚ ਪਹਾੜੀ ਰਾਜਿਆਂ ਨਾਲ ਜੰਗਾਂ, ਪੰਜਵਾਂ, ਆਨੰਦਪੁਰ ਦੀ ਆਖ਼ਰੀ ਜੰਗ, ਛੇਵੇਂ ਵਿਚ ਪਰਿਵਾਰ ਵਿਛੋੜਾ, ਸੱਤਵਾਂ, ਵੱਡੇ ਸਾਹਿਬਜ਼ਾਦੇ (ਚਮਕੌਰ ਦੀ ਜੰਗ), ਅੱਠਵਾਂ, ਛੋਟੇ ਸਾਹਿਬਜ਼ਾਦੇ ਤੇ ਕੁੰਮਾ ਮਾਛੀ, ਨੌਵਾਂ, ਗੰਗੂ ਬ੍ਰਾਹਮਣ ਨਾਲ ਮੇਲ, ਦਸਵੇਂ ਵਿਚ ਕਚਹਿਰੀ ਵਿਚ ਪਹਿਲਾ ਦਿਨ, ਗਿਆਰ੍ਹਵਾਂ, ਕਚਹਿਰੀ ਵਿਚ ਦੂਜਾ ਦਿਨ, ਬਾਰ੍ਹਵਾਂ, ਨੀਂਹਾਂ ਵਿਚ ਚਿਣਨਾ, ਤੇਰ੍ਹਵਾਂ, ਕਲਗੀਧਰ ਪਿਤਾ ਦੀ ਭਵਿੱਖਬਾਣੀ, ਚੌਦਵੇਂ ਵਿਚ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਭਾਵਪੂਰਤ ਤਰੀਕੇ ਨਾਲ ਦਰਜ਼ ਕੀਤਾ ਹੈ।

ਸੰਸਾਰ ਵਿਚ ਅਲੱਗ-ਅਲੱਗ ਕਲਾ ਨਾਲ ਨਾਤਾ ਰੱਖਣ ਵਾਲੇ ਕੁਝ ਵਿਰਲੇ ਵਿਅਕਤੀ ਹੁੰਦੇ ਹਨ। ਇਹ ਵਿਅਕਤੀ ਬਹੁਤ ਨਾਜ਼ੁਕ, ਭਾਵੁਕ ਤੇ ਸੋਹਲ ਹੁੰਦੇ ਹਨ। ਸਮਾਜ ਅੰਦਰ ਵਾਪਰੀਆਂ ਹਿਰਦੇ-ਵੇਦਕ ਘਟਨਾਵਾਂ ਨਾਲ ਇਨ੍ਹਾਂ ਦੀ ਆਤਮਾ ਝੰਜੋੜੀ ਜਾਂਦੀ ਹੈ, ਅਜਿਹੀਆਂ ਘਟਨਾਵਾਂ ਇਨ੍ਹਾਂ ਦੇ ਮਨ ਉੱਤੇ ਅਮਿੱਟ ਛਾਪ ਛੱਡ ਜਾਂਦੀਆਂ ਹਨ। ਜਿਨ੍ਹਾਂ ਤੋਂ ਕਿਸੇ ਨਾ ਕਿਸੇ ਪ੍ਰਕਾਰ ਦੀ ਕਲਾ ਦਾ ਜਨਮ ਹੁੰਦਾ ਹੈ। ਲਿਖਣਾ ਵੀ ਇੱਕ ਕਲਾ ਹੈ। ਇਨਸਾਨ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣੀ ਕਲਮ ਦਾ ਇਸਤੇਮਾਲ ਬਹੁਤ ਸੋਚ ਸਮਝ ਕੇ ਕਰੇ, ਜਿਸ ਨਾਲ ਸਮਾਜ ਦੇ ਲੋਕਾਂ ਦਾ ਭਲਾ ਹੋ ਸਕੇ। ਸਮਾਜ ਅੰਦਰ ਫੈਲ ਚੁੱਕੀਆਂ ਬੁਰਾਈਆਂ ਤੇ ਉਨ੍ਹਾਂ ਦੇ ਸਮਾਧਾਨ ਬਾਰੇ, ਕਿਸੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਸਮੱਸਿਆ ਬਾਰੇ, ਗੁਰੂਆਂ, ਪੀਰਾਂ, ਪੈਗੰਬਰਾਂ ਦੀਆਂ ਜੀਵਨੀਆਂ, ਉਨ੍ਹਾਂ ਸ਼ਹੀਦਾਂ ਬਾਰੇ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

ਸਾਹਿਤ ਸੱਚ ਦੀ ਆਵਾਜ਼ ਤੇ ਉਤਸ਼ਾਹ ਦਾ ਸਰੋਤ ਹੋਣਾ ਹੁੰਦਾ ਹੈ। ਸਾਹਿਤ ਸਤਿ-ਮਈ ਵਿਚਾਰਾਂ ਤੇ ਹਿਰਦੇ-ਸਪਰਸ਼ੀ ਭਾਵਾਂ-ਭਾਵਨਾਵਾਂ ਦਾ ਅਚੁੱਕ ਪ੍ਰਵਾਹ ਹੁੰਦਾ ਹੈ। ਉਰਦੂ ਤੇ ਫ਼ਾਰਸੀ ਵਿਚ ਸਾਹਿਤ ਨੂੰ ਅਦਬ ਆਖਿਆ ਗਿਆ ਹੈ। ਸਾਹਿਤ ਦੀ ਕਿਸੇ ਵੀ ਵੰਨਗੀ ਵਿਚ ਪ੍ਰਸਤੁਤ ਕੀਤੇ ਜਾਣ ਵਾਲੇ ਵਿਚਾਰ ਗਹਿਰ ਗੰਭੀਰ ਤੇ ਗੁਣੀ ਗਹੀਰ ਹੋਣੇ ਚਾਹੀਦੇ ਹਨ। ਸਾਹਿਬਜ਼ਾਦਿਆਂ ਬਾਰੇ ਹੋਰ ਵੀ ਕਈ ਲੇਖਕਾਂ ਨੇ ਬਹੁਤ ਕੁੱਝ ਲਿਖਿਆ ਹੈ ਪਰ ਸ਼ੈਲੀ ਹਰ ਇੱਕ ਦੀ ਆਪਣੀ ਹੁੰਦੀ ਹੈ। ਪੁਸਤਕ ਵਿਚ ਡਾ. ਕੁਲਵਿੰਦਰ ਕੌਰ ਨੇ ਸਾਹਿਬਜ਼ਾਦਿਆਂ ਬਾਰੇ ਆਪਣੇ ਅਨੁਭਵ ਪੇਸ਼ ਕੀਤੇ ਹਨ, ਜੋ ਲੇਖਕ ਦੀ ਵਿਲੱਖਣਤਾ ਹਨ।

ਸਿੱਖ ਇਤਿਹਾਸ ਵਿਚ ਨਿੱਕੀਆਂ ਜਿੰਦਾਂ ਵੱਡੇ ਫ਼ੈਸਲੇ ਲੇਖਕ ਨਿਰਮਲ ਸਿੰਘ ਟਪਿਆਲਾ ਦੀ ਕਿਤਾਬ ਹੈ। ਭਾਵੇ ਅਸੀਂ ਸਾਰੇ ਇਤਿਹਾਸ ਤੋਂ ਜਾਣੂ ਹਾਂ ਪਰ ਹਰ ਕਵੀ ਦੀ ਕਲਮ ਤੇ ਸੋਚ ਉਡਾਰੀ ਅਲੱਗ-ਅਲੱਗ ਹੁੰਦੀ ਹੈ ਤੇ ਇਸ ਕਿਤਾਬ ਅੰਦਰ ਲੇਖਕ ਨੇ ਬੈਂਤ ਰੂਪ 'ਚ ਬੜੇ ਸੁਚੱਜੇ ਢੰਗ ਨਾਲ ਤੇ ਇੱਕ ਉੱਚੀ ਪਰਵਾਜ਼ ਨਾਲ, ਹਰ ਪਾਠਕ ਦੇ ਸਮਝ ਆਉਣ ਵਾਲੀ ਸ਼ਬਦਾਵਾਲੀ ਦੀ ਵਰਤੋਂ ਕੀਤੀ ਹੈ, ਸ਼ਹਾਦਤ ਦੇ ਹਰ ਪੜਾਅ ਨੂੰ ਸ਼ੇਅਰਾਂ ਵਿਚ ਗੁੰਦਿਆਂ ਹੈ। ਕਾਵਿ-ਸੰਗ੍ਰਹਿ 'ਨਿੱਕੀਆਂ ਜਿੰਦਾਂ ਵੱਡੇ ਫ਼ੈਸਲੇ' ਵਿਚ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਤੇ ਮਿਸਾਲੀ ਸ਼ਹਾਦਤ ਦੇ ਸਫ਼ਰ ਨੂੰ 'ਸਾਕਾ ਸਰਹਿੰਦ' ਸਿਰਲੇਖ ਹੇਠ ਘਟਨਾਵਾਂ ਦੀ ਤਰਤੀਬ ਅਨੁਸਾਰ ਬਹੁਤ ਖ਼ੂਬਸੂਰਤੀ ਨਾਲ ਕਲਮ-ਬੱਧ ਕੀਤਾ ਗਿਆ ਹੈ। ਵਿਸ਼ਾ ਪੱਖ ਤੋਂ ਉਸ ਨੇ ਇਤਿਹਾਸਕ ਤੱਥਾਂ ਦਾ ਡੂੰਘਾ ਅਧਿਐਨ ਕੀਤਾ ਹੈ ਤੇ ਇਨ੍ਹਾਂ ਦੀ ਰੌਸ਼ਨੀ ਵਿਚ ਹੀ ਉਹ ਸਾਰੇ ਸਾਕੇ ਨੂੰ ਚਿਤਰਦਾ ਹੈ। ਇਸ ਵਿਚਲੇ ਸਾਰੇ ਇਤਿਹਾਸਕ ਪਾਤਰਾਂ ਦੀ ਬੜੀ ਸੂਝ-ਬੂਝ ਨਾਲ ਤਸਵੀਰਕਸ਼ੀ ਕੀਤੀ ਹੈ।

ਜਿਵੇਂ ਸਾਕਾ ਸਰਹਿੰਦ, ਗੰਗੂ ਪਾਪੀ ਨੇ ਮਾਤਾ ਜੀ ਦੇ ਸਮਾਨ ਦੀ ਫੋਲਾ-ਫਲਾਈ ਕਰਨੀ, ਗੰਗੂ ਪਾਪੀ ਦਾ ਮੋਰਿੰਡੇ ਥਾਣੇ ਪਹੁੰਚਣਾ, ਸਾਹਿਬਜ਼ਾਦਿਆਂ ਨੇ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਹੋਣਾ। ਸੂਬੇ ਵੱਲੋਂ ਕਾਜ਼ੀ ਨੂੰ ਫਤਵਾਂ ਲੋਣ ਲਈ ਕਹਿਣਾ, ਕਚਹਿਰੀ ਵਿਚ ਦੂਜੀ ਪੇਸ਼ੀ, ਵਜ਼ੀਰ ਖਾਨ ਦੀ ਬੇਗਮ ਨੇ ਵੀ ਸੂਬੇ ਨੂੰ ਸਮਝਾਉਣਾ, ਦੂਸਰੇ ਦਿਨ ਸਿਪਾਹੀਆਂ ਨੇ ਸਾਹਿਬਜ਼ਾਦਿਆਂ ਨੂੰ ਲੈਣ ਆਉਣਾ। ਦੂਜੇ ਦਿਨ ਕਚਹਿਰੀ ਦਾ ਦ੍ਰਿਸ਼, ਪੰਮੇ ਲੰਙੇ ਨੇ ਸੂਬੇ ਕੋਲ ਚੁਗਲੀ ਲਾਉਣੀ, ਸਿੱਖ ਕੌਮ ਲਈ ਕੁੱਝ ਖ਼ਾਸ ਅਤੇ ਸ਼ਹੀਦੀ ਕਿਵੇਂ ਹੋਈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦਾ ਇਤਿਹਾਸਕ ਹਵਾਲਿਆਂ ਨਾਲ ਵੀ ਜ਼ਿਕਰ ਕਰਦਾ ਹੈ। ਕਲਾ ਪੱਖ ਤੋਂ ਉਸ ਦੀ ਰਚਨਾ ਸੰਜਮਤਾ, ਲੈਅ, ਪੁਖ਼ਤਗੀ ਤੇ ਰਵਾਨਗੀ ਨਾਲ ਭਰਪੂਰ ਹੈ। ਕਵੀ ਕਾਵਿ ਉਡਾਰੀਆਂ ਤੇ ਸ਼ਰਧਾ ਦੀਆਂ ਚੁੱਭੀਆਂ ਲਾਉਂਦਾ ਹੋਇਆ ਲਿਖਦਾ ਹੈ।

ਡਰਾਵੇ ਮੌਤ ਦੇ ਸੂਬਾ ਭਾਵੇਂ ਦਏ ਮਾਤਾ
ਫਿਰ ਵੀ ਉਸ ਨੂੰ ਅਕਲ ਸਿਖਾ ਦਿਆਂਗੇ।
ਕਚਹਿਰੀ ਖਾਮੋਸ਼ ਹੋਜੂ ਜਦੋਂ ਅਸਾਂ ਬੋਲਣਾ ਏ
ਅੱਜ ਨਵਾਂ ਇਤਿਹਾਸ ਰਚਾ ਦਿਆਂਗੇ।

ਬੰਦਸ਼ਾਂ ਤੋਂ ਉੱਪਰ ਜਾ ਕੇ ਆਪਣੇ ਫੁਰਨਿਆਂ ਨੂੰ ਕਾਵਿ ਦਾ ਰੂਪ ਪ੍ਰਦਾਨ ਕਰਦਿਆਂ ਟਪਿਆਲਾ ਨੇ ਇਤਿਹਾਸਿਕ ਸਾਕੇ ਨੂੰ ਕਾਵਿ ਉਡਾਰੀ ਵਿਚ ਪ੍ਰੋਣ ਦਾ ਸਾਰਥਿਕ ਯਤਨ ਕੀਤਾ ਹੈ। ਸਾਨੂੰ ਇਨ੍ਹਾਂ ਦੀ ਲਿਖਤ ਵਿਚ ਇਤਿਹਾਸ ਦੇ ਪੱਖ ਵੇਖਣ ਨੂੰ ਮਿਲਦੇ ਹਨ।

# ਠੰਢ ਦੌਰਾਨ ਵੱਧਿਆ ਜ਼ੁਕਾਮ-ਫਲੂ

*"ਅਗਰ ਤੁਸੀਂ ਬੁਖਾਰ ਜਾਂ ਠੰਢ ਮਹਿਸੂਸ ਕਰ ਰਹੇ ਹੋ, ਗਲੇ 'ਚ ਖਰਾਸ਼, ਛਿੱਕਾਂ, ਖੰਘ, ਨੱਕ ਵਗਣਾ ਜਾਂ ਅੰਦਰ ਬਲਗਮ ਰਹਿਣਾ, ਸਰੀਰ 'ਚ ਤੇਜ਼ ਦਰਦ, ਕਮਜ਼ੋਰੀ, ਸਿਰ ਦਰਦ, ਕਈ ਵਾਰ ਚੱਕਰ ਵੀ ਆਉਣੇ ਸ਼ੁਰੂ ਹੋ ਜਾਂਦੇ ਹਨ। ਇਹ ਲੱਛਣ ਪਾਲਤੂ ਪੈਟ-ਕੁੱਤੇ, ਬਿੱਲੀਆਂ, ਹੋਰ ਜਾਨਵਰਾਂ 'ਚ ਵੀ ਦੇਖੇ ਜਾਂਦੇ ਹਨ, ਉਹ ਬੋਲ ਨਹੀਂ ਸਕਦੇ, ਬੱਚਿਆਂ ਵਾਂਗ ਉਨ੍ਹਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ"-ਅਨਿਲ ਧੀਰ*

ਠੰਢੀਆਂ ਤੇਜ਼ ਹਵਾਵਾਂ, ਫਰੀਜ਼ਿੰਗ ਰੇਨ ਅਤੇ ਮਾਈਨਸ ਤਪਮਾਨ, ਕਾਰਨ ਕੋਲਡ-ਫਲੂ ਦਾ ਅਸਰ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਤੇ ਪਸ਼ੂ-ਪੰਛੀ, ਜਾਨਵਰਾਂ 'ਤੇ ਵੀ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਹਰ ਸਾਲ ਪੀਕ ਸਮਾਂ ਨਵੰਬਰ-ਦਸੰਬਰ ਤੋਂ ਫਰਵਰੀ ਦਾ ਹੁੰਦਾ ਹੈ। ਸਿਰਫ ਅਮਰੀਕਾ ਵਿਚ 1 ਬਿਲੀਅਨ ਤੋਂ ਵੱਧ ਲੋਕ ਜ਼ੁਕਾਮ ਦੇ ਸ਼ਿਕਾਰ ਹੁੰਦੇ ਹਨ। ਦੱਸ ਤੋਂ 35% ਫਲੂ ਦੇ ਘੇਰੇ ਵਿਚ ਆ ਜਾਂਦੇ ਹਨ। ਕਰੀਬਨ 2 ਮਿਲੀਅਨ ਤੋਂ ਵੱਧ ਕੇਵਲ ਅਮਰੀਕਾ 'ਚ ਸ਼ਿਕਾਰ ਲੋਕ ਹਸਪਤਾਲ ਵਿਚ ਐਡਮਿਟ ਹੁੰਦੇ ਹਨ। ਛੋਟੇ ਬੱਚੇ ਅਤੇ ਕਮਜ਼ੋਰ ਇਮੀਊਨਿਟੀ ਵਾਲੇ ਜ਼ੁਕਾਮ ਫਲੂ ਦੇ ਛੇਤੀ ਸ਼ਿਕਾਰ ਹੋ ਜਾਣ ਤੋਂ ਬਾਅਦ ਲੱਖਾਂ ਹੀ ਮੌਤ ਦੇ ਘੇਰੇ ਵਿਚ ਵੀ ਆ ਜਾਂਦੇ ਹਨ।

ਹਰ ਸਾਲ ਲੱਖਾਂ ਕੈਨੇਡੀਅਨ ਫਲੂ ਦੇ ਘੇਰੇ ਵਿਚ ਆਉਂਦੇ ਹਨ, ਮੌਤਾਂ ਦੇ ਬਾਵਜੂਦ ਹਜ਼ਾਰਾਂ ਹੀ ਹਸਪਤਾਲ ਭਰਤੀ ਹੋਣ ਤੋਂ ਬਾਅਦ ਠੀਕ ਵੀ ਹੋ ਜਾਂਦੇ ਹਨ। ਦੋਵੇਂ ਹੀ ਵਾਇਰਸ ਕਾਰਨ ਹੁੰਦੇ ਹਨ। ਫਲੂ ਜ਼ਿਆਦਾ ਗੰਭੀਰ ਮੰਨਿਆ ਜਾਂਦਾ ਹੈ। ਵਾਇਰਸ ਦੀ ਪਕੜ 'ਚ ਆਉਣ ਤੋਂ ਬਾਅਦ ਆਮ ਲੱਛਣ 1-4 ਦਿਨ 'ਚ ਅਤੇ ਬਿਮਾਰੀ ਸ਼ੁਰੂ ਹੋਣ ਤੋਂ ਬਾਅਦ 5-10 ਦਿਨ 'ਚ ਇਨਫੈਕਸ਼ਨ ਵਾਲੇ ਲੱਛਣ ਪੈਦਾ ਹੋ ਜਾਂਦੇ ਹਨ। ਦੇਖਿਆ ਜਾ ਰਿਹਾ ਹੈ ਕਿ ਵੈਕਸੀਨ ਕੋਲਡ ਯਾਨਿ ਸਰਦੀ ਤੋਂ ਨਹੀਂ ਬਚਾਉਂਦਾ, ਬਲਕਿ ਫਲੂ ਤੋਂ ਬਚਾਉਂਦਾ ਹੈ। ਛੇ ਮਹੀਨੇ ਤੋਂ ਵੱਧ ਉਮਰ ਦੇ ਹਰ ਆਦਮੀ ਨੂੰ ਹਰ ਸਾਲ ਫਲੂ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਟੀਕਾਕਰਣ ਨੂੰ ਫਲੂ ਤੋਂ ਬਚਾਅ ਲਈ ਸਰਬੋਤਮ ਸੇਫਟੀ ਮੰਨੀ ਗਈ ਹੈ। ਪਿਛਲੇ 2 ਸਾਲਾਂ ਤੋਂ 163 ਮਿਲੀਅਨ ਤੋਂ 170 ਮਿਲੀਅਨ ਫਲੂ ਟੀਕੇ ਦੀਆਂ ਖੁਰਾਕਾਂ ਸੰਯੁਕਤ ਰਾਜ ਵਿਚ ਉਪਲਬਧ ਹੋਣ ਦੀ ਸੰਭਾਵਨਾ ਹੈ।

ਜ਼ੁਕਾਮ ਦੀ ਆਮ ਹਾਲਤ ਵਿਚ ਵਿਅਕਤੀ ਨੱਕ ਬੰਦ, ਸਾਹ ਲੈਣ ਵਿਚ ਮੁਸ਼ਕਲ, ਸੁਆਦ ਤੇ ਗੰਧ ਮਹਿਸੂਸ ਨਾ ਹੋਣਾ, ਅੱਖਾਂ ਵਿਚ ਜਲਨ, ਸਾਈਨਸ ਦੀ ਸ਼ਿਕਾਇਤ ਅਤੇ ਖੰਘ, ਸਿਰ ਦਰਦ ਦੇ ਨਾਲ ਬੁਖਾਰ ਵੀ ਹੋ ਸਕਦਾ ਹੈ। ਫਲੂ ਜ਼ੁਕਾਮ ਤੋਂ ਅਲੱਗ ਕਿਸਮ ਦਾ ਤੇ ਅਚਾਨਕ ਹੋ ਜਾਂਦਾ ਹੈ। ਫਲੂ ਦੀ ਹਾਲਤ ਵਿਚ ਠੰਡ ਮਹਿਸੂਸ ਹੋਣਾ, ਬੁਖਾਰ, ਗਲੇ ਵਿਚ ਖਰਾਸ਼, ਨੱਕ ਵਿਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਅਤੇ ਸਿਰ-ਦਰਦ ਸ਼ੁਰੂ ਹੋ ਜਾਂਦਾ ਹੈ। ਬੱਚਿਆਂ ਅਤੇ ਸੀਨੀਅਰਜ਼ ਨੂੰ ਉਲਟੀਆਂ, ਦਸਤ ਵੀ ਲੱਗ ਸਕਦੇ ਹਨ।

ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਵਿਚ ਸਾਈਨਸ ਅਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-ਬੈਕਟਰੀਆ ਅਟੈਕ ਨਾਲ ਦਿਲ ਦੀ ਸੋਜ਼ਿਸ਼, ਦਿਮਾਗ ਦੀ ਕਮਜ਼ੋਰੀ ਦੇ ਨਾਲ ਫਲੂ ਵਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲੂ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ। ਜ਼ੁਕਾਮ 50-80% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ ਅਤੇ ਪੈਰਾਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟਰੋਵਾਇਰਸ'ਤੇ ਐਡਨੋਵਾਇਰਸ ਦੁਆਰਾ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦੇ ਹਨ, ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ। ਘੱਟ ਨਮੀ ਵਾਇਰਲ ਟ੍ਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜ਼ਰ ਨਾਲ ਸਰੀਰ ਦਾ ਤਾਪਮਾਨ ਵਿਗੜ ਜਾਂਦਾ ਹੈ।







ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



## ਕੋਲਡ-ਫਲੂ ਦੀ ਆਮ ਹਾਲਤ ਵਿਚ ਆਰਾਮ ਲਈ ਰੇਮੇਡੀਜ਼ ਲੈ ਸਕਦੇ ਹੋ:

- ਐਨਰਜ਼ੀ ਲਈ ਗਰਮਾ-ਗਰਮ ਚਿਕਨ ਤੇ ਤਾਜ਼ੀ ਸਬਜ਼ੀਆਂ ਦਾ ਸੂਪ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਉਟ੍ਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਦਿੰਦਾ ਹੈ। ਘੱਟ ਸੋਡੀਅਮ ਵਾਲਾ ਸੂਪ ਸਰੀਰ ਨੂੰ ਹਾਈਡਰੇਟ ਕਰਨ ਵਿਚ ਮਦਦ ਕਰਦਾ ਹੈ।
- ਜ਼ੁਕਾਮ-ਫਲੂ ਅਤੇ ਗਲੇ ਦੀ ਸੋਜ਼ ਦੀ ਹਾਲਤ ਵਿਚ ਆਰਾਮ ਲਈ ਤਾਜ਼ਾ ਜਿੰਜਰ, ਚੁਟਕੀ ਕਾਲੀ ਮਿਰਚ, 1 ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਲੈ ਕੇ ਗਰਮ ਪਾਣੀ ਪੀਓ।
- ਕੋਲਡ-ਫਲੂ ਲਈ ਵਿਟਾਮਿਨ ਸੀ ਸਰੀਰ ਵਾਲੇ ਪਦਾਰਥ ਨਿੰਬੂ, ਆਂਵਲਾ, ਅੰਗੂਰ, ਸੰਤਰਾ, ਸਟਰਾਬਰੀ, ਰਸਬੇਰੀ, ਪੱਤੇਦਾਰ ਸਾਗ, ਬਰੁਕੋਲੀ, ਪਾਲਕ, ਟਮਾਟਰ, ਹਰੀ ਮਿਰਚ, ਅੰਦਰ ਹਰ ਬਿਮਾਰੀ ਨਾਲ ਲੜਨ ਦੀ ਤਾਕਤ ਦਿੰਦਾ ਹੈ। ਸਰਦੀ ਦੇ ਮੌਸਮ ਵਿਚ ਵਿਟਾਮਿਨ ਸੀ ਦੇ ਇਸਤੇਮਾਲ ਨਾਲ ਸਾਹ-ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।
- ਗਲੇ ਦੇ ਦਰਦ 'ਚ ਦਿਨ ਵਿਚ 3-4 ਬਾਰ ਨਮਕ-ਪਾਣੀ ਦੇ ਗਾਰਗਲਸ ਕਰੋ ਅਤੇ ਬੰਦ ਨੱਕ ਖੋਲ੍ਹਣ ਲਈ ਭਾਪ ਯਾਨਿ ਸਟੀਮ ਜ਼ਰੂਰ ਲਵੋ। ਕਾਟਨ ਬਾਲ (ਰੂਈ) ਤੇ ਯੁਕਲਿਪਸ ਈਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ ਇਨਹੇਲ ਕਰਨ ਨਾਲ ਆਰਾਮ ਮਹਿਸੂਸ ਕਰੋ।
- ਕਮਰੇ ਦੇ ਅੰਦਰ ਦੀ ਨਮੀ ਨੂੰ ਦੂਰ ਕਰਨ ਲਈ ਹੁਮਿਡਫਾਇਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਕੋਲਡ-ਫਲੂ ਦੌਰਾਣ ਸਵੇਰੇ-ਸ਼ਾਮ ਗਰਮ ਸ਼ਾਵਰ ਲੈਣ ਨਾਲ ਆਰਾਮ ਮਿਲਦਾ ਹੈ।
- ਸਵੇਰੇ ਸ਼ਾਮ ਆਯੂਰਵੈਦਿਕ ਦੇਸੀ ਚਾਹ ਪੀਓ। ਲੌਂਗ, ਚੋਟੀ ਇਲਾਇਚੀ ਤੇ ਮਿਸਰੀ ਚੂਸਦੇ ਰਹੋ।
- ਹੱਥਾਂ ਦੀ ਸਫਾਈ ਦਾ ਪੂਰਾ ਖਿਆਲ ਰੱਖੋ ਅਤੇ ਗਰਮ ਪਾਣੀ ਤੇ ਸਾਬੁਨ ਨਾਲ ਧੋ ਕੇ ਆਪਣੇ ਹੱਥਾਂ ਨੂੰ ਸੈਨੀਟਾਈਜ਼ ਕਰਦੇ ਰਹੋ, ਨੱਕ ਦੀ ਸਫਾਈ ਸਾਫਟ ਟਿਸ਼ੂ-ਪੇਪਰ ਨਾਲ ਕਰਨੀ ਚਾਹੀਦੀ ਹੈ।

ਨੋਟ : ਫਲੂ-ਕੋਲਡ ਦੇ ਲੱਛਣ ਸ਼ੁਰੂ ਹੁੰਦੇ ਹੀ ਜਾਂ ਜ਼ਿਆਦਾ ਸਮਾਂ ਰਹਿਣ ਦੀ ਹਾਲਤ 'ਚ ਬਿਨਾਂ ਦੇਰੀ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕੋਈ ਵੀ ਇਨਫੈਕਸ਼ਨ ਹੋ ਸਕਦੀ ਹੈ।





# ਗਦਰ ਲਹਿਰ ਦੀ ਸ਼ੁਰੂਆਤੀ ਅੱਖੋਂ ਪਰੋਖੇ ਕੀਤੀ ਗਈ ਮਹੱਤਵਪੂਰਨ ਘਟਨਾ ਦਾ ਇਤਿਹਾਸ

-ਡਾ. ਦਲਜੀਤ ਸਿੰਘ
ਐੱਲ.ਐੱਲ.ਐੱਮ., ਪੀ.ਐੱਚ.ਡੀ.
ਸਾਬਕਾ: ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਅਤੇ
ਵਾਈਸ ਚਾਂਸਲਰ, ਰਿਆਤ ਬਾਹਰਾ ਯੂਨੀਵਰਸਿਟੀ, ਮੁਹਾਲੀ, ਪੰਜਾਬ



ਪੰਜਾਬ ਮੇਲ USA

ਉਹੀ ਕੌਮਾਂ ਜਿੰਦਾ ਰਹਿੰਦੀਆਂ ਹਨ ਅਤੇ ਦੁਨੀਆਂ ਵਿੱਚ ਆਪਣੀ ਵਿਲੱਖਣ ਹਸਤੀ ਕਾਇਮ ਰੱਖਦੀਆਂ ਹਨ ਜੋ ਆਪਣੇ ਸ਼ਹੀਦਾਂ ਯੋਧਿਆਂ ਅਤੇ ਸੂਰਬੀਰਾਂ ਨੂੰ ਯਾਦ ਰੱਖਦੀਆਂ ਹਨ। ਕੁਝ ਲੋਕ ਆਪਣੇ ਲਈ ਜਿਉਂਦੇ ਹਨ ਅਤੇ ਕੁਝ ਸਮਾਜ ਲਈ। ਜੇ ਇਤਿਹਾਸ ਦੇ ਪੰਨੇ ਫਲੋਰੀਏ, ਤਾਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਸ਼ਾਸਕ ਜਾਂ ਸਰਕਾਰ ਆਪਣੀ ਤਾਕਤ ਰੱਖਣ ਲਈ ਅਨੈਤਿਕ ਅਤੇ ਗੈਰ ਮਨੁੱਖੀ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ। ਪਰ ਦੁਨੀਆਂ 'ਤੇ ਉਹ ਰੂਹਾਂ ਵੀ ਜਨਮ ਲੈਂਦੀਆਂ ਹਨ, ਜੋ ਅਜਿਹੇ ਜ਼ੁਲਮ ਅਤੇ ਅਨਿਆਏ ਵਿਰੁੱਧ ਸਿਰਫ ਆਵਾਜ਼ ਹੀ ਨਹੀਂ ਚੁੱਕਦੀਆਂ, ਤਸੀਹੇ ਹੀ ਨਹੀਂ ਸਹਦੀਆਂ, ਬਲਕਿ ਆਪਣੇ ਪ੍ਰਾਣਾਂ ਦੀ ਅਹੂਤੀ ਤੱਕ ਵੀ ਦੇ ਦਿੰਦੀਆਂ ਹਨ। ਅਜਿਹੇ ਯੋਧਿਆਂ ਅਤੇ ਸ਼ਹੀਦਾਂ ਦੀ ਇਹ ਗਾਥਾ ਇਤਿਹਾਸ ਵਿਚ ਗਦਰ ਲਹਿਰ ਦੇ ਨਾਂ ਨਾਲ ਵੀ ਲਿਖੀ ਹੋਈ ਹੈ, ਜਦੋਂ ਭਾਰਤੀ ਪ੍ਰਵਾਸੀਆਂ ਨੇ ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਇਕੱਠੇ ਹੋ ਕੇ ਭਾਰਤ ਵਿਚ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਬੀੜਾ ਚੁੱਕਿਆ। ਮੈਂ ਆਪਣੇ ਇਸ ਲੇਖ ਵਿਚ ਅਮਰੀਕਾ ਵਿਚ ਗਦਰ ਲਹਿਰ ਦੀ ਸ਼ੁਰੂਆਤ ਦੇ ਇਤਿਹਾਸ ਬਾਰੇ, ਸੰਖੇਪ ਵਿਚ ਦੱਸਣ ਦੇ ਨਾਲ-ਨਾਲ, ਇੱਕ ਹੋਰ ਬਹੁਤ ਹੀ ਮਹੱਤਵਪੂਰਨ ਵਾਪਰੀ ਘਟਨਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਦਾ ਗਦਰ ਲਹਿਰ ਦੇ ਵਿਚ ਭਾਵੇਂ ਬਹੁਤ ਵੱਡਾ ਯੋਗਦਾਨ ਹੈ, ਪਰ ਇਤਿਹਾਸ ਦੇ ਪੰਨਿਆਂ 'ਤੇ ਉਸ ਨੂੰ ਅਣਗੌਲਿਆ ਕੀਤਾ ਗਿਆ ਹੈ।

**ਗਦਰ ਲਹਿਰ ਦਾ ਮੁੱਢਲਾ ਇਤਿਹਾਸ:**

ਜੇ ਅਸੀਂ ਸੰਖੇਪ ਵਿਚ ਗਦਰ ਲਹਿਰ ਦੇ ਸ਼ੁਰੂਆਤੀ ਇਤਿਹਾਸ ਵੱਲ ਝਾਤ ਮਾਰੀਏ, ਤਾਂ ਕੁਝ ਤੱਤ ਬੜੇ ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦੇ ਹਨ, ਜਿਵੇਂ ਕਿ ਭਾਰਤ ਵਿਚੋਂ ਬਹੁਤੇ ਪ੍ਰਵਾਸੀਆਂ ਵਿਚੋਂ ਜ਼ਿਆਦਾ ਗਿਣਤੀ ਸਿੱਖਾਂ ਦੀ ਸੀ, ਜੋ ਵੀਹਵੀਂ ਸਦੀ ਦੇ ਸ਼ੁਰੂਆਤ ਵਿਚ ਇੱਥੇ ਪਹੁੰਚ ਚੁੱਕੇ ਸਨ। ਉਹ ਭਾਰਤ ਵਿਚ ਅੰਗਰੇਜ਼ੀ ਸ਼ਾਸਕਾਂ ਦੇ ਮਾੜੇ ਵਤੀਰੇ, ਤਸ਼ੱਦਦ ਅਤੇ ਆਰਥਿਕ ਪੱਖੋਂ ਕੀਤੀ ਜਾ ਰਹੀ ਲੁੱਟ-ਖਸੁੱਟ ਕਰਕੇ, ਚੰਗੇ ਭਵਿੱਖ ਦੀ ਉਮੀਦ ਵਿਚ ਰੁਜ਼ਗਾਰ ਲੈਣ ਦੀ ਭਾਲ ਵਿਚ ਇਥੇ ਆਏ ਸਨ। ਇਸ ਦੇ ਨਾਲ-ਨਾਲ ਉਹ ਅਮਰੀਕਾ ਨੂੰ ਸੁਤੰਤਰ ਦੇਸ਼ ਸਮਝ ਕੇ ਬਰਾਬਰੀ ਅਤੇ ਭਾਈਚਾਰਕ ਸੁਤੰਤਰਤਾ ਮਾਨਣ ਲਈ ਪਹੁੰਚੇ ਸਨ। ਪਰ ਉਨ੍ਹਾਂ ਨੂੰ ਬਹੁਤ ਥੋੜੇ ਸਮੇਂ ਵਿਚ ਹੀ ਇਹ ਅਹਿਸਾਸ ਹੋ ਗਿਆ, ਕਿ ਇਥੋਂ ਦੇ ਲੋਕਲ ਵਸੋਂ ਵੀ ਉਨ੍ਹਾਂ ਨਾਲ ਗੁਲਾਮਾਂ ਵਾਲਾ ਵਿਵਹਾਰ ਕਰਦੇ ਹਨ, ਕਿਉਂਕਿ ਉਹ ਭਾਰਤ ਵਿਚ ਅੰਗਰੇਜ਼ਾਂ ਦੇ ਰਾਜ ਵਿਚ ਗੁਲਾਮੀ ਵਾਲਾ ਜੀਵਨ ਬਿਤਾ ਰਹੇ ਸਨ। ਇਤਿਹਾਸ ਦੇ ਪੰਨਿਆਂ ਵਿਚ ਇਹ ਵੀ ਦਰਜ ਹੈ ਕਿ ਇੱਥੇ ਭਾਰਤੀ ਪ੍ਰਵਾਸੀਆਂ ਨੂੰ ਕੁਲੀ, ਗੰਦੇ ਤੌਰ-ਤਰੀਕੇ ਨਾਲ ਰਹਿਣ ਵਾਲੇ, ਕਾਲੇ ਲੋਕ ਵਗੈਰਾ-ਵਗੈਰਾ ਕਿਹਾ ਜਾਂਦਾ ਸੀ।

ਜਿਵੇਂ ਕਿ ਮੈਂ ਉੱਪਰ ਲਿਖ ਚੁੱਕਾ ਹਾਂ ਕਿ ਇਹ ਪ੍ਰਵਾਸੀ ਭਾਰਤੀ ਜ਼ਿਆਦਾਤਰ ਸਿੱਖ ਧਰਮ ਨੂੰ ਮੰਨਣ ਵਾਲੇ ਸਨ ਅਤੇ ਸਿੱਖ ਧਰਮ ਦੇ ਫਲਸਫੇ ਮੁਤਾਬਕ ਭਾਵੇਂ ਉਹ 'ਸਰਬੱਤ ਦੇ ਭਲੇ' 'ਤੇਚੱਲਣ ਵਾਲੇ ਅਤੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਅਸੂਲ 'ਤੇ ਚੱਲਣ ਵਾਲੇ ਸਨ। ਪਰ ਸਿੱਖੀ ਦੇ ਇਤਿਹਾਸ ਤੋਂ ਇਹ ਵੀ ਸਾਫ ਹੈ ਕਿ ਸਿੱਖ ਆਪਣੇ 'ਤੇ ਹੀ ਨਹੀਂ, ਬਲਕਿ ਆਮ ਮਨੁੱਖਤਾ 'ਤੇ ਅੱਤਿਆਚਾਰ, ਅਨਾਥ ਜਾਂ ਤਸ਼ਦਦ ਜਾਂ ਹੀਨਤਾ ਨੂੰ ਸਹਿਣ ਨਹੀਂ ਕਰਦੇ। ਉਹ ਮੀਰੀ ਅਤੇ ਪੀਰੀ ਦੋਨਾਂ ਦੇ ਧਾਰਨੀ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਥਨ: "ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥" ਅਰਥ- ਜਦੋਂ ਕਿਸੇ ਮਸਲੇ ਨੂੰ ਸੁਲਝਾਉਣ ਦੇ ਸਾਰੇ ਹੀਲੇ ਖ਼ਤਮ ਹੋ ਜਾਣ, ਤਾਂ ਆਖਿਰ ਕਿਰਪਾਨ ਨੂੰ ਹੱਥ ਪਾਉਣਾ ਜਾਇਜ਼ ਹੈ। ਜ਼ਫ਼ਰਨਾਮਾ - ਸ੍ਰੀ ਗੁਰੂ ਗੋਬਿੰਦ ਸਿੰਘ ਜੀ।



ਇਥੇ ਇੱਕ ਮਹੱਤਵਪੂਰਨ ਤੱਥ ਇਹ ਹੈ ਕਿ 1907-08 ਵਿਚ ਸਰਦਾਰ ਜੁਆਲਾ ਸਿੰਘ ਠੱਠੀਆਂ ਅਤੇ ਸਰਦਾਰ ਵਿਸਾਖਾ ਸਿੰਘ ਅਮਰੀਕਾ ਆ ਗਏ ਸਨ। ਇਹ ਦੋਵੇਂ ਬਹੁਤ ਹਮਖਿਆਲੀ ਸਨ ਅਤੇ ਪਰਪੱਖ ਸਿੱਖ ਸਨ। ਇਨ੍ਹਾਂ ਨੇ ਬੈਂਜਮਿਨ ਹੋਲਟ ਪਰਿਵਾਰ ਤੋਂ 500 ਏਕੜ ਦਾ ਫਾਰਮ ਲਿਆ, ਜਿੱਥੇ ਉਨ੍ਹਾਂ ਨੇ ਆਲੂਆਂ ਦੀ ਬੇਮਿਸਾਲ ਖੇਤੀ ਕੀਤੀ, ਜਿਸ ਕਰਕੇ ਉਨ੍ਹਾਂ ਨੂੰ ਆਲੂ ਕਿੰਗ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ। ਸਮੇਂ ਦੇ ਬੀਤਣ ਨਾਲ ਪੰਜਾਬੀਆਂ ਦੀ ਗਿਣਤੀ ਇਸ ਹੋਲਟ ਫੋਰਮ 'ਤੇ ਵਧਦੀ ਗਈ। 1908 ਵਿਚ ਜਦੋਂ ਵੈਨਕੋਵਰ ਕੈਨੇਡਾ ਵਿਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੋਈ, ਉਸ ਤੋਂ ਪ੍ਰੇਰਿਤ ਹੋ ਕੇ ਇਨ੍ਹਾਂ ਨੇ ਵੀ ਹੋਲਟ ਫਾਰਮ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ ਅਤੇ ਪਾਠ ਕੀਰਤਨ ਆਦਿ ਸ਼ੁਰੂ ਕਰ ਦਿੱਤਾ। ਇਥੇ ਹੀ ਬਾਬਾ ਸੋਹਣ ਸਿੰਘ ਭਕਨਾ, ਸੰਤ ਤੇਜਾ ਸਿੰਘ, ਲਾਲਾ ਹਰਦਿਆਲ, ਪਰਮਾਨੰਦ ਵੀ ਆ ਕੇ ਠਹਿਰਦੇ ਸਨ। ਪ੍ਰਿਥੀ ਸਿੰਘ ਆਜ਼ਾਦ ਵੀ 1913 ਵਿਚ ਇਥੇ ਆ ਕੇ ਠਹਿਰੇ। ਇਸ ਤਰ੍ਹਾਂ ਇਹ ਹੋਲਟ ਫਾਰਮ ਦੇਸ਼ ਭਗਤਾਂ ਦਾ ਠਿਕਾਣਾ ਬਣ ਗਿਆ। 27 ਦਸੰਬਰ 1911 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਇਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਸਥਾਪਿਤ ਕਰਨ ਲਈ 12 ਮੈਂਬਰੀ ਕਮੇਟੀ ਬਣਾਈ ਗਈ, ਜਿਸ ਦਾ ਨਾਮ 'ਪੈਸਿਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ' ਰੱਖਿਆ ਗਿਆ। ਬਾਬਾ ਜੁਆਲਾ ਸਿੰਘ ਠੱਠੀਆਂ ਇਸਦੇ ਇਸ ਦੇ ਪ੍ਰਧਾਨ ਬਣੇ। ਸ. ਤੇਜਾ ਸਿੰਘ ਸੈਕਟਰੀ ਬਣੇ ਅਤੇ ਵਿਸਾਖਾ ਸਿੰਘ ਇਸ ਦੇ ਖਜ਼ਾਨਚੀ ਬਣੇ। ਇਸ ਤਰ੍ਹਾਂ 2 ਅਕਤੂਬਰ 1912 ਨੂੰ ਸਟਾਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ 'ਤੇ ਅਰਦਾਸ ਕੀਤੀ ਗਈ।

13 ਅਪ੍ਰੈਲ 1913 ਨੂੰ ਦੇਸ਼ ਭਗਤਾਂ ਨੇ ਆਸਟਰੀਆ, ਔਰਗਨ ਰਾਜ ਦੇ ਸ਼ਹਿਰ ਵਿਖੇ ਬ੍ਰਿਟਿਸ਼ ਹਕੂਮਤ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਕ ਪ੍ਰਭਾਵਸ਼ਾਲੀ ਮੀਟਿੰਗ ਕੀਤੀ। ਇਨ੍ਹਾਂ ਨੇ 'ਹਿੰਦੁਸਤਾਨ ਐਸੋਸੀਏਸ਼ਨ ਆਫ ਦਾ ਪੈਸਫਿਕ ਕੋਸਟ' ਨਾਂ ਦੀ ਸੰਸਥਾ ਬਣਾਉਣ ਦਾ ਫੈਸਲਾ ਲਿਆ। ਇਸਦਾ ਹੈੱਡ ਕੁਆਰਟਰ ਸਾਨ ਫਰਾਂਸਸਕੋ ਵਿਚ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ। ਬਾਅਦ ਵਿਚ ਦੇਸ਼ ਭਗਤਾਂ ਨੇ ਮਾਇਆ ਇਕੱਠੀ ਕਰਕੇ ਇਕ ਇਮਾਰਤ ਖਰੀਦੀ, ਜਿਸ ਦਾ ਨਾਂ 'ਯੁਗੰਤਰ ਆਸ਼ਰਮ' ਰੱਖਿਆ ਗਿਆ। ਅੱਜਕੱਲ੍ਹ ਇਸ ਨੂੰ ਗਦਰ ਮੈਮੋਰੀਅਲ ਹਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇੱਥੇ ਯੁਗੰਤਰ ਆਸ਼ਰਮ ਵਿਚ ਜੋ ਬਹੁਤ ਹੀ ਗਦਰ ਲਹਿਰ ਨੂੰ ਮਜ਼ਬੂਤ ਬਣਾਉਣ ਵਾਲੀ ਡਿਵੈਲਪਮੈਂਟ ਹੋਈ, ਉਹ ਇਹ ਸੀ ਕਿ ਇੱਕ ਨਵੰਬਰ 1913 ਨੂੰ 'ਗਦਰ' ਨਾਂ ਦਾ ਅਖਬਾਰ ਕੱਢਣਾ ਸ਼ੁਰੂ ਕੀਤਾ ਗਿਆ, ਜੋ ਕਿ ਉਰਦੂ ਵਿਚ ਸੀ ਅਤੇ ਜਿਸ ਦੇ ਸੰਪਾਦਕ ਲਾਲਾ ਹਰਦਿਆਲ ਸਨ।

ਬਾਅਦ ਵਿਚ ਹੀ, 9 ਦਸੰਬਰ 1913 ਨੂੰ 'ਗਦਰ' ਅਖਬਾਰ ਪੰਜਾਬੀ ਵਿਚ ਵੀ ਛਪਣਾ ਸ਼ੁਰੂ ਹੋ ਗਿਆ ਅਤੇ ਇਸ ਦੇ ਕਰਤਾ ਧਰਤਾ ਮਹਾਨ ਨੌਜਵਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਇਸ ਗਦਰ ਪੇਪਰ ਵਿਚ ਆਪਣੀਆਂ ਲਿਖਤਾਂ ਕਵਿਤਾਵਾਂ ਅਤੇ ਉੱਚ ਕੋਟੀ ਦੇ ਲੇਖ ਲਿਖ ਕੇ ਦੇਸ਼ ਭਗਤਾਂ ਯਾਨੀ ਕਿ ਗਦਰੀ ਬਾਬਿਆਂ ਦੇ ਵਿਚ ਆਜ਼ਾਦੀ ਦਾ ਜਜ਼ਬਾ ਭਰਨ ਵਿਚ ਬਹੁਤ ਯੋਗਦਾਨ ਪਾਇਆ।

ਗਦਰੀ ਬਾਬਿਆਂ ਵੱਲੋਂ ਕੀਤੇ ਫੈਸਲੇ ਮੁਤਾਬਕ, 1914 ਦੇ ਵਿਚ ਬਹੁਤਾਤ ਗਿਣਤੀ ਵਿਚ, ਇਹ ਦੇਸ਼ ਭਗਤ ਭਾਰਤ ਨੂੰ 'ਗਦਰ' ਕਰਕੇ, ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਵੱਖ-ਵੱਖ ਵਸੀਲਿਆਂ ਨਾਲ ਭਾਰਤ ਪਹੁੰਚੇ, ਜਿਨ੍ਹਾਂ ਵਿਚੋਂ 47 ਫਾਂਸੀ ਦੇ ਫੰਦੇ ਚੁੰਮਕੇ ਦੇਸ਼ ਲਈ ਸ਼ਹਾਦਤ ਪ੍ਰਾਪਤ ਕਰ ਗਏ, ਬਹੁਤ ਸਾਰੇ ਅੰਡੇਮਾਨ ਕਾਲੇ ਪਾਣੀ ਦੀ ਜੇਲ੍ਹ ਅਤੇ ਹੋਰ ਜੇਲ੍ਹਾਂ ਵਿਚ ਵੀ ਡੱਕੇ ਗਏ, ਜਿਨ੍ਹਾਂ ਨੂੰ ਬਹੁਤ ਤਸ਼ੱਦਦ ਸਹਿਣਾ ਪਿਆ। ਅਸਲ ਵਿਚ ਇਹ ਗਦਰ ਦੀ ਚਿੰਗਾਰੀ ਹੀ ਸੀ, ਜੋ ਗਦਰੀ ਬਾਬਿਆਂ ਨੇ ਆਪਣੀ ਸ਼ਹਾਦਤ, ਸਿਦਕ ਅਤੇ ਸਿਰੜ ਨਾਲ ਲਗਾਈ, ਜਿਸ ਦੇ ਸਦਕਾ ਭਾਰਤ ਨੂੰ ਅੰਗਰੇਜੀ ਹਕੂਮਤ ਤੋਂ ਆਜ਼ਾਦੀ ਮਿਲੀ।

**ਗਦਰ ਲਹਿਰ ਦੀ ਸ਼ੁਰੂਆਤੀ ਅੱਖੋਂ ਪਰੋਖੇ ਕੀਤੀ ਗਈ ਮਹੱਤਵਪੂਰਨ ਘਟਨਾ:**

ਇਸ ਲੇਖ ਦੇ ਦੂਸਰੇ ਹਿੱਸੇ ਵਿਚ ਮੈਂ 1907 ਵਿਚ ਵਾਪਰੀ ਉਸ ਮਹੱਤਵਪੂਰਨ ਘਟਨਾ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਨੂੰ ਇਤਿਹਾਸ ਦੇ ਪੰਨਿਆਂ ਵਿਚ ਅਣਗੌਲਿਆ ਕੀਤਾ ਗਿਆ ਹੈ। ਹਾਲਾਂਕਿ ਗਦਰ ਲਹਿਰ ਦੀ ਸ਼ੁਰੂਆਤ ਕਰਨ ਵਿਚ ਇਸ ਘਟਨਾ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਇਹ ਘਟਨਾ ਉੱਤਰੀ ਅਮਰੀਕਾ ਦੇ ਵਾਸ਼ਿੰਗਟਨ ਰਾਜ ਦੇ ਸ਼ਹਿਰ ਬੈਲਿੰਘਮ ਵਿੱਚ ਚਾਰ ਸਤੰਬਰ, 1907 ਨੂੰ ਵਾਪਰੀ ਸੀ। ਬੈਲਿੰਘਮ ਸ਼ਹਿਰ, ਜਿਸ ਦੀ ਉਸ ਵਕਤ ਆਬਾਦੀ ਤਕਰੀਬਨ 35 ਹਜਨਰ ਦੇ ਕਰੀਬ ਸੀ ਅਤੇ ਦੱਖਣੀ ਏਸ਼ੀਆਈ ਪ੍ਰਵਾਸੀ, ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਸਨ, (ਭਾਵੇਂ ਕਿ ਉਸ ਵਕਤ ਸਾਰਿਆਂ ਲਈ ਹਿੰਦੂ ਸ਼ਬਦ ਵਰਤਿਆ ਜਾਂਦਾ ਸੀ) ਦੀ ਆਬਾਦੀ ਤਕਰੀਬਨ 250 ਦੇ ਕਰੀਬ ਸੀ। ਪ੍ਰਵਾਸੀ ਜ਼ਿਆਦਾਤਰ ਲੱਕੜ ਕਾਰਖਾਨਿਆਂ ਵਿਚ ਕੰਮ ਕਰਦੇ ਸਨ, ਕਿਉਂਕਿ ਉਸ ਵਕਤ ਬੈਲਿੰਘਮ ਅਮਰੀਕਾ ਵਿਚ ਲੱਕੜ ਮਿੱਲਾਂ ਦਾ ਗੜ੍ਹ ਮੰਨਿਆ ਜਾਂਦਾ ਸੀ। ਬੈਲਿੰਘਮ ਸ਼ਹਿਰ ਕੈਨੇਡਾ ਬਾਰਡਰ ਤੋਂ ਸਿਰਫ 20 ਕੁ ਮੀਲ ਦੀ ਦੂਰੀ 'ਤੇ ਹੋਣ ਕਰਕੇ, ਜ਼ਿਆਦਾਤਰ ਭਾਰਤੀ ਪ੍ਰਵਾਸੀ ਇਥੇ ਲੱਕੜ ਮਿੱਲਾਂ ਵਿਚ ਕੰਮ ਹੋਣ ਕਰਕੇ ਕੈਨੇਡਾ ਤੋਂ ਬਾਰਡਰ ਪਾਰ ਕਰਕੇ ਇਥੇ ਆ ਗਏ ਸਨ। ਪਰ ਇਥੋਂ ਦੇ ਸਥਾਨਕ ਲੋਕ ਇਨ੍ਹਾਂ ਪ੍ਰਵਾਸੀਆਂ ਦਾ ਵਿਰੋਧ ਕਰਨ ਲੱਗ ਪਏ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਪ੍ਰਵਾਸੀ ਘੱਟ ਉਜਰਤ 'ਤੇ ਕੰਮ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਆਮਦਨ 'ਤੇ ਅਸਰ ਪੈਂਦਾ ਹੈ। ਇਨ੍ਹਾਂ ਪ੍ਰਵਾਸੀਆਂ ਨੂੰ ਭੂਰੇ, ਘੁਸਪੈਠੀਏ ਅਤੇ ਕਾਲੀ ਚਮੜੀ ਵਾਲੇ ਭਾਰਤ ਦੇ ਪੁੱਤਰ ਕਹਿ ਕੇ ਬੁਲਾਇਆ ਜਾਣ ਲੱਗਾ। ਇਨ੍ਹਾਂ 'ਤੇ ਅਸ਼ਲੀਲ ਪ੍ਰਦਰਸ਼ਨ, ਗਵਾਂਢੀਆਂ ਦੀਆਂ ਮੁਰਗੀਆਂ ਚੋਰੀ ਕਰਨ, ਗੁਆਂਢੀਆਂ ਦੇ ਘਰਾਂ ਵਿਚ ਕੂੜਾ ਸੁੱਟਣ ਆਦਿ ਦੇ ਦੋਸ਼ ਲਗਾਏ ਜਾਣ ਲੱਗੇ ਅਤੇ ਇਨ੍ਹਾਂ ਅਣਚਾਹੇ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੀ ਮੰਗ ਕੀਤੀ ਜਾਣ ਲੱਗੀ। (ਅਖਬਾਰ, ਬੈਲਿੰਘਮ ਰਿਵੇਲ, 21 ਮਈ, 1907। 14 ਸਤੰਬਰ, 1906 ਨੂੰ ਇਕ ਅਖਬਾਰ 'ਪਗੇਟ ਸਾਊਂਡ ਅਮੈਰੀਕਨ' ਦੇ ਸੰਪਾਦਕੀ ਲੇਖ ਵਿਚ ਭਾਰਤੀ ਪ੍ਰਵਾਸੀਆਂ ਨੂੰ 'ਹਿੰਦੂਆਂ (ਸਿੱਖਾਂ) ਦਾ ਧੁੰਦਲਾ ਖਤਰਾ' ਦੱਸਦੇ ਹੋਏ ਅਮਰੀਕੀ ਮਜ਼ਦੂਰਾਂ ਲਈ ਤਾਜ਼ਾ ਖਤਰਾ ਦਰਸਾਇਆ ਗਿਆ। ਇਸੇ ਅਖਬਾਰ ਵਿਚ ਦੋ ਦਿਨ ਬਾਅਦ 16 ਸਤੰਬਰ, 1906 ਨੂੰ ਪੂਰੇ ਪੰਨੇ ਦਾ ਇੱਕ ਲੇਖ ਛਪਿਆ, ਜਿਸ ਵਿਚ ਇੱਕ ਦਸਤਾਰਧਾਰੀ ਸਿੱਖ ਸੰਧਾ ਸਿੰਘ ਦੀਆਂ ਤਸਵੀਰਾਂ, ਜੋ ਬੈਲਿੰਘਮ ਦੇ ਇੱਕ ਚਿੱਤਰਕਾਰ ਕੈਰੋਲ ਡਿੱਬਲ ਵੱਲੋਂ ਬਣਾਈਆਂ ਗਈਆਂ ਸਨ, ਛਾਪੀਆਂ ਗਈਆਂ। ਇੱਥੇ ਇੱਕ ਦਾੜ੍ਹੀ ਵਾਲੇ ਦਸਤਾਰਧਾਰੀ ਸਿੱਖ ਦੀ ਇੱਕ ਹੋਰ ਡਰਾਉਣੀ ਤਸਵੀਰ, ਜਿਸ ਵਿਚ ਕੋਬਰੇ ਸੱਪ ਨੂੰ ਬੀਨ ਨਾਲ ਕੀਲਦੇ ਦਿਖਾਇਆ ਗਿਆ, ਵੀ ਜੋੜੀ ਗਈ। ਇਹ ਤਸਵੀਰ ਬੈਲਿੰਘਮ ਦੇ ਸਥਾਨਕ ਵਾਸੀਆਂ ਨੂੰ ਬਹੁਤ ਅਜੀਬ, ਡਰਾਉਣੀ ਅਤੇ ਸੰਭਾਵਿਤ ਤੌਰ 'ਤੇ ਖਤਰੇ ਵਾਲੀ ਪ੍ਰਤੀਤ ਹੋਈ।

ਇਸ ਸਭ ਦਾ ਨਤੀਜਾ ਇਹ ਹੋਇਆ ਕਿ ਬੈਲਿੰਘਮ ਸ਼ਹਿਰ ਵਿਚ 4 ਸਤੰਬਰ 1907 ਨੂੰ 400-500 ਦੀ ਭੀੜ ਨੇ ਭਾਰਤੀ ਪ੍ਰਵਾਸੀਆਂ ਦੇ ਘਰਾਂ 'ਤੇ ਹਮਲਾ ਕਰ ਦਿੱਤਾ ਸੀ, ਜੋ ਜ਼ਿਆਦਾਤਰ ਲੱਕੜ ਮਿੱਲਾਂ ਵਿਚ ਕੰਮ ਕਰਦੇ ਸਨ। ਉਨ੍ਹਾਂ 'ਤੇ ਤਸ਼ੱਦਦ ਕੀਤਾ ਗਿਆ, ਉਨ੍ਹਾਂ ਦੇ ਘਰ ਦਾ ਸਮਾਨ ਲੁੱਟਿਆ ਗਿਆ, ਪ੍ਰਸ਼ਾਸਨ ਤੇ ਪੁਲਿਸ ਮੂਕ ਦਰਸ਼ਕ ਬਣੀ ਰਹੀ। ਇੱਕ ਰਿਪੋਰਟ ਮੁਤਾਬਕ ਭਾਵੇਂ ਸ਼ਹਿਰ ਦੇ ਮੇਅਰ ਇਨ੍ਹਾਂ ਦੰਗਿਆਂ ਦੇ ਵਿਰੁੱਧ ਸਨ, ਪਰ ਸ਼ਹਿਰ ਵਿਚ ਸਿਰਫ ਦਰਜਨ ਦੇ ਕਰੀਬ ਪੁਲਿਸ ਫੋਰਸ ਹੋਣ ਕਰਕੇ ਕੁਝ ਨਾ ਹੋ ਸਕਿਆ, ਬਲਕਿ ਸੈਂਕੜੇ ਭਾਰਤੀ ਪ੍ਰਵਾਸੀਆਂ ਨੂੰ ਸ਼ਹਿਰ ਛੱਡ ਕੇ ਭੱਜਣਾ ਪਿਆ। 100 ਦੇ ਕਰੀਬ ਪ੍ਰਵਾਸੀਆਂ ਨੂੰ ਉਨ੍ਹਾਂ ਦੰਗਿਆਂ ਵਾਲੀ ਰਾਤ ਨੂੰ ਸਿਟੀ ਹਾਲ ਵਿਚ ਪ੍ਰੋਟੈਕਟਿਵ ਕਸਟਡੀ ਵਿਚ ਰੱਖਿਆ ਗਿਆ। ਭਾਵੇਂ ਪੰਜ ਪ੍ਰਵਾਸੀਆਂ 'ਤੇ ਕੇਸ ਵੀ ਰਜਿਸਟਰਡ ਹੋਇਆ, ਪਰ ਉਹ ਸਾਰੇ ਛੱਡ ਦਿੱਤੇ ਗਏ। ਇਨ੍ਹਾਂ ਦੰਗਿਆਂ ਵਿਚ ਛੇ ਦੇ ਕਰੀਬ ਪ੍ਰਵਾਸੀ ਜ਼ਖਮੀ ਹੋਏ ਸਨ। ਪਰ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ ਸੀ। ਇਤਿਹਾਸਕਾਰਾਂ ਮੁਤਾਬਕ ਇਨ੍ਹਾਂ ਵਿਚੋਂ ਕਾਫੀ ਕੈਨੇਡਾ ਵੱਲ ਵਾਪਸ ਚਲੇ ਗਏ ਸਨ ਤੇ ਬਾਕੀ ਰੇਲ ਰਾਹੀਂ ਆਸਟਰੀਆ ਸ਼ਹਿਰ ਆ ਗਏ ਸਨ। ਇਤਿਹਾਸ ਦੇ ਮਸ਼ਹੂਰ ਪ੍ਰੋਫੈਸਰ ਪਾਲ ਐਗਲਸਵਰਗ, ਵਰਲਡਨ ਯੂਨੀਵਰਸਿਟੀ ਨੇ ਬੈਲਿੰਘਮ ਦੇ ਇਨ੍ਹਾਂ ਦੰਗਿਆਂ ਨੂੰ ਗਦਰ ਲਹਿਰ ਦੀ ਸ਼ੁਰੂਆਤ ਵਜੋਂ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਆਪਣੇ ਇਕ ਲੇਖ 'ਵਾਸ਼ਿੰਗਟਨ ਰਾਜ ਵਿਚ ਪੰਜਾਬੀ ਵਿਰੋਧੀ ਦੁਸ਼ਮਣੀ, ਗਦਰ ਲਹਿਰ ਦੀ ਸ਼ੁਰੂਆਤ' ਵਿਚ ਲਿਖਿਆ ਹੈ ਕਿ 'ਤੁਲੀ ਸਿੰਘ ਜੌਹਲ ਉਨ੍ਹਾਂ ਸੈਂਕੜੇ ਲੋਕਾਂ ਵਿਚੋਂ ਇੱਕ ਸੀ, ਜਿਨ੍ਹਾਂ ਨੂੰ 1907 ਵਿਚ ਬੈਲਿੰਘਮ ਵਿਚੋਂ "ਧੱਕਿਆ" ਗਿਆ ਸੀ ਅਤੇ ਕੈਲੀਫੋਰਨੀਆ ਵਿਚ ਸਰਾਪ ਦਿੱਤਾ ਗਿਆ ਸੀ, ਜਿੱਥੇ ਉਹ ਰੇਲਵੇ ਅਤੇ ਅੰਗੂਰਾਂ ਦੇ ਬਾਗਾਂ ਦੀਆਂ ਨੌਕਰੀਆਂ 'ਤੇ ਕੰਮ ਕਰਦਾ ਸੀ। ਉਸਨੇ ਆਪਣੇ ਆਪ ਨੂੰ ਅੰਗਰੇਜ਼ੀ ਅਤੇ ਪੰਜਾਬੀ ਵਿਚ ਪੜ੍ਹਨਾ ਅਤੇ ਲਿਖਣਾ, ਗ਼ਦਰ ਦੇ ਅਖ਼ਬਾਰ ਪੜ੍ਹਨਾ ਅਤੇ ਗਰਮੀਆਂ ਵਿਚ ਖੇਤਾਂ ਵਿਚ ਕੰਮ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਮਿਲਦਾ ਸੀ। ਬਹੁਤ ਸਾਰੇ ਸਿੱਖ ਵਰਕਰਾਂ ਵਾਂਗ ਉਹ ਵੀ ਗ਼ਦਰ ਸਮਰਥਕ ਬਣ ਗਿਆ। ਜਦੋਂ ਉਹ 1914 ਵਿਚ ਹੋਰ ਸਮਰਥਕਾਂ ਨਾਲ ਭਾਰਤ ਵਾਪਸ ਆਇਆ, ਤਾਂ ਉਸਨੂੰ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ, ਅਤੇ ਉਸਦੀ ਰਿਹਾਈ ਤੋਂ ਬਾਅਦ ਉਸਨੂੰ ਅੱਠ ਸਾਲਾਂ ਲਈ ਉਸਦੇ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਪਰੋਕਤ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਬੈਲਿੰਘਮ ਵਿਚ ਸਿੱਖਾਂ ਅਤੇ ਪੂਰਵੀ ਭਾਰਤੀ ਪ੍ਰਵਾਸੀਆਂ ਵਿਰੁੱਧ ਹੋਏ ਦੰਗਿਆਂ ਕਰਕੇ, ਗਦਰ ਲਹਿਰ ਦੀ ਸ਼ੁਰੂਆਤ ਲਈ ਚੰਗਾਰੀ ਇਥੋਂ ਲੱਗ ਚੁੱਕੀ ਸੀ।


ਇਥੇ ਇਹ ਨੋਟ ਕਰਨਾ ਬਹੁਤ ਮਹੱਤਵਪੂਰਨ ਹੈ ਕਿ ਜੋ ਸਿੱਖ ਵਿਰੋਧੀ ਅਤੇ ਪੂਰਵੀ ਭਾਰਤੀਆਂ ਵਿਰੋਧੀ ਦੰਗੇ ਹੋਏ, ਜੋ ਕਿ ਮਨੁੱਖੀ ਮਾਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸੀ, ਤਾਂਹੀ ਇਨ੍ਹਾਂ ਦੰਗਿਆਂ ਦੇ 100ਵੀਂ ਵਰ੍ਹੇਗੰਢ ਦੇ ਮੌਕੇ 'ਤੇ ਵਟਕਾਮ ਕਾਊਂਟੀ ਦੇ ਕਾਰਜਕਾਰੀ, ਪੀਟ ਕ੍ਰੇਮਨ ਅਤੇ ਬੇਲਿੰਘਮ ਦੇ ਮੇਅਰ ਟਿਮ ਡਗਲਸ ਨੇ 4 ਸਤੰਬਰ, 2007 ਦਿਨ ਨੂੰ 'ਇਲਾਜ ਅਤੇ ਮੇਲ ਮਿਲਾਪ ਦਿਨ,' (ਡੇ ਆਫ ਹੀਲਿੰਗ ਐਂਡ ਰੀਕਸੀਲੇਸ਼ਨ) ਮਨਾਉਣ ਦਾ ਐਲਾਨ ਕੀਤਾ। ਸਾਨੂੰ ਸਭ ਨੂੰ ਇਹ ਹੰਭਲਾ ਮਾਰਨਾ ਚਾਹੀਦਾ ਹੈ, ਕਿ ਗਦਰ ਲਹਿਰ ਦੇ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ, ਜਿਨ੍ਹਾਂ ਕਰਕੇ ਭਾਰਤ ਵਿਚ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਦੇ ਲਈ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਗਿਆ ਅਤੇ ਅਮਰੀਕਾ ਵਿਚ ਵੱਖ-ਵੱਖ ਥਾਵਾਂ ਤੇ ਗਦਰੀ ਬਾਬਿਆਂ ਨਾਲ ਵਾਪਰੀਆਂ ਇਤਿਹਾਸ ਵਿਚ ਵੱਖ-ਵੱਖ ਘਟਨਾਵਾਂ ਨੂੰ ਪ੍ਰਗਟ ਕਰੀਏ, ਤਾਂ ਕਿ ਆਉਂਦੀਆਂ ਪੀੜ੍ਹੀਆਂ ਇਸ ਤੋਂ ਸੇਧ ਲੈ ਕੇ ਆਪਣੇ ਦੇਸ਼, ਆਪਣੀ ਆਜ਼ਾਦੀ ਅਤੇ ਮਨੁੱਖਤਾ ਦੀ ਹੋਂਦ ਕਾਇਮ ਕਰਨ ਲਈ ਹਮੇਸ਼ਾ ਸੇਧ ਲੈਂਦੀਆਂ ਰਹਿਣ। ਮੈਂ ਇੰਡੋ ਯੂ-ਐੱਸ. ਹੈਰੀਟੇਜ਼, ਫ਼ਰਿਜ਼ਨੋ, ਸੰਸਥਾ ਦੀ ਪ੍ਰਸੰਸਾ ਕਰਦਾ ਹਾਂ, ਜਿਨ੍ਹਾਂ ਨੇ ਪਿਛਲੇ ਦੋ ਦਹਾਕਿਆਂ ਤੋਂ ਗ਼ਦਰੀ ਬਾਬਿਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਤਾਜ਼ਾ ਰੱਖਣ ਦਾ ਬੀੜਾ ਚੁੱਕਿਆ ਹੋਇਆ ਹੈ।

# ਕੇਸ਼ੋਪੁਰ ਛੰਭ, ਗੁਰਦਾਸਪੁਰ 'ਚ ਪਰਵਾਸੀ ਪੰਛੀਆਂ ਦਾ ਕੁਦਰਤੀ ਮੇਲਾ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA













ਪੰਛੀਆਂ ਦਾ ਕੁਦਰਤੀ ਮਾਹੌਲ ਵਿਚ ਜੀਣਾ, ਕੁਦਰਤੀ ਖਾਣ-ਪੀਣ ਦੇ ਸਾਧਨਾਂ ਵਿਚ ਰਹਿਣਾ, ਮਨੋਜੰਜਨ ਕਦਰਾਂ-ਕੀਮਤਾਂ ਨੂੰ ਲੱਭਣਾ, ਰੈਣ-ਬਸੇਰੇ ਲਈ ਆਪਣੀ ਜੀਵਨ-ਸ਼ੈਲੀ ਦੇ ਅਨੁਕੂਲ ਸਥਾਨ ਲੱਭਣੇ, ਪੰਛੀਆਂ ਦੇ ਵੀ ਸੁਭਾਅ ਵਿਚ ਸ਼ਾਮਲ ਹੁੰਦਾ ਹੈ। ਪੀੜ੍ਹੀ ਦਰ ਪੀੜ੍ਹੀ ਜੀਵਨ ਦੀਆਂ ਕਦਰਾਂ-ਕੀਮਤਾਂ ਪੰਛੀ ਖੁਦ ਭਾਲਦੇ ਹਨ। ਹਰ ਪ੍ਰਾਣੀ ਨੂੰ ਖ਼ੂਬਸੂਰਤੀ ਵੇਖਣ ਨਾਲ ਮਨੋਰੰਜਨ, ਸਕੂਨ, ਆਨੰਦ ਅਤੇ ਅਧਿਆਤਮਿਕਤਾ ਸੁਭਾਵਿਕ ਤੌਰ 'ਤੇ ਹੀ ਪ੍ਰਾਪਤ ਹੋ ਜਾਂਦੀ ਹੈ।

ਹਰ ਸਾਲ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਕੇਸ਼ੋਪੁਰ (ਬਹਿਰਾਮਪੁਰ ਇਲਾਕਾ) ਛੰਭ ਗੁਰਦਾਸਪੁਰ (ਪੰਜਾਬ) ਵਿਖੇ ਹਜ਼ਾਰਾਂ ਹੀ ਪਰਵਾਸੀ ਅਤੇ ਦੇਸੀ ਪੰਛੀ ਮਿਲਕੇ ਇਕ ਭਾਰੀ, ਮੀਲਾਂ ਤੱਕ ਲੰਬਾ ਕੁਦਰਤੀ ਮੇਲਾ ਹੋਂਦ ਵਿਚ ਲਿਆਉਂਦੇ ਹਨ। ਇਹ ਛੰਭ ਦਾ ਇਲਾਕਾ ਲਗਭਗ 850 ਏਕੜ ਇਲਾਕੇ ਵਿਚ ਫੈਲਿਆ ਹੋਇਆ ਹੈ।

ਪਿੰਡ ਕੇਸ਼ੋਪੁਰ ਛੰਭ ਦੇ ਇਲਾਕੇ ਵੱਲ ਸਰਦੀਆਂ ਦੀ ਸੁੰਦਰ ਰੁੱਤ ਦਾ ਮੰਗਲਾਚਰਣ 'ਤੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਆਉਂਦੀਆਂ ਹਨ। ਕੇਸ਼ੋਪੁਰ ਕਮਿਊਨਿਟੀ ਰਿਜ਼ਰਵ ਵਿਚ ਪਿਛਲੇ ਸਾਲ ਨਾਲੋਂ ਇਸ ਸਾਲ ਪਰਵਾਸੀ ਪੰਛੀਆਂ ਦੀ ਸੰਖਿਆ ਪੰਜ ਹਜ਼ਾਰ ਵਧ ਗਈ ਹੈ। ਪਰਵਾਸੀ ਪੰਛੀਆਂ ਦੀ ਸੰਖਿਆ ਵਧ ਕੇ 25302 ਹੋ ਗਈ ਹੈ, ਜਦਕਿ ਪਿਛਲੇ ਸਾਲ ਇਸਦੀ ਸੰਖਿਆ 20300 ਸੀ। ਇਸਦਾ ਖੁਲਾਸਾ ਵਾਈਲਡ ਲਾਈਵ ਵਿਭਾਗ ਦੁਆਰਾ ਕਰਾਏ ਗਏ ਸਰਵੇਖਣ ਵਿਚ ਹੋਇਆ ਹੈ। ਨਵੰਬਰ ਤੋਂ ਅਪ੍ਰੈਲ ਤੱਕ ਕਾਫੀ ਸੰਖਿਆ ਵਿਚ ਪਰਵਾਸੀ ਪੰਛੀ ਸਾਈਬੇਰੀਆ, ਰੂਸ, ਚੀਨ, ਤਿੱਬਤ ਆਦਿ ਤੋਂ ਆਉਂਦੇ ਹਨ। ਸਰਵੇਖਣ ਵਿਚ ਪੰਜਾਬ ਫੋਰੈਸਟ ਐਂਡ ਵਾਈਲਡ ਲਾਈਫ ਪਰੀਜਰਵੇਸ਼ਨ ਵਿਭਾਗ ਏਵੀਅਨ ਹੈਬੀਟੈਂਟ ਐਂਡ ਵੇਅਰਲੈਂਡ ਕੰਜ਼ਰਵੇਸ਼ਨ ਸੁਸਾਇਟੀ ਚੰਡੀਗੜ੍ਹ ਬਰਲਜ਼ ਕਲੱਬ, ਵਰਲਡ ਵਾਈਡ ਫੰਡ ਫਾਰ ਵਾਈਲਡ ਲਾਈਫ, ਨੇਚਰ ਗਾਈਡ ਕਲੱਬ ਐਂਡ ਪੰਜਾਬ ਟੂਰਿਜ਼ਮ ਵਿਭਾਗ ਨੇ ਹਿੱਸਾ ਲਿਆ। ਪੰਛੀਆਂ ਦੀ ਗਣਨਾ ਵਿਚ ਪਰਵਾਸੀ ਪੰਛੀਆਂ ਦੀਆਂ ਪ੍ਰਮੁੱਖ ਜਾਤੀਆਂ ਵਿਚ ਕਾਮਨ ਟੀਲ, ਗੈਲਵਾੜ, ਨਾਰਦਰਨ ਸ਼ਾਵਰਲਰ 2, ਪਿੰਨਟੇਲ , ਕੂਟਸ ਪਾਏ ਗਏ ਹਨ। ਇਸ ਤੋਂ ਇਲਾਵਾ ਹੋਰ ਪੰਛੀਆਂ ਵਿਚ ਵਲੀਨੇਬਡ ਸਟਾਰਕ, ਪੈਟੇਲ ਸਟਾਰਕ, ਰੈਡ ਨੈਬਡ ਇੰਬਜ਼, ਸਾਰਸ ਕਰੇਨ, ਨਾਰਦਰਨ ਲੈਪ ਬਵਗ ਵੀ ਵੱਡੀ ਮਾਤਰਾ ਵਿਚ ਪਾਏ ਗਏ ਹਨ। ਵੂਲੀ ਨੇਕਸਡ ਸਟਾਰਕ ਵਿਰਲਾ-ਟਾਂਵਾ ਪੰਛੀ ਹੈ, ਜਿਸ ਦੀ ਜਨਸੰਖਿਆ ਨਿਰੰਤਰ ਘਟਦੀ ਜਾ ਰਹੀ ਹੈ। ਵਿਭਾਗ ਵਲੋਂ ਜੰਗਲੀ ਜੀਵ ਸੁਰੱਖਿਆ ਦੇ ਹੋਰ ਪ੍ਰੋਜੈਕਟ ਚਲਾਏ ਜਾ ਰਹੇ ਹਨ।

ਇਕ ਅਧਿਕਾਰੀ ਨੇ ਦੱਸਿਆ ਕਿ ਹਰ ਸਾਲ ਪਰਵਾਸੀ ਪੰਛੀਆਂ ਦੀ ਸੰਖਿਆ ਵਧਣ ਦੇ ਕਾਰਨ ਹਨ ਪੰਛੀ ਵਿਹਾਰ ਵਿਚ ਚਲਾਇਆ ਜਾ ਰਿਹਾ ਈਕੋ ਟੂਰਿਜ਼ਮ ਪ੍ਰੋਜੈਕਟ, ਇਸਦੇ ਤਹਿਤ 100 ਏਕੜ ਖੇਤਰ ਵਿਚੋਂ ਬੂਟੀ ਹਟਾਈ ਗਈ ਹੈ। ਇਸ ਨਾਲ ਪੰਛੀਆਂ ਦੇ ਲਈ ਪਾਣੀ ਦਾ ਏਰੀਆ ਵਧ ਗਿਆ ਹੈ। ਇਸ ਵਿਚ 8 ਕਿਲੋਮੀਟਰ ਸੜਕ ਬਣਾਈ ਗਈ ਹੈ।

ਕੇਸ਼ੋਪਰ ਛੰਭ ਦਾ ਇਲਾਕਾ ਖੁੱਲ੍ਹੇ ਡੁੱਲ੍ਹੇ ਕੁਦਰਤੀ ਛੱਪੜਾਂ ਵਾਲਾ, ਉਚੀਆਂ, ਦਰਮਿਆਨੀਆਂ ਅਤੇ ਛੋਟੀਆਂ ਜੜ੍ਹੀਆਂ ਬੂਟੀਆਂ, ਤਰ੍ਹਾਂ-ਤਰ੍ਹਾਂ ਦੇ ਘਾਹ ਵਾਲਾ ਸੁੰਦਰ, ਦਿਲਕਸ਼, ਮਨੋਰੰਜਨ ਪਾਰਕ ਕੁਦਰਤੀ ਵੱਸਿਆ ਇਲਾਕਾ ਹੈ। ਕੁਦਰਤੀ ਛੱਪੜਨੁਮਾਂ ਝੀਲਾਂ ਦੀ ਭਰਮਾਰ, ਕੁਦਰਤੀ ਲਘੂ ਜੰਗਲਾਤੀ ਇਲਾਕਾ, ਕੀਟ-ਪਤੰਗਿਆਂ ਦਾ ਰੈਣ-ਬਸੇਰਾ ਅਤੇ ਕਈ ਤਰ੍ਹਾਂ ਦੇ ਜਾਨਵਰ ਵੀ ਇਥੇ ਪਨਾਹ ਲੈਂਦੇ ਹਨ। ਕੁਝ ਪੰਛੀ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਪਾਣੀ ਵਿਚ ਹੀ ਤੈਰਦੇ ਰਹਿੰਦੇ ਹਨ। ਵੱਡੇ ਛੱਪੜਾਂ ਦੇ ਕਿਨਾਰਿਆਂ ਉਪਰ ਆ ਕੇ ਆਪਸ ਵਿਚ ਕਲੋਲ ਕਰਦੇ, ਅਠਖੇਲੀਆਂ ਕਰਦੇ, ਮਸਤੀਆਂ ਮਾਰਦੇ, ਵੱਖ-ਵੱਖ ਮਨੋਰੰਜਨ-ਮਨਮੋਹਕ ਆਵਾਜ਼ਾਂ ਕੱਢ ਕੇ ਕੁਦਰਤ ਦੀ ਮਾਂਗ ਵਿਚ ਖ਼ੂਬਸੂਰਤੀ ਦਾ ਸਿੰਦੂਰ ਬਿਖੇਰਦੇ। ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਦੀਆਂ ਆਵਾਜ਼ਾਂ ਦਾ ਮਿਸ਼ਰਣ ਇਕ ਜੰਨਤ ਵਰਗਾ ਨਜ਼ਾਰਾ ਦੇਂਦਾ।

ਗੁਰਦਾਸਪੁਰ ਤੋਂ ਲਗਭਗ ਛੇ ਕਿਲੋਮੀਟਰ ਦੀ ਦੂਰ, ਬਹਿਰਾਮਪੁਰਪੁਰ ਰੋਡ ਦੇ ਨਾਲ ਸਥਿਤ ਅਨੇਕਾਂ ਹੀ ਮੀਲਾਂ ਵਿਚ ਫੈਲਿਆ ਛੰਭ ਦਾ ਇਲਾਕਾ ਵਿਲੱਖਣ ਸਥਾਨ ਰੱਖਦਾ ਹੋਇਆ ਕੁਦਰਤ ਦੀ ਮਿਹਰਬਾਨੀ ਅਤੇ ਸ਼ੁੱਭ ਇਛਾਵਾਂ ਸਹਿਤ ਆਪਣੀ ਹੋਂਦ ਬਣਾਈ ਬੈਠਾ ਹੈ। ਇਸ ਇਲਾਕੇ ਦੇ ਨਾਲ ਹੀ ਥੋੜ੍ਹੀ ਦੂਰੀ 'ਤੇ ਪਾਕਿਸਤਾਨ ਦੀ ਸਰਹੱਦ ਲਗਦੀ ਹੈ। ਇਸ ਇਲਾਕੇ ਵੱਲ 40 ਤਰ੍ਹਾਂ ਦੇ ਰੁੱਖ, 32 ਕਿਸਮ ਦੀਆਂ ਜੜ੍ਹੀ-ਬੂਟੀਆਂ ਅਤੇ ਅਨੇਕ ਪ੍ਰਕਾਰ ਦੀਆਂ ਫਸਲਾਂ ਹੁੰਦੀਆਂ ਹਨ। ਬਹਿਰਾਮਪੁਰ ਇਲਾਕੇ ਦੀ ਬਾਸਮਤੀ ਅੱਜ ਵੀ ਮਸ਼ਹੂਰ ਹੈ। ਇਸ ਕੁਦਰਤੀ ਸਾਧਨਾਂ ਵਾਲੀ ਜ਼ਮੀਨ ਵਿਚ ਭੇਹ (ਕਮਲ ਕੱਕੜੀ) ਅਤੇ ਮੱਛੀ ਪਾਲਣ ਅਤੇ ਸੰਘਾੜੇ ਦੀ ਫਸਲ ਦਾ ਧੰਦਾ ਜ਼ੋਰਾਂ 'ਤੇ ਹੈ। ਵੱਡੇ-ਵੱਡੇ ਛੱਪੜਨੁਮਾਂ ਝੀਲ ਵਿਚ ਮੁਰਗਾਬੀਆਂ ਦੇ ਝੁੰਡ ਜਦ ਤੈਰਦੇ ਹਨ, ਤਾਂ ਵੇਖਣਯੋਗ ਹੁੰਦਾ ਹੈ। ਮੁਰਗਾਬੀਆਂ ਜਦ ਡੁਬਕੀ ਲਗਾ ਕੇ ਉਲਟਬਾਜ਼ੀਆਂ ਮਾਰਦੀਆਂ ਹਨ, ਤਾਂ ਬੜਾ ਚੰਗਾ ਲੱਗਦਾ ਹੈ। ਬੱਚਿਆਂ ਦੇ ਵੇਖਣ ਵਾਲਾ ਦ੍ਰਿਸ਼ ਹੁੰਦਾ ਹੈ। ਬੱਚਿਆਂ ਦੇ ਮਨੋਰੰਜਨ ਲਈ ਇਕ ਵਧੀਆ ਸਥਾਨ ਹੈ। ਮੁਰਗਾਬੀਆਂ ਦੀਆਂ ਚਿੱਟੀਆਂ ਚੁੰਝਾਂ, ਕਾਲੀਆਂ ਧੌਣਾਂ, ਕਾਲਾ ਭੂਰਾ ਆਕਰਸ਼ਕ ਤਨ ਸੋਹਣੇ ਲੱਗਦੇ ਹਨ। ਇਕ ਮੁਰਗਾਬੀ 2 ਸੈਕਿੰਡ ਤੱਕ ਪਾਣੀ ਵਿਚ ਧੌਣ ਡੁਬ ਕੇ ਡੁਬਕੀ ਮਾਰਨ ਦੀ ਸਮਰਥਾ ਰੱਖਦੀ ਹੈ। ਇਨ੍ਹਾਂ ਦੇ ਜਵਾਨ ਬੱਚੇ ਵੀ ਡੁਬਕੀ ਮਾਰਨ ਵਿਚ ਮਾਹਿਰ ਹੁੰਦੇ ਹਨ।

ਖਾਸ ਕਰਕੇ ਇਸ ਵਿਚ ਖ਼ੂਬਸੂਰਤ ਚਾਰ-ਦੀਵਾਰੀ, ਰੈਸਟੋਰੈਂਟ, ਗੱਡੀਆਂ, ਜਨਰੇਟਰ, ਹਾਲ, ਕਾਰ-ਪਾਰਕਿੰਗ, ਰਿਹਾਇਸ਼ੀ ਕਮਰੇ, ਪੁੱਛਗਿੱਛ ਕੇਂਦਰ, ਗਾਈਡ, ਡਿਸਪਲੇਅ ਸਕਰੀਨ ਆਦਿ ਸਹੂਲਤਾਂ ਹਨ।

ਛੰਭ ਦੀ ਖ਼ੂਬਸੂਰਤੀ ਅਤੇ ਆਧੁਨਿਕਤਾ ਬਾਰੇ ਜਾਣਕਾਰੀ ਦਿੰਦੇ ਹੋਏ ਮਹਿਕਮੇ ਦੇ ਇਕ ਮੁਲਾਜ਼ਮ ਸੁਖਦੇਵ ਅਤੇ ਇਕ ਪ੍ਰਤਿਸ਼ਠਿਤ ਵਿਅਕਤੀ ਮਨਜੀਤ ਸਿੰਘ ਡਾਲਾ ਨੇ ਦੱਸਿਆ ਕਿ ਛੰਭ ਨੂੰ ਫਬੀਲਾ ਰੂਪ ਦੇਣ ਲਈ ਉਸ ਦੀ ਸਫਾਈ ਕੀਤੀ ਗਈ ਹੈ। ਛੰਭ ਦੇ ਪਾਣੀ ਦੇ ਵਿਚਕਾਰ ਜ਼ਮੀਨ ਦਾ ਕੁਝ ਉਭਰਦਾ ਹਿੱਸਾ ਰੱਖਿਆ ਗਿਆ ਹੈ, ਜਿਸ ਵਿਚ ਪਾਣੀ ਨਹੀਂ ਆਉਂਦਾ। ਪੰਛੀ ਇਸ ਜਗ੍ਹਾ ਉਪਰ ਧੁੱਪ ਦਾ ਨਜ਼ਾਰਾ ਲੈ ਸਕਣਗੇ। ਛੰਭ ਦੀ ਸੁੰਦਰਤਾ ਤੇ ਰੋਜ਼ਗਾਰ ਲਈ 3000 ਤਰ੍ਹਾਂ ਦੇ ਬੂਟੇ ਆਦਿ ਲਗਾਏ ਗਏ ਹਨ। ਇਸ ਇਲਾਕੇ ਦੇ ਕਈ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਇਸ ਅਸਥਾਨ ਵਿਚ ਕੇਲੇ ਦੀ ਫਸਲ ਵੀ ਆਸਾਨੀ ਨਾਲ ਹੋ ਸਕਦੀ ਹੈ, ਕਿਉਂਕਿ ਇਸ ਇਲਾਕੇ 'ਚ ਕੇਲੇ ਦੇ ਭਰਪਰ ਬੂਟੇ ਵੇਖਣ ਨੂੰ ਮਿਲੇ ਹਨ।

ਇਸ ਇਲਾਕੇ ਦੇ ਪਿੰਡਾਂ ਵਿਚ ਸੈਲਫ ਹੈਲਪ ਗਰੁੱਪ ਤਿਆਰ ਕੀਤੇ ਗਏ ਹਨ, ਜੋ ਬੂਟੀਆਂ ਤੇ ਪੌਦਿਆਂ ਤੋਂ ਅਨੇਕਾਂ ਕਾਰਜ ਕਰਨਗੇ। ਜਿਸ ਤਰ੍ਹਾਂ ਇਨ੍ਹਾਂ ਪੌਦਿਆਂ ਤੋਂ ਛਿੱਕੂ, ਪੱਖੀਆਂ, ਚੰਗੇਰਾਂ, ਮੂੜ੍ਹੇ ਅਤੇ ਘਰ ਦੀ ਸਜਾਵਟ ਲਈ ਕਈ ਤਰ੍ਹਾਂ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਣਗੀਆਂ। ਜੜ੍ਹੀ-ਬੂਟੀਆਂ ਤੋਂ ਦਵਾਈਆਂ ਵੀ ਤਿਆਰ ਕੀਤੀਆਂ ਜਾਣਗੀਆਂ।

ਇਸ ਛੰਭ ਵਿਚ ਸੁੰਦਰ ਰਸਤੇ ਬਣਾਏ ਜਾ ਰਹੇ ਹਨ। ਲਗਭਗ 8 ਕਿਲੋਮੀਟਰ ਦੀਆਂ ਕੱਚੀਆਂ ਸੁੰਦਰ ਸੜਕਾਂ ਬਣਨਗੀਆਂ। ਇਸ ਸਾਰੇ ਪ੍ਰਯੋਜਨ ਵਿਚ ਇਸ ਪਛੜੇ ਸਰਹੱਦੀ ਇਲਾਕੇ ਦੇ ਅਨੇਕਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ। ਇਸ ਪਛੜੇ ਹੋਏ ਛੰਭ ਵਰਗਾ ਇਲਾਕਾ ਏਸ਼ੀਆ ਦੇ ਸੁੰਦਰ, ਦਿਲਕਸ਼, ਫਬੀਲਾ ਅਤੇ ਯਾਦਗਾਰੀ ਸਥਾਨ ਬਣੇਗਾ।

ਇਸ ਸਾਰੇ ਪ੍ਰੋਜੈਕਟ ਲਈ ਸਕਾਟਲੈਂਡ ਤੋਂ ਆਈ ਇਕ ਮਹਿਲਾ ਵਿਗਿਆਨੀ ਨੇ ਵੱਖ-ਵੱਖ ਤਰ੍ਹਾਂ ਦੀ ਟ੍ਰੇਨਿੰਗ ਵੀ ਦਿੱਤੀ ਹੈ। ਇਸ ਇਲਾਕੇ ਨੂੰ ਵੇਖਣ ਲਈ ਦੇਸ਼-ਵਿਦੇਸ਼ ਦੇ ਲੋਕ ਆਉਂਦੇ ਰਹਿੰਦੇ ਹਨ, ਜਦੋਂਕਿ ਆਧੁਨਿਕ ਸਹੂਲਤਾਂ ਵਿਚ ਸਥਾਨ ਬਣ ਜਾਵੇਗਾ, ਤਾਂ ਇਸ ਸਥਾਨ ਦੀ ਮਹੱਤਤਾ, ਮਨੋਰੰਜਨ ਅਤੇ ਆਮਦਨ ਦੇ ਵਧਣ ਦੇ ਨਾਲ-ਨਾਲ ਵਿਸ਼ਵ-ਪ੍ਰਸਿੱਧੀ ਸਥਾਨ ਕਹਿਲਾਏਗਾ। ਇਸ ਸਾਰੇ ਪ੍ਰੋਜੈਕਟ ਦਾ ਸਮਾਂ ਤਿੰਨ ਸਾਲ ਹੈ, ਜਦਕਿ ਇਸ ਦਾ ਇਕ ਸਾਲ ਪੂਰਾ ਹੋ ਚੁੱਕਾ ਹੈ ਅਤੇ ਕਾਫੀ ਕਾਰਜ ਹੋ ਚੁੱਕਾ ਹੈ। ਮਨਜੀਤ ਸਿੰਘ ਡਾਲਾ ਨੇ ਦੱਸਿਆ ਕਿ ਸੈਂਟਰ ਅਤੇ ਪੰਜਾਬ ਸਰਕਾਰ ਨੂੰ ਵਿਗਿਆਪਨ ਅਤੇ ਮੀਡੀਆ ਰਾਹੀਂ ਦੁਨੀਆਂ ਦੇ ਨਕਸ਼ੇ 'ਤੇ ਲਿਆਉਣਾ ਚਾਹੀਦਾ ਹੈ। ਕੇਸ਼ੋਪੁਰ ਛੰਭ ਦੀਆਂ ਸੰਪਰਕ ਸੜਕਾਂ ਨੂੰ ਮੇਨ ਹਾਈਵੇਅ ਨਾਲ ਜੋੜਿਆ ਜਾਏ। ਅੱਜਕੱਲ੍ਹ ਵੀ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਇਹ ਇਲਾਕਾ ਵੇਖਣ ਦੇ ਲਈ ਆਉਂਦੇ ਰਹਿੰਦੇ ਹਨ। ਦੇਸ਼-ਵਿਦੇਸ਼ ਦੇ ਲੋਕ ਦੂਰ-ਦੂਰ ਤੱਕ ਛੰਭ ਦਾ ਨਜ਼ਾਰਾ, ਅਦਭੁੱਤ ਕੁਦਰਤੀ ਦ੍ਰਿਸ਼ ਅਤੇ ਪੰਛੀਆਂ ਦਾ ਸੰਸਾਰ ਵੇਖਣ ਆਉਂਦੇ ਹਨ

ਦੱਸਿਆ ਜਾਂਦਾ ਹੈ ਕਿ ਕੂੰਝਾ ਜੋੜਾ (ਦੰਪਤੀ) ਇਕੱਠੇ ਉਡਦੇ ਹਨ। ਇਨ੍ਹਾਂ ਦਾ ਆਪਸੀ ਅਥਾਹ ਪਿਆਰ ਹੁੰਦਾ ਹੈ। ਇਕ ਕੂੰਝ ਚੋਗਾ ਚੁੱਗੇ ਤਾਂ ਦੂਸਰਾ ਸਿਰ ਚੁੱਕ ਕੇ ਰਖਵਾਲੀ ਕਰਦਾ ਹੈ। ਅਗਰ ਨਰ ਜਾਂ ਮਾਦਾਂ 'ਚੋਂ ਇਕ ਦਵਾਈ ਖਾਣ ਨਾਲ ਜਾਂ ਵੈਸੇ ਕਿਸੇ ਵਜ੍ਹਾ ਕਰਕੇ ਮਰ ਜਾਏ, ਤਾਂ ਦੂਸਰਾ ਸਾਥੀ ਰੋ-ਰੋ ਕੇ ਬੇਹਾਲ ਹੋ ਜਾਂਦਾ ਹੈ ਅਤੇ ਆਪਣੀ ਜਾਨ ਦੇ ਦੇਂਦਾ ਹੈ। ਕੂੰਝ ਦੇ ਪਿਆਰ ਦੀਆਂ ਅਨੇਕਾਂ ਕਹਾਣੀਆਂ-ਕਵਿਤਾਵਾਂ ਪ੍ਰਾਚੀਨ ਸਮੇਂ ਤੋਂ ਪ੍ਰਚਲਿਤ ਹਨ।

ਖੇਤਾਂ ਵਿਚ ਦਵਾਈਆਂ ਦੀ ਭਰਮਾਰ ਕਰਕੇ ਅਤੇ ਪੋਲੀਥੀਨ ਦੇ ਲਿਫਾਫਿਆਂ ਦੇ ਕਚਰੇ ਕਰਕੇ ਕਈ ਪ੍ਰਾਚੀਨ ਮਹੱਤਵਪੂਰਨ ਜਾਨਵਰ ਤੇ ਕੀਟ-ਪਤੰਗੇ ਖਤਮ ਹੁੰਦੇ ਜਾ ਰਹੇ ਹਨ। ਖਾਸ ਕਰਕੇ ਚੀਜ਼ ਵਹੁਟੀ, ਜੁਗਣੂੰ, ਚਿੜੀਆਂ ਅਤੇ ਇੱਲਾਂ ਵਿਰਲੀਆਂ ਹੀ ਲੱਭਦੀਆਂ ਹਨ। ਜੁਗਣੂੰ ਤਾਂ ਇਸ ਇਲਾਕੇ ਵੱਲ ਲਗਭਗ ਖਤਮ ਹੀ ਹੋ ਗਏ ਹਨ। ਸਬੰਧਿਤ ਮਹਿਕਮੇ ਨੂੰ ਚਾਹੀਦਾ ਹੈ ਕਿ ਕੀਟ-ਪਤੰਗਿਆਂ ਤੋਂ ਇਲਾਵਾ ਪੰਛੀਆਂ ਦੀ ਸਹੀ ਦੇਖਭਾਲ, ਸਾਂਭ-ਸੰਭਾਲ ਅਤੇ ਉਨ੍ਹਾਂ ਦੇ ਦਾਣਾ-ਭੋਜਨ ਦਾ ਸਹੀ-ਸਹੀ ਪ੍ਰਬੰਧ ਕਰੇ, ਤਾਂ ਜੋ ਕੁਦਰਤੀ ਮਾਹੌਲ ਵਿਚ ਖ਼ੂਬਸੂਰਤੀ ਬਣੀ ਰਹੇ।

ਇਸ ਛੰਭ ਦੇ ਇਲਾਕੇ ਦੇ ਪਿੰਡਾਂ ਵਿਚ ਪੇਇੰਗ ਗੈਸਟ ਹਾਊਸ ਵੀ ਮਿਲ ਜਾਂਦੇ ਹਨ, ਕਿਉਂਕਿ ਵਿਦੇਸ਼ੀ ਲੋਕ ਪੇਇੰਗ ਗੈਸਟ ਹਾਊਸਾਂ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਭਵਿੱਖ ਵਿਚ ਇਹ ਸਥਾਨ ਆਪਣੀ ਖ਼ੂਬਸੂਰਤੀ ਦੇ ਜ਼ਰੀਏ ਦੇਸ਼-ਵਿਦੇਸ਼ ਵਿਚ ਪ੍ਰਸਿੱਧੀ ਹਾਸਲ ਕਰਨ ਦੇ ਯੋਗ ਹੈ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 94788-15900 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਿੱਖ ਕੌਮ ਦੇ ਨਾਮ ਸੰਦੇਸ਼

# ਕੰਮ ਅਤੇ ਅਚਾਰ



ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA




ਕੰਮ ਅਤੇ ਅਚਾਰੁ ਜ਼ਿੰਦਗੀ ਦੇ ਬਹੁਤ ਹੀ ਮਹੱਤਵਪੂਰਨ ਪਹਿਲੂ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: "ਸਚੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ॥" ਭਾਵ ਸੱਚ ਸਭ ਤੋਂ ਉਪਰ ਹੈ ਪਰ ਆਚਾਰੁ ਸੱਚ ਤੋਂ ਵੀ ਉਪਰ ਹੈ। ਅੰਗਰੇਜ਼ੀ ਕਵੀ ਕੈਂਸਰ ਦੇ ਆਚਾਰ ਬਾਰੇ ਵਿਚਾਰ ਇਸ ਪ੍ਰਕਾਰ ਹਨ:

If wealth is lost, nothing is lost.

If health is lost, something is lost.

If character is lost, everything is lost.

ਆਦਮੀ ਮੇਂ ਲਾਖੋਂ ਜੌਹਰ ਹੋ; ਅਗਰ ਆਦਮੀਅਤ ਨਹੀਂ ਤੋਂ ਕੁੱਛ ਭੀ ਨਹੀਂ। ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ, ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ST Coleridge says, "He prayeth best, who loveth the creation of God."

ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ। ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ"। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸ਼ੂ ਮਾਨਸ ਜਾਤਿ॥" ਬੰਦਾ ਦੇਖਣ ਨੂੰ ਤਾਂ ਬੰਦਾ ਲੱਗਦਾ ਹੈ, ਪਰ ਕੰਮ ਪਸ਼ੂਆਂ ਵਾਲੇ ਹਨ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਉ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਕੌਮ ਨੂੰ ਇਕੱਠੇ ਰਹਿਣ ਦੀ ਸਿੱਖਿਆ ਦਿੱਤੀ ਸੀ,

"ਹੋਇ ਇਕਤ੍ਰ ਮਿਲੋ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਇ॥
ਹੋਵਹੁ ਹਰਿਨਾਮੇ ਕੀ ਜੋੜੀ ਗੁਰਮੁਖਿ ਬੈਸੋ ਸਫਾ ਵਿਛਾਇ॥"

ਜਬ ਲਗ ਦੁਨੀਆਂ ਰਹੀਐ ਨਾਨਕ,
ਕਿਛੁ ਸੁਣੀਐ ਕਿਛੁ ਕਹੀਐ॥"

ਪਰ ਹੁਣ ਤੱਕ ਕੌਮ ਨੇ ਅਮਲ ਨਹੀਂ ਕੀਤਾ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ।

Be a nice person is he who possesses a good nice person moral character and good Consciences.

What is Character? ਅਚਾਰ ਕੀ ਹੈ ?

Some total traits of the personality is called Character. There are men and men, but every stone is not Gem.

ਬੰਦੇ ਬੰਦੇ ਵਿਚ ਅੰਤਰ, ਕੋਈ ਫੁੱਲ ਤੇ ਕੋਈ ਕੰਕਰ। ਇਕ ਚੰਗਾ ਡਾਕਟਰ, ਇਕ ਚੰਗਾ ਅਧਿਆਪਕ, ਇਕ ਚੰਗਾ ਗਾਇਕ ਤੇ ਇਕ ਚੰਗਾ ਗੀਤਕਾਰ ਹੋਣਾ ਹੋਰ ਗੱਲ ਹੈ ਅਤੇ ਇਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ।

ਪੂਰਨ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਕਿਹਾ ਜਾਂਦਾ ਹੈ ਕਿ ਫਰਿਸ਼ਤੋਂ ਸੇ ਬਿਹਤਰ ਹੈ, ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

Be honest, humble, helpful, respectful, kind, diligent, responsible, humanitarian, sympathetic.

ਹੁਣ ਕੰਮ ਬਾਰੇ ਗੱਲ ਕਰਦੇ ਹਾਂ। Work is worship, ਭਾਵ ਕੰਮ ਹੀ ਪੂਜਾ ਹੈ। Do not shirk work, ਭਾਵ ਕੰਮ ਤੋਂ ਕਦੀ ਜੀਅ ਨਾ ਚੁਰਾਓ। Do not put off till tommorrow ਭਾਵ ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ। ਜਿਹੜਾ ਕੰਮ ਕੱਲ੍ਹ ਕਰਨਾ ਹੈ, ਉਹ ਅੱਜ ਕਰੋ। ਜਿਹੜਾ ਅੱਜ ਕਰਨਾ ਹੈ, ਉਹ ਹੁਣੇ ਕਰੋ। Hard work is the key to success. ਵੁਹ ਕੌਨ ਸਾ ਉਕਤਾ ਹੈ, ਜੋ ਹੋ ਨਹੀਂ ਸਕਤਾ, ਹਿੰਮਤ ਕਰੇ ਇਨਸਾਨ ਤੋ ਹੋ ਕਿਆ ਨਹੀਂ ਸਕਤਾ।

ਕਰ ਖੁਦੀ ਕੋ ਇਤਨਾ ਬੁਲੰਦ ਕਿ ਖੁਦਾ ਖੁਦ ਪੂਛੇ ਕਿ ਬਤਾ ਤੇਰੀ ਰਜ਼ਾ ਕਿਆ ਹੈ ?

Impossible word is found in the dictionary of fools, said Napoleon Bonaparte

ਮਿਟਾ ਦੇ ਆਪਣੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੀਏ, ਜੋ ਦਾਨਾ ਖਾਕ ਮੇ ਮਿਲਕਰ ਗੁਲੇ ਗੁਲਜ਼ਾਰ ਹੋਤਾ ਹੈ।

Think before you speak and look before you leap.

ਅਣਖ, ਗੈਰਤ, ਜ਼ਮੀਰ, ਨੈਤਿਕਤਾ, ਸੱਚ, ਝੂਠ, ਠੀਕ, ਗਲਤ ਤੇ ਚੰਗਾ ਮਾੜਾ ਦੇ ਅਰਥ ਸਮਝਣ ਦਾ ਯਤਨ ਕਰੋ, ਭਾਵ ਨੇਕ ਕੰਮ ਕਰੋ।

ਸ਼ੁੱਭ ਅਮਲਾਂ ਤੇ ਹੋਣੇਂ ਨੇ ਨਿਬੇੜੇ, ਜਾਤਿ ਕਿਸੇ ਪੁੱਛਣੀ ਨਹੀਂ।

# ਸਮਾਨਾਂਤਰ ਸਿਨੇਮਾ ਦਾ ਮੋਢੀ : ਸ਼ਿਆਮ ਬੈਨੇਗਲ



ਪ੍ਰੋ. ਨਵ ਸੰਗੀਤ ਸਿੰਘ
ਪਟਿਆਲਾ : 94176-92015
ਪੰਜਾਬ ਮੇਲ USA




ਹਿੰਦੀ ਫਿਲਮ ਜਗਤ ਦਾ ਚਰਚਿਤ ਨਿਰਦੇਸ਼ਕ ਸ਼ਿਆਮ ਬੈਨੇਗਲ ਨਹੀਂ ਰਿਹਾ। ਬੀਤੇ ਦਿਨੀਂ, 23 ਦਸੰਬਰ 2024 ਨੂੰ, 90 ਸਾਲ ਦੀ ਉਮਰ ਵਿਚ ਉਹਨੇ ਮੁੰਬਈ ਦੇ ਇੱਕ ਹਸਪਤਾਲ ਵਿਚ ਆਖਰੀ ਸਾਹ ਲਿਆ। ਅੰਕੁਰ, ਨਿਸ਼ਾਂਤ, ਮੰਥਨ ਅਤੇ ਭੂਮਿਕਾ ਜਿਹੀਆਂ ਫਿਲਮਾਂ ਦਾ ਡਾਇਰੈਕਟਰ ਸ਼ਿਆਮ ਬੈਨੇਗਲ ਸਮਾਨਾਂਤਰ (ਪੈਰੇਲਲ) ਸਿਨੇਮਾ ਦਾ ਮੋਢੀ ਸੀ। ਉਹਦਾ ਜਨਮ 14 ਦਸੰਬਰ 1934 ਨੂੰ ਤਿਰੂਮਲਗਿਰੀ, ਸਿਕੰਦਰਾਬਾਦ (ਹੁਣ ਹੈਦਰਾਬਾਦ, ਆਂਧਰਪ੍ਰਦੇਸ਼) ਵਿਚ ਮਿਡਲ ਕਲਾਸ ਕੋਂਕਣੀ-ਭਾਸ਼ੀ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਹ ਪ੍ਰਸਿੱਧ ਐਕਟਰ ਤੇ ਫਿਲਮਸਾਜ਼ ਗੁਰੂਦੱਤ ਦਾ ਚਚੇਰਾ ਭਰਾ ਸੀ। ਸ਼ਿਆਮ ਦੇ ਪਿਤਾ ਸ਼੍ਰੀਧਰ ਬੀ. ਬੈਨੇਗਲ ਨੂੰ ਸਟਿਲ ਫੋਟੋਗਰਾਫ਼ੀ ਦਾ ਸ਼ੌਕ ਸੀ, ਜੋ ਮੂਲ ਤੌਰ 'ਤੇ ਕਰਨਾਟਕ ਦੇ ਰਹਿਣ ਵਾਲੇ ਸਨ। ਸ਼ਿਆਮ ਵੀ ਬੱਚਿਆਂ ਦੀਆਂ ਤਸਵੀਰਾਂ ਅਕਸਰ ਖਿੱਚਿਆ ਕਰਦਾ ਸੀ। ਜਦੋਂ ਉਹ 12 ਸਾਲ ਦਾ ਸੀ, ਤਾਂ ਉਹਨੇ ਆਪਣੇ ਪਿਤਾ ਦੇ ਕੈਮਰੇ ਨਾਲ ਪਹਿਲੀ ਫਿਲਮ ਬਣਾਈ ਸੀ।

ਉਹਨੇ ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਐੱਮ.ਏ. ਕੀਤੀ। ਇੱਥੇ ਹੀ ਉਹਨੇ ਹੈਦਰਾਬਾਦ ਫਿਲਮ ਸੋਸਾਇਟੀ ਦੀ ਨੀਂਹ ਰੱਖੀ, ਜੋ ਸਿਨੇਮਾ ਵਿਚ ਉਹਦੇ ਸ਼ਾਨਦਾਰ ਸਫਰ ਦੀ ਸ਼ੁਰੂਆਤ ਸੀ।

2009 ਵਿਚ ਬੀ.ਬੀ.ਸੀ. ਨਾਲ ਇੱਕ ਇੰਟਰਵਿਊ ਵਿਚ ਸ਼ਿਆਮ ਨੇ ਦੱਸਿਆ ਸੀ – "ਮੈਂ ਉਦੋਂ 6-7 ਸਾਲ ਦਾ ਸਾਂ। ਅਸੀਂ ਸਿਕੰਦਰਾਬਾਦ ਫੌਜੀ ਛਾਉਣੀ ਵਿਚ ਰਹਿੰਦੇ ਸਾਂ। ਉੱਥੇ ਇੱਕ ਗੈਰੀਸਨ ਸਿਨੇਮਾ ਸੀ। ਮੈਂ ਜਦੋਂ ਉੱਥੇ ਪਹਿਲੀ ਵਾਰ ਫਿਲਮ ਵੇਖੀ, ਤਾਂ ਇਸ ਤਰ੍ਹਾਂ ਹਿਪਨੋਟਾਈਜ਼ (ਸੰਮੋਹਿਤ) ਹੋ ਗਿਆ, ਜਿਵੇਂ ਹੋਰ ਹੀ ਦੁਨੀਆਂ ਵਿਚ ਆ ਗਿਆ ਹੋਵਾਂ! ਇਹ ਸ਼ਾਇਦ ਕੋਈ ਅੰਗਰੇਜ਼ੀ ਫਿਲਮ 'ਕੈਟ ਪੀਪਲ' ਸੀ। ਇਹ ਇਹ "ਹਾੱਰਰ ਮੂਵੀ' ਸੀ। ਆਡੀਓ-ਵੀਡੀਓ ਮਾਧਿਅਮ ਨਾਲ ਤੁਸੀਂ ਅਜਿਹਾ ਕੁਝ ਵੀ ਕਰ ਸਕਦੇ ਹੋ, ਜੋ ਅਸਲੀ ਦੁਨੀਆਂ ਤੋਂ ਹਟ ਕੇ ਹੋਵੇ! ਫਿਲਮਾਂ ਦੀ ਇਸ ਖਾਸੀਅਤ ਨੇ ਮੈਨੂੰ ਕਾਫੀ ਆਕਰਸ਼ਿਤ ਕੀਤਾ ਸੀ... ਸਭ ਤੋਂ ਪਹਿਲਾਂ ਮੈਂ ਵਿਗਿਆਪਨ ਏਜੰਸੀ ਵਿਚ ਕੰਮ ਕੀਤਾ। ਬੰਬਈ ਆਉਣ ਪਿੱਛੋਂ ਮੈਂ ਕਾਪੀ ਐਡੀਟਰ ਵਜੋਂ ਕੰਮ ਕੀਤਾ। ਪਹਿਲੇ ਸਾਲ ਹੀ ਮੈਂ ਹਿੰਦੋਸਤਾਨ ਲੀਵਰ ਲਈ ਇੱਕ ਵਿਗਿਆਪਨ ਬਣਾਇਆ ਸੀ ਤੇ ਇਹਨੂੰ ਰਾਸ਼ਟਰਪਤੀ ਪੁਰਸਕਾਰ ਮਿਲਿਆ ਸੀ। ਛੇ ਮਹੀਨੇ ਪਿੱਛੋਂ ਹੀ ਮੈਂ ਵਿਗਿਆਪਨ ਫਿਲਮਾਂ ਬਣਾਉਣ ਲੱਗ ਪਿਆ ਅਤੇ 1000 ਤੋਂ ਵੱਧ ਵਿਗਿਆਪਨ ਫਿਲਮਾਂ ਬਣਾਈਆਂ। ਸਿੱਖਣ ਦੇ ਲਿਹਾਜ਼ ਨਾਲ ਇਹ ਮੇਰੇ ਲਈ ਬਹੁਤ ਚੰਗਾ ਰਿਹਾ... ਜਦੋਂ ਮੈਂ ਆਪਣੀ ਪਹਿਲੀ ਫੀਚਰ ਫਿਲਮ ਬਣਾਈ, ਤਾਂ ਮੈਨੂੰ ਫਿਲਮ-ਨਿਰਮਾਣ ਦੇ ਸਾਰੇ ਪਹਿਲੂਆਂ ਦੀ ਜਾਣਕਾਰੀ ਸੀ...।"

1974 ਵਿਚ 'ਅੰਕੁਰ' ਫਿਲਮ ਤੋਂ ਬਤੌਰ ਨਿਰਦੇਸ਼ਕ ਆਪਣਾ ਸਫਰ ਸ਼ੁਰੂ ਕਰਨ ਵਾਲੇ ਬੈਨੇਗਲ ਨੇ 24 ਫਿਲਮਾਂ, 45 ਡਾਕੂਮੈਂਟਰੀਆਂ ਤੇ ਅਣਗਿਣਤ ਵਿਗਿਆਪਨ ਫਿਲਮਾਂ ਬਣਾਈਆਂ। ਉਹਨੇ ਨਿਸ਼ਾਂਤ (1975), ਮੰਥਨ (1976), ਭੂਮਿਕਾ (1977), ਕੋਂਦੂਰਾ (1978), ਜੁਨੂੰਨ (1978), ਕਲਯੁਗ (1981), ਆਰੋਹਨ (1982), ਮੰਡੀ (1983), ਤ੍ਰਿਕਾਲ (1985), ਅੰਤਰਨਾਦ (1991), ਸੂਰਜ ਕਾ ਸਾਤਵਾਂ ਘੋੜਾ (1993), ਮੰਮੋ (1994), ਸਰਦਾਰੀ ਬੇਗ਼ਮ (1996), ਸਮਰ (1999), ਹਰੀ ਭਰੀ (2000), ਜ਼ੁਬੈਦਾ (2001), ਵੈਲਕਮ ਟੂ ਸੱਜਨਪੁਰ (2008) ਆਦਿ ਫਿਲਮਾਂ ਲਈ ਸਫਲ ਨਿਰਦੇਸ਼ਨ ਦਿੱਤਾ। 'ਅੰਕੁਰ' ਵਿਚ ਉਹਨੇ ਆਂਧਰਪ੍ਰਦੇਸ਼ ਦੇ ਕਿਸਾਨਾਂ ਦਾ ਮੁੱਦਾ ਉਠਾਇਆ ਸੀ। 'ਮੰਥਨ' ਦੀ ਵਿਸ਼ੇਸ਼ਤਾ ਇਹ ਸੀ ਕਿ ਇਸਨੂੰ 5 ਲੱਖ ਕਿਸਾਨਾਂ ਨੇ ਮਿਲ ਕੇ ਫਾਈਨਾਂਸ ਕੀਤਾ ਸੀ। 'ਮੁਜੀਬ – ਦ ਮੇਕਿੰਗ ਆਫ਼ ਏ ਨੇਸ਼ਨ' ਉਹਦੀ ਆਖਰੀ ਫਿਲਮ ਸੀ, ਜਿਸਦੀ ਸ਼ੂਟਿੰਗ 2 ਸਾਲ ਚੱਲਦੀ ਰਹੀ। ਇਹ ਫਿਲਮ ਬੰਗਲਾਦੇਸ਼ ਨੇਤਾ ਮੁਜੀਬੁਰ ਰਹਿਮਾਨ ਦੀ ਜ਼ਿੰਦਗੀ 'ਤੇ ਆਧਾਰਿਤ ਸੀ। ਨੇਤਾ ਜੀ ਸੁਭਾਸ਼ ਚੰਦਰ ਬੋਸ : ਦ ਫਾੱਰਗੌਟਨ ਹੀਰੋ, ਜਵਾਹਰ ਲਾਲ ਨਹਿਰੂ ਅਤੇ ਸਤਿਆਜੀਤ ਰੇਅ ਆਦਿ ਤੇ ਡਾਕੂਮੈਂਟਰੀ ਬਣਾਉਣ ਤੋਂ ਇਲਾਵਾ ਬੈਨੇਗਲ ਨੇ ਲੜੀਵਾਰ ਯਾਤਰਾ, ਕਥਾ ਸਾਗਰ ਅਤੇ ਭਾਰਤ: ਏਕ ਖੋਜ ਆਦਿ ਦਾ ਨਿਰਦੇਸ਼ਨ ਵੀ ਕੀਤਾ।

ਬੈਨੇਗਲ ਨੂੰ 1976 ਵਿਚ ਪਦਮਸ਼੍ਰੀ ਅਤੇ 1991 ਵਿਚ ਪਦਮਭੂਸ਼ਣ ਸਨਮਾਨ ਪ੍ਰਾਪਤ ਹੋਏ। 2007 ਵਿਚ ਸਿਨੇਮਾ ਨੂੰ ਦਿੱਤੇ ਯੋਗਦਾਨ ਲਈ ਉਹਨੂੰ ਭਾਰਤੀ ਸਿਨੇਮਾ ਦਾ ਸਰਬਉੱਚ ਸਨਮਾਨ ਦਾਦਾ ਸਾਹਿਬ ਫਾਲਕੇ ਪੁਰਸਕਾਰ ਮਿਲਿਆ। ਸਰਬ ਸ੍ਰੇਸ਼ਟ ਹਿੰਦੀ ਫੀਚਰ ਫਿਲਮ ਲਈ 5 ਵਾਰ ਰਾਸ਼ਟਰੀ ਫਿਲਮ ਪੁਰਸਕਾਰ ਜਿੱਤਣ ਵਾਲਾ ਉਹ ਇਕਲੌਤਾ ਫਿਲਮ ਨਿਰਦੇਸ਼ਕ ਸੀ।

ਇਸੇ ਸਾਲ 14 ਦਸੰਬਰ 2024 ਨੂੰ ਬੈਨੇਗਲ ਨੇ ਫਿਲਮੀ ਕਲਾਕਾਰਾਂ – ਸ਼ਬਾਨਾ ਆਜ਼ਮੀ, ਨਸੀਰੁੱਦੀਨ ਸ਼ਾਹ, ਕੁਲਭੂਸ਼ਨ ਖਰਬੰਦਾ, ਦਿਵਿਆ ਦੱਤਾ, ਰਣਜੀਤ ਕਪੂਰ, ਅਤੁਲ ਤਿਵਾੜੀ, ਕੁਣਾਲ ਕਪੂਰ ਆਦਿ ਨਾਲ ਮਿਲ ਕੇ ਆਪਣਾ 90ਵਾਂ ਜਨਮਦਿਨ ਮਨਾਇਆ ਸੀ। ਉਹਨੇ ਭਾਰਤੀ ਸਿਨੇਮਾ ਨੂੰ ਨਸੀਰੁੱਦੀਨ ਸ਼ਾਹ, ਓਮ ਪੁਰੀ, ਅਮਰੀਸ਼ ਪੁਰੀ, ਅਨੰਤ ਨਾਗ, ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ ਜਿਹੇ ਬਿਹਤਰੀਨ ਕਲਾਕਾਰਾਂ ਦੇ ਨਾਲ ਨਾਲ ਗੋਵਿੰਦ ਨਿਹਲਾਨੀ ਜਿਹਾ ਸਿਨੇਮੇਟੋਗ੍ਰਾਫ਼ਰ ਵੀ ਪ੍ਰਦਾਨ ਕੀਤਾ।

ਉਹ ਯਥਾਰਥਵਾਦੀ ਅਤੇ ਮੁੱਦਾ-ਆਧਾਰਿਤ ਫਿਲਮ ਨਿਰਮਾਣ ਅੰਦੋਲਨ ਦਾ ਸੰਸਥਾਪਕ ਸੀ, ਜਿਸਨੂੰ ਵਿਭਿੰਨ ਨਾਵਾਂ ਨਿਊ ਇੰਡੀਅਨ ਸਿਨੇਮਾ, ਨਿਊ ਵੇਵ ਇੰਡੀਅਨ ਸਿਨੇਮਾ ਅਤੇ ਸਮਾਨਾਂਤਰ ਸਿਨੇਮਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਾਲੀਵੁੱਡ ਵਿਚ ਆਰਟ ਸਿਨੇਮਾ ਦਾ ਮੋਢੀ ਬੈਨੇਗਲ ਆਪਣੇ ਪਿੱਛੇ ਪਤਨੀ ਨੀਰਾ ਬੈਨੇਗਲ ਅਤੇ ਬੇਟੀ ਪੀਆ ਬੈਨੇਗਲ ਨੂੰ ਛੱਡ ਗਿਆ ਹੈ। ਭਾਰਤੀ ਸਿਨੇਮਾ ਦਾ ਇਹ ਦਿੱਗਜ ਨਿਰਦੇਸ਼ਕ ਆਪਣੀ ਵਿਲੱਖਣਤਾ ਲਈ ਚਿਰਕਾਲ ਤੱਕ ਯਾਦ ਰੱਖਿਆ ਜਾਵੇਗਾ।

# ਸੰਸਦ ਦੇ ਦੂਸ਼ਿਤ ਵਾਤਾਵਰਨ ਲਈ ਕੌਣ ਜ਼ਿੰਮੇਵਾਰ?



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਉੱਬਾ ਭਵਨ, ਆਰੀਆਨਗਰ, ਹਿਸਾਰ (ਹਰਿਆਣਾ)-127045
70153-75570 (ਟਾਕ+ਵਟਸਐਪ)
ਪੰਜਾਬ ਮੇਲ USA



ਪਿਛਲੇ ਕੁਝ ਦਿਨਾਂ ਤੋਂ ਸੰਸਦ ਵਿਚ ਜੋ ਕੁਝ ਹੋ ਰਿਹਾ ਹੈ, ਉਸ ਤੋਂ ਦੇਸ਼ ਨਿਰਾਸ਼ ਹੈ। ਸੰਸਦ ਨੂੰ ਚਲਾ ਕੇ ਹੀ ਸਰਕਾਰ ਵਿਰੋਧੀ ਧਿਰ ਦੇ ਸਵਾਲਾਂ ਦਾ ਸਹੀ ਜਵਾਬ ਦੇ ਸਕਦੀ ਹੈ। ਹੰਗਾਮੇ ਦੇ ਮਾਹੌਲ ਵਿਚ ਸੰਸਦ ਮੈਂਬਰਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਨਹੀਂ ਮਿਲਦਾ। ਇਕ ਬੱਚਾ ਵੀ ਸਮਝ ਸਕਦਾ ਹੈ ਕਿ ਖੂਹ 'ਤੇ ਜਾ ਕੇ ਅਤੇ ਨਾਅਰੇਬਾਜ਼ੀ ਕਰਕੇ ਅਤੇ ਹੰਗਾਮਾ ਮਚਾ ਕੇ ਸਦਨ ਦੀ ਕਾਰਵਾਈ ਨੂੰ ਰੋਕ ਕੇ ਕਿਵੇਂ ਰੋਸ ਪ੍ਰਗਟ ਕੀਤਾ ਜਾ ਸਕਦਾ ਹੈ। ਚੰਗੀ ਗੱਲ ਤਾਂ ਹੀ ਕਹੀ ਜਾਏਗੀ, ਜਦੋਂ ਤੁਸੀਂ ਆਪਣੇ ਸਵਾਲ ਸਪੱਸ਼ਟ ਤੌਰ 'ਤੇ ਪੇਸ਼ ਕਰੋ ਅਤੇ ਸਰਕਾਰ ਸਪੱਸ਼ਟ ਜਵਾਬ ਦੇ ਸਕੇ। ਪਰ ਇਸ ਤੋਂ ਵੀ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਸੰਸਦ ਵਿਚ ਅੜਿੱਕੇ ਡਾਹੁਣਾ ਅਪਵਾਦ ਦੀ ਬਜਾਏ ਨਿਯਮ ਬਣ ਗਿਆ ਹੈ ਅਤੇ ਸਾਡੇ ਸਿਆਸਤਦਾਨਾਂ ਨੂੰ ਇਸ ਬਾਰੇ ਕੋਈ ਗਿਲਾ ਨਹੀਂ ਹੈ। ਇਹ ਗਿਰਾਵਟ ਪਿਛਲੇ ਸਾਲਾਂ ਵਿਚ ਬਹੁਤ ਤੇਜ਼ੀ ਨਾਲ ਆਈ ਹੈ। ਸੰਸਦ ਮੈਂਬਰ ਇਕ-ਦੂਜੇ 'ਤੇ ਰੌਲਾ ਪਾਉਂਦੇ ਹਨ, ਵਿਧਾਨਕ ਕਾਗਜ਼ਾਂ ਨੂੰ ਖੋਹ ਲੈਂਦੇ ਹਨ ਅਤੇ ਪਾੜ ਦਿੰਦੇ ਹਨ ਅਤੇ ਛੋਟੇ-ਛੋਟੇ ਮੁੱਦਿਆਂ 'ਤੇ ਸਦਨ ਦੇ ਵਿਚਕਾਰ ਆ ਜਾਂਦੇ ਹਨ। ਪਿਛਲੇ ਸਾਲਾਂ ਵਿਚ ਬਹੁਤੇ ਬਿੱਲ ਬਿਨਾਂ ਚਰਚਾ ਦੇ ਪਾਸ ਹੋ ਗਏ ਹਨ। ਇਹ ਸੰਸਦੀ ਪ੍ਰਣਾਲੀ ਦੀ ਦੁਰਵਰਤੋਂ ਹੈ।

ਹੁਣ ਵਿਰੋਧੀ ਪਾਰਟੀਆਂ ਅਤੇ ਕੁਝ ਸੰਸਦ ਮੈਂਬਰਾਂ ਨੇ ਸੰਸਦ ਨੂੰ ਬਰਬਾਦ ਕਰ ਦਿੱਤਾ ਹੈ। ਦੋਵਾਂ ਸਦਨਾਂ ਵਿਚ ਨਿੱਜੀ ਏਜੰਡਿਆਂ ਨੂੰ ਲੈ ਕੇ ਗੈਰ-ਉਤਪਾਦਕ ਹੰਗਾਮਾ ਕਰਕੇ ਕਾਰਵਾਈ ਨੂੰ ਠੱਪ ਕਰਨਾ ਆਮ ਗੱਲ ਹੈ। ਸੰਸਦ 'ਚ ਰੌਲਾ-ਰੱਪਾ, ਖੂਹ 'ਚ ਨਾਅਰੇਬਾਜ਼ੀ, ਇਕ-ਦੂਜੇ 'ਤੇ ਨਿੱਜੀ ਨਿਸ਼ਾਨੇ ਲਾਉਣੇ ਅਤੇ ਕਦੇ-ਕਦੇ ਹੱਥੋਪਾਈ 'ਚ ਵੀ ਪੈ ਜਾਣਾ ਅੱਜ ਸੰਸਦ ਦੀ ਆਮ ਤਸਵੀਰ ਹੈ। ਆਖ਼ਰ ਸਿਆਸੀ ਪਾਰਟੀਆਂ ਅਤੇ ਸੰਸਦ ਮੈਂਬਰਾਂ ਦਾ ਵਤੀਰਾ ਏਨਾ ਅਰਾਜਕ ਕਿਉਂ ਹੋ ਗਿਆ ਹੈ? ਕੀ ਅੱਜ ਪਾਰਟੀਆਂ ਦੇ ਸਵਾਰਥੀ ਹਿੱਤਾਂ ਨੇ ਸੰਸਦ ਨੂੰ ਮਜ਼ਾਕ ਬਣਾ ਦਿੱਤਾ ਹੈ?

ਸੰਸਦ ਮੈਂਬਰਾਂ ਦੇ ਰਵੱਈਏ ਨੂੰ ਦੇਖ ਕੇ ਅਜਿਹਾ ਨਹੀਂ ਲੱਗਦਾ ਕਿ ਉਨ੍ਹਾਂ ਦਾ ਇਰਾਦਾ ਦੇਸ਼ ਲਈ ਵਿਕਾਸ ਯੋਜਨਾਵਾਂ ਨੂੰ ਮਨਜ਼ੂਰੀ ਦੇਣ ਦਾ ਹੈ। ਇੰਜ ਜਾਪਦਾ ਹੈ, ਜਿਵੇਂ ਸੰਸਦ ਮੈਂਬਰਾਂ ਨੇ ਸਮੁੱਚੇ ਸੰਸਦੀ ਲੋਕਤੰਤਰ ਨੂੰ ਬੰਧਕ ਬਣਾ ਲਿਆ ਹੋਵੇ। ਕਿਉਂਕਿ ਅੱਜਕੱਲ੍ਹ ਲੋਕ ਸਭਾ ਅਤੇ ਰਾਜ ਸਭਾ ਦੀਆਂ ਕਾਰਵਾਈਆਂ ਟੀ.ਵੀ. 'ਤੇ ਲਾਈਵ ਦਿਖਾਈਆਂ ਜਾਂਦੀਆਂ ਹਨ, ਦੇਸ਼ ਦਾ ਆਮ ਆਦਮੀ ਵੀ ਹਰ ਰੋਜ਼ ਸੰਸਦ ਵਿਚ ਜੋ ਕੁਝ ਹੋ ਰਿਹਾ ਹੈ, ਉਹ ਸਭ ਦੇਖਦਾ ਹੈ। ਆਖ਼ਰ ਇਹ ਸੰਸਦ ਮੈਂਬਰ ਲੋਕਾਂ ਸਾਹਮਣੇ ਕਿਹੜੀ ਤਸਵੀਰ ਪੇਸ਼ ਕਰ ਰਹੇ ਹਨ? ਜ਼ਰਾ ਸੋਚੋ ਕਿ ਦੇਸ਼ ਦੇ ਲੋਕਾਂ ਦੇ ਮਨਾਂ ਵਿਚ ਤੁਹਾਡਾ ਕੀ ਚਿੱਤਰ ਬਣ ਰਿਹਾ ਹੈ?

ਇਹ ਸੱਚ ਹੈ ਕਿ ਇਸ ਗਿਰਾਵਟ ਦਾ ਕਾਰਨ ਇਹ ਹੈ ਕਿ ਰਾਜਨੀਤੀ ਅੱਜ ਨੰਬਰਾਂ ਦੀ ਖੇਡ ਬਣ ਗਈ ਹੈ, ਜਿਸ ਕਾਰਨ ਖੇਤਰੀ ਸਾਧ ਆਪਣੀ ਇੱਛਾ ਪੂਰੀ ਕਰਨ ਲਈ ਦਬਾਅ ਪਾਉਂਦੇ ਹਨ। ਉਹ ਨਾ ਸਿਰਫ਼ ਗੁੰਡਾਗਰਦੀ ਦੀ ਰਾਜਨੀਤੀ ਵਿਚ ਵਿਸ਼ਵਾਸ ਰੱਖਦੇ ਹਨ, ਸਗੋਂ ਸੰਸਦ ਦੇ ਸਫਲ ਇਜਲਾਸ ਨੂੰ 'ਜਿਸਦੀ ਲਾਠੀ, ਉਸਦੀ ਮੱਝ' ਦਾ ਵਿਹੜਾ ਵੀ ਬਣਾਉਂਦੇ ਹਨ। ਅੱਜਕੱਲ੍ਹ ਸਮੱਗਰੀ ਨਾਲੋਂ ਆਕਾਰ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ, ਜਿਸ ਕਾਰਨ ਸੰਸਦ 'ਚ ਸੜਕਾਂ 'ਤੇ ਲੜਾਈ-ਝਗੜੇ ਵਰਗੇ ਦ੍ਰਿਸ਼ ਦੇਖਣ ਨੂੰ ਮਿਲਦੇ ਹਨ। ਇਸ ਲਈ ਇਸ ਨਿਘਾਰ ਵਾਲੇ ਸਿਆਸੀ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਸਿਆਸਤ ਨੂੰ ਪ੍ਰਭਾਵਿਤ ਕਰਨ ਵਾਲੀ ਸਮੱਗਰੀ ਸੰਸਦੀ ਕਾਰਵਾਈ ਵਿਚ ਨਹੀਂ ਮਿਲਦੀ।

ਕੁੱਲ ਮਿਲਾ ਕੇ ਲੱਗਦਾ ਹੈ ਕਿ ਸੰਸਦ ਹੁਣ ਸਿਰਫ਼ ਸਕੋਰਿੰਗ ਕਲੱਬ ਬਣ ਕੇ ਰਹਿ ਗਈ ਹੈ। ਬਹੁਤ ਸਾਰੇ ਜਾਣਦੇ ਹੋਣਗੇ ਕਿ ਸੰਸਦ ਦੀ ਕਾਰਵਾਈ ਦੇ ਇੱਕ ਮਿੰਟ 'ਤੇ 2.5 ਲੱਖ ਰੁਪਏ ਖਰਚ ਹੁੰਦੇ ਹਨ। ਇਸ ਤਰ੍ਹਾਂ ਇੱਕ ਦਿਨ ਦੀ ਸਾਧਾਰਨ ਕਾਰਵਾਈ 'ਤੇ ਔਸਤਨ ਛੇ ਕਰੋੜ ਰੁਪਏ ਦਾ ਖਰਚਾ ਆਉਂਦਾ ਹੈ। ਜਿਸ ਦਿਨ ਕਾਰਵਾਈ ਚਲਦੀ ਰਹਿੰਦੀ ਹੈ, ਖਰਚੇ ਹੋਰ ਵਧ ਜਾਂਦੇ ਹਨ। ਜ਼ਰਾ ਸੋਚੋ ਇਹ ਪੈਸਾ ਕਿੱਥੋਂ ਆਉਂਦਾ ਹੈ। ਸਪੱਸ਼ਟ ਹੈ ਕਿ ਇਹ ਦੇਸ਼ ਦੇ ਆਮ ਲੋਕਾਂ ਦੀਆਂ ਜੇਬਾਂ ਵਿਚੋਂ ਆਉਂਦਾ ਹੈ। ਲੋਕਤੰਤਰ ਵਿਚ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਸੰਸਦ ਦੀ ਕਾਰਵਾਈ ਲਗਾਤਾਰ ਰੁਕੇ ਰਹਿਣ ਜਾਂ ਦਿਨ ਭਰ ਹੰਗਾਮਾ ਹੁੰਦਾ ਰਹੇ, ਫਿਰ ਵੀ ਇੱਕ ਦਿਨ ਵਿਚ 6 ਕਰੋੜ ਰੁਪਏ ਖਰਚ ਕੀਤੇ ਜਾਣ। ਜ਼ਰਾ ਸੋਚੋ 6 ਕਰੋੜ ਰੁਪਏ ਨਾਲ ਕੀ ਕੀਤਾ ਜਾ ਸਕਦਾ ਹੈ? ਸੰਸਦ ਦੀ ਕਾਰਵਾਈ ਦੇ ਇੱਕ ਦਿਨ 'ਤੇ ਹੋਣ ਵਾਲੇ ਖਰਚੇ ਨਾਲ ਹਜ਼ਾਰਾਂ ਪਿੰਡਾਂ ਦੀ ਕਿਸਮਤ ਬਦਲੀ ਜਾ ਸਕਦੀ ਹੈ। ਲੱਖਾਂ ਗਰੀਬ ਕੁੜੀਆਂ ਦੇ ਵਿਆਹ ਹੋ ਸਕਦੇ ਹਨ। ਲਘੂ ਅਤੇ ਕਾਟੇਜ ਉਦਯੋਗ ਹਜ਼ਾਰਾਂ ਨੌਜਵਾਨਾਂ ਦੀ ਕਿਸਮਤ ਨੂੰ ਸੁਧਾਰ ਸਕਦੇ ਹਨ। ਪਰ ਸੰਸਦ ਮੈਂਬਰ ਇਸ ਸਭ ਬਾਰੇ ਨਹੀਂ ਸੋਚਦੇ। ਭਾਵੇਂ ਵਿਕਾਸ ਦੀਆਂ ਯੋਜਨਾਵਾਂ ਨਾ ਵੀ ਬਣਾਈਆਂ ਜਾਣ ਪਰ ਨਿੱਜੀ ਹਿੱਤਾਂ ਵਿਚ ਸੁਧਾਰ ਜ਼ਰੂਰ ਕਰਨਾ ਚਾਹੀਦਾ ਹੈ। ਕੀ ਸੰਸਦ ਮੈਂਬਰ ਦੇਸ਼ ਤੋਂ ਉੱਪਰ ਹੋ ਗਏ ਹਨ?

ਇੱਕ ਗੱਲ ਹੋਰ, ਅਜਿਹਾ ਨਹੀਂ ਹੈ ਕਿ ਸਾਰੇ ਸੰਸਦ ਮੈਂਬਰ ਹੰਗਾਮਾ ਕਰ ਰਹੇ ਹਨ। ਜੋ ਆਪਣੇ ਕੰਮ ਪ੍ਰਤੀ ਗੰਭੀਰ ਹਨ, ਉਹ ਕੁਝ ਵੀ ਕਰਨ ਤੋਂ ਅਸਮਰੱਥ ਹਨ। ਸਵਾਲ ਇਹ ਹੈ ਕਿ ਸੰਸਦ ਮੈਂਬਰ ਹਰ ਵਾਰ ਮਾਹੌਲ ਕਿਉਂ ਨਹੀਂ ਬਣਾਉਂਦੇ? ਕੀ ਸੰਸਦ ਮੈਂਬਰ ਹੰਗਾਮਾ ਕਰਨ ਲਈ ਹੀ ਪਹੁੰਚਦੇ ਹਨ? ਸੰਸਦ ਮੈਂਬਰਾਂ ਨੇ ਲੋਕ ਸਭਾ ਨੂੰ ਅਧਰੰਗ ਕਰ ਦਿੱਤਾ ਹੈ। ਅਸਲੀਅਤ ਇਹ ਹੈ ਕਿ ਲੋਕਤੰਤਰ ਵਿਚ ਦੇਸ਼ ਦੇ ਲੋਕ ਸਿੱਧੇ ਤੌਰ 'ਤੇ ਲੋਕ ਸਭਾ ਦੀ ਚੋਣ ਕਰਦੇ ਹਨ। ਅਜਿਹੀ ਸਥਿਤੀ ਵਿਚ, ਅਸਿੱਧੇ ਤੌਰ 'ਤੇ ਚੁਣੇ ਗਏ ਸਦਨ ਨੂੰ ਲੋਕ ਸਭਾ ਭਾਵ ਲੋਕ ਸਭਾ ਦੀ ਮਰਿਆਦਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਅਜਿਹਾ ਨਾ ਹੋਵੇ ਕਿ ਲੋਕ ਸਭਾ ਵਿਚ ਹੋਣ ਵਾਲੇ ਹਰ ਕੰਮ ਵਿਚ ਅੜਿੱਕਾ ਪੈ ਜਾਵੇ।

ਸਾਰੇ ਸੰਸਦ ਮੈਂਬਰਾਂ ਨੂੰ ਲੋਕ ਸਭਾ ਵਿਚ ਨਿਸ਼ਚਿਤ ਦਿਨਾਂ ਵਿਚ ਘੱਟੋ-ਘੱਟ ਤਿੰਨ ਮਿੰਟ ਲਈ ਆਪਣੇ ਚੋਣ ਖੇਤਰਾਂ ਬਾਰੇ ਬੋਲਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਵਾਰ-ਵਾਰ ਹੰਗਾਮਾ ਕਰਨ ਵਾਲੇ ਸੰਸਦ ਮੈਂਬਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸੂਚੀ ਜਨਤਕ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਨਿਯਮ ਬਣਾਏ ਜਾਣ ਕਿ ਜੋ ਸੰਸਦ ਮੈਂਬਰ ਖੂਹ 'ਤੇ ਆ ਕੇ ਪਰਚਾ ਲਹਿਰਾਉਂਦਾ ਹੈ ਜਾਂ ਕਿਸੇ ਤਰ੍ਹਾਂ ਦਾ ਹੰਗਾਮਾ ਕਰਦਾ ਹੈ, ਉਸ ਵਿਰੁੱਧ ਆਪਣੇ ਆਪ ਹੀ ਕੁਝ ਕਾਰਵਾਈ ਕੀਤੀ ਜਾਂਦੀ ਹੈ। ਕੁਝ ਸੰਸਦ ਮੈਂਬਰ ਵਾਕਆਊਟ ਕਰਕੇ ਸਦਨ 'ਚ ਵਾਪਸ ਕਿਉਂ ਆਉਂਦੇ ਹਨ? ਉਹ ਅਜਿਹਾ ਸਿਰਫ ਦਿਖਾਵਾ ਕਰਨ ਲਈ ਕਰਦੇ ਹਨ, ਉਨ੍ਹਾਂ ਦਾ ਦੇਸ਼ ਦੇ ਵਿਕਾਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਉਹ ਪਾਰਲੀਮੈਂਟ ਵਿਚ ਕੁਝ ਵੀ ਨਹੀਂ ਕਰ ਪਾ ਰਿਹਾ ਹੈ ਅਤੇ ਦੂਜੇ ਪਾਸੇ ਉਸ ਦੇ ਲੋਕ ਸਭਾ ਹਲਕੇ ਦੇ ਲੋਕ ਦੁਖੀ ਹਨ ਕਿਉਂਕਿ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਪਾ ਰਹੇ ਹਨ ਕਿਉਂਕਿ ਸੰਸਦ ਵਿਚ ਸਿਰਫ਼ ਹੰਗਾਮਾ ਹੀ ਹੁੰਦਾ ਹੈ। ਇਸ ਲਈ ਸੰਸਦ ਨੂੰ ਅਖਾੜਾ ਬਣਨ ਤੋਂ ਰੋਕਿਆ ਜਾਵੇ। ਲੀਡਰਸ਼ਿਪ ਨੂੰ ਵੀ ਆਪਣੀ ਗੱਲ ਸਮਝਾਓ, ਉਨ੍ਹਾਂ ਦੇ ਹਰ ਸਹੀ ਜਾਂ ਗਲਤ ਹੁਕਮ ਦੀ ਅੰਨ੍ਹੇਵਾਹ ਪਾਲਣਾ ਨਾ ਕਰੋ। ਸੰਸਦ ਮੈਂਬਰਾਂ ਦਾ ਪਹਿਲਾ ਫਰਜ਼ ਲੋਕਤੰਤਰ ਦੇ ਪਵਿੱਤਰ ਮੰਦਿਰ ਦੀ ਇੱਜ਼ਤ ਨੂੰ ਬਰਕਰਾਰ ਰੱਖਣਾ ਹੈ। ਸ਼ਾਇਦ ਇਹ ਲੋਕ ਸੰਸਦ ਨੂੰ ਗੈਰ-ਮਹੱਤਵਪੂਰਣ ਬਣਾਉਣ ਦੇ ਖਤਰਨਾਕ ਪਹਿਲੂਆਂ ਨੂੰ ਨਹੀਂ ਸਮਝਦੇ। ਸਾਡੀ ਸੰਸਦ ਸਾਡੇ ਰਾਸ਼ਟਰ ਦੀ ਨੀਂਹ ਪੱਥਰ ਹੈ, ਜੋ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਾਡੇ ਰਾਸ਼ਟਰੀ ਹਿੱਤਾਂ 'ਤੇ ਪ੍ਰਭੂਸੱਤਾ ਦੀ ਨਿਗਰਾਨੀ ਕਰੇ। ਸਰਕਾਰ ਸੰਸਦ ਨੂੰ ਜਵਾਬਦੇਹ ਹੁੰਦੀ ਹੈ ਅਤੇ ਸਰਕਾਰ ਦੀ ਹੋਂਦ ਲੋਕ ਸਭਾ ਦੇ ਉਸ ਵਿਚ ਭਰੋਸੇ 'ਤੇ ਨਿਰਭਰ ਕਰਦੀ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਸਾਡੇ ਸਾਰੇ ਸੰਸਦ ਮੈਂਬਰ ਇਸ ਗੱਲ ਵੱਲ ਧਿਆਨ ਦੇਣ ਕਿ ਸੰਸਦੀ ਲੋਕਤੰਤਰ ਨੂੰ ਕਿਵੇਂ ਮਜ਼ਬੂਤ ਕੀਤਾ ਜਾ ਸਕਦਾ ਹੈ। ਨਹੀਂ ਤਾਂ ਜਨਤਾ ਉਸ ਦਾ ਮਜ਼ਾਕ ਉਡਾਉਣ ਲੱਗ ਜਾਵੇਗੀ। ਸਾਡੇ ਸੰਸਦ ਮੈਂਬਰਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਉਹ ਕਿਹੋ ਜਿਹੀ ਵਿਰਾਸਤ ਛੱਡ ਰਹੇ ਹਨ। ਕੀ ਉਹ ਸੰਸਦ ਨੂੰ ਇਸ ਦੇ ਪਤਨ ਦੇ ਭਾਰ ਹੇਠ ਢਹਿਣ ਦੇਣਗੇ? ਅਸੀਂ ਦੇਖ ਰਹੇ ਹਾਂ ਕਿ ਅੱਜ ਕੀ ਹੋ ਰਿਹਾ ਹੈ। ਉਮੀਦ ਹੈ ਕਿ ਦੇਸ਼ ਦੇ ਸੰਸਦ ਮੈਂਬਰਾਂ ਅਤੇ ਸੰਸਦ ਨੂੰ ਚਲਾਉਣ ਵਾਲਿਆਂ ਨੂੰ ਛੇਤੀ ਹੀ ਅਹਿਸਾਸ ਹੋ ਜਾਵੇਗਾ ਕਿ ਦੇਸ਼ ਦੇ ਨਾਗਰਿਕ ਉਨ੍ਹਾਂ ਵੱਲ ਕਿੰਨੀ ਆਸ ਨਾਲ ਦੇਖਦੇ ਹਨ। ਕਈ ਮੌਕਿਆਂ 'ਤੇ ਉਸ ਨੂੰ ਮਿਸਾਲ ਵਜੋਂ ਵੀ ਰੱਖਦਾ ਹੈ।

## "ਉੱਚ ਦਾ ਪੀਰ ਚੱਲਿਆ ਏ"

ਦੇਸ ਕੌਮ ਦੀ ਬਦਲਣ ਲਈ ਤਕਦੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ ਉੱਚ ਦਾ ਪੀਰ ਚੱਲਿਆ ਏ।

ਝਾਲ ਝੱਲੀ ਨਾ ਜਾਵੇ ਉਸਦੇ ਨੂਰੀ ਮੁੱਖੜੇ ਦੀ,
ਕਰਾਂ ਸਿਫਤ ਕੀ ਮਸਤਕ ਉਸਦੇ ਚੰਨ ਦੇ ਟੁਕੜੇ ਦੀ,
ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ, ਬਣ ਫਕੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ----।

ਬਚਪਨ ਵਿਚ ਹੀ ਪਿਤਾ, ਜੋ ਹਿੰਦ ਦੇ ਲੇਖੇ ਲਾ ਆਇਆ,
ਚਮਕੌਰ ਗੜ੍ਹੀ ਵਿਚ ਲਾਲ, ਅਜੀਤ-ਜੁਝਾਰ ਲੁਟਾ ਆਇਆ,
ਜ਼ਾਲਮ ਨੂੰ ਸੋਧਣ ਲਈ ਫੜ ਸ਼ਮਸੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ-----।

ਹਿੰਦੂ, ਮੁਸਲਿਮ, ਸਿੱਖ-ਈਸਾਈ, ਸਭ ਦਾ ਸਾਂਝਾ ਏ,
ਚੋਜੀ ਪ੍ਰੀਤਮ ਜਗਤ-ਜਲੰਦਾ ਤਾਰੀਂ ਜਾਂਦਾ ਏ,
ਮਾਂ ਗੁਜਰੀ ਦਾ ਲਾਲ, ਵੈਰੀ ਨੂੰ ਚੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ-----।

ਅੰਮ੍ਰਿਤ ਪਿਆਕੇ ਚਿੜੀਆਂ ਤੋਂ ਜਿਸ ਬਾਜ਼ ਤੁੜਾਏ ਨੇ,
ਲੱਖਾਂ ਦੇ ਨਾਲ ਕੱਲੇ-ਕੱਲੇ ਸਿੰਘ ਲੜਾਏ ਨੇ,
ਸਾਰੇ ਜੱਗ ਦੀ ਦਿਲ ਵਿਚ ਲੈ ਕੇ ਪੀੜ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ-------।

ਸਾਰਾ ਹੀ ਸਰਬੰਸ ਵਾਰਕੇ ਸ਼ੁਕਰ ਮਨਾਉਂਦਾ ਏ,
ਤੇਰਾ ਕੀਆ ਮੀਠਾ ਲਾਗੇ ਮੁੱਖ 'ਚੋਂ ਗਾਉਂਦਾ ਏ,
ਸਰਬ-ਕਲਾ ਭਰਪੂਰ ਯੋਧਾ ਬੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ------।

"ਗਿੱਲ ਮਲਕੀਤ" ਗੁਰਾਂ ਦੇ ਚਰਨੀਂ ਸੀਸ ਨਿਵਾ ਆਈਏ,
ਭੱਠਲਾਂ ਪਿੰਡ ਦੇ ਲੋਕੋ, ਜੀਵਨ ਸਫਲ ਬਣਾ ਆਈਏ,
ਮਾਛੀਵਾੜੇ ਜੰਗਲੋਂ ਆਲਮਗੀਰ ਚੱਲਿਆ ਏ।
ਕਰਲੋ ਸੰਗਤੇ ਦਰਸ਼ਨ ਉੱਚ ਦਾ ਪੀਰ ਚੱਲਿਆ ਏ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943
ਪੰਜਾਬ ਮੇਲ USA



## ਅੱਠ ਪੋਹ-ਜੰਗ ਚਮਕੌਰ

ਜੰਗ ਚਮਕੌਰ ਦਾ ਹੋਣ ਲੱਗਾ
ਚੋਟਾਂ ਲੱਗੀਆਂ ਫੇਰ ਨਗਾਰਿਆਂ 'ਤੇ
ਅੱਠ ਪੋਹ ਦੀ ਤੜਕ ਸਵੇਰ ਹੋਈ
ਅੰਬਰ ਗੂੰਜਿਆ ਨਾਲ ਜੈਕਾਰਿਆਂ ਦੇ

ਨਾਹਰ ਖਾਨ ਸੀ ਖੱਬੀ ਖਾਨ ਵਾਹਲਾ
ਤੀਰ ਮਾਰਕੇ ਗੁਰਾਂ ਨੇ, ਝਟਕ ਦਿੱਤਾ
ਪੌੜੀ ਲਾ ਕੇ ਚੜ੍ਹਿਆ ਖਾਨ ਖੇਜਰ
ਝੱਟ ਗੁਰਾਂ ਨੇ ਥੱਲੇ ਪਟਕ ਦਿੱਤਾ

ਧਾਵਾ ਬੋਲ ਜੋ, ਗੜ੍ਹੀ ਦੇ ਆਏ ਲਾਗੇ
ਭੁੱਖੇ ਸ਼ੇਰਾਂ ਨੇ ਗੱਡੀ ਉਹ, ਚਾੜ੍ਹ ਦਿੱਤੇ
ਦਸ ਲੱਖ ਸੀ ਭਾੜੇ ਦੇ ਮੁਗਲ ਫੌਜੀ
ਚਾਲੀ ਸਿੰਘਾਂ ਨੇ ਪਿੱਛੇ, ਲਤਾੜ ਦਿੱਤੇ

ਅਜੀਤ ਸਿੰਘ ਨੂੰ ਹੱਥੀਂ ਤਿਆਰ ਕਰਕੇ
ਫਿਰ ਭੇਜਿਆ ਗੁਰਾਂ ਮੈਦਾਨ ਅੰਦਰ
ਜਿਹੜਾ ਪੁੱਤਾਂ ਨੂੰ ਹੱਥੀਂ ਜੰਗ ਤੋਰੇ
ਮੈਂ ਨੀਂ ਦੇਖਿਆ ਪਿਤਾ ਜਹਾਨ ਅੰਦਰ

ਵਾਂਗ ਸ਼ੇਰਾਂ ਦੇ ਲੜਿਆ ਸ਼ੇਰ ਸੂਰਾ
ਬਰਛਾ ਪਿੱਠ 'ਤੇ ਵੈਰੀ ਨੇ ਮਾਰ ਦਿੱਤਾ
ਪਿਤਾ ਦੇਖਕੇ ਗੜ੍ਹੀ 'ਚੋਂ ਬੋਲ ਆਖੇ
ਪਹਿਲਾ ਪੁੱਤ ਮੈਂ ਕੌਮ ਤੋਂ ਵਾਰ ਦਿੱਤਾ

ਦੇ ਕੇ ਥਾਪੜਾ ਪੁੱਤ ਜੁਝਾਰ ਸਿੰਘ ਨੂੰ
ਫਿਰ ਕੌਮ ਦੀ ਭੇਟ, ਚੜ੍ਹਾ ਦਿੱਤਾ
ਗੜ੍ਹੀ ਛੱਡਜੋ ਗੁਰੂ ਜੀ, ਤੁਸੀਂ ਛੇਤੀਂ
ਪੰਜਾਂ ਪਿਆਰਿਆਂ ਹੁਕਮ ਸੁਣਾ ਦਿੱਤਾ

ਫਿਰ ਗਰਜ ਕੇ ਆਖਿਆ ਵੈਰੀਆਂ ਨੂੰ
ਆਜੋ ਚੜ੍ਹਜੋ ਜੇ ਹਿੱਕ 'ਤੇ, ਚੜ੍ਹ ਹੁੰਦਾ
ਆਹ ਚੱਲਿਆ ਹਿੰਦ ਦਾ ਪੀਰ ਦੇਖੋ
ਅੱਜ ਫੜਲੋ ਬਾਪੂ ਜੇ, ਫੜ ਹੁੰਦਾ

ਛਤਰ ਝੁੱਲਦੇ ਸੀ ਜਿਸਦੇ ਸਿਰ ਉੱਤੇ
ਨੰਗੇ ਪੈਰੀ ਅੱਜ ਰਾਹਾਂ 'ਤੇ, ਆ ਢੁੱਕਾ
ਨਿੱਘੇ ਮਖਫਲਾਂ ਉੱਤੇ ਸੌਣ ਵਾਲਾ
ਮਾਛੀਵਾੜੇ ਦੇ ਜੰਗਲੀਂ, ਜਾ ਸੁੱਤਾ

ਜਦੋਂ ਕੋਈ ਵੀ, ਥੋੜੇ 'ਤੇ ਦੁੱਖ ਆਵੇ
ਬਾਜਾਂ ਵਾਲੇ ਦੇ, ਦੁੱਖ ਨੂੰ ਯਾਦ ਕਰਿਓ
ਪੁੱਤ ਵਾਰ ਕੇ ਜਿੱਥੇ ਸੀ ਬਾਪ ਸੁੱਤਾ
ਮਾਛੀਵਾੜੇ ਦੇ, ਰੁੱਖ ਨੂੰ ਯਾਦ ਕਰਿਓ

ਉਹ ਸ਼ਿਖਰ ਸੀ ਸਿਦਕ ਤੇ ਸਬਰ ਵਾਲਾ
ਭੱਠ ਆਖਦਾ ਸੀ ਜੋ, ਖੇੜਿਆਂ ਨੂੰ
ਚੰਗਾ ਯਾਰ ਦੇ ਸੱਥਰ ਨੂੰ, ਕਿਹਾ ਜਿਸਨੇ
ਛੱਡ ਹੱਸਦੇ ਵੱਸਦੇ, ਵਿਹੜਿਆਂ ਨੂੰ

ਜ਼ਰਾ ਦੇਖ ਤੂੰ ਦੁੱਖ, ਦਸਮੇਸ਼ ਜੀ ਦਾ
ਬੇਸ਼ੁਕਰਾ ਕਾਹਨੂੰ ਤੂੰ, ਹੋਈ ਜਾਨੈ
ਸੁੱਤਾ ਪਿਆ ਏਂ ਮਖਮਲੀ ਗੱਦਿਆਂ 'ਤੇ
ਡਾਨਸੀਵਾਲੀਆ ਫਿਰ ਵੀ ਰੋਈ ਜਾਨੈ

-ਕੁਲਵੀਰ ਸਿੰਘ ਡਾਨਸੀਵਾਲ, ਸਰੀ, ਬੀ.ਸੀ. ਕੈਨੇਡਾ
778-863-2472
ਪੰਜਾਬ ਮੇਲ USA



## ਕੰਧੇ ਸਰਹਿੰਦ ਦੀਏ !

ਪੁੱਛਦੀ ਹੈ ਮਾਤਾ ਗੁਜਰੀ, ਕਿੱਥੇ ਨੇ ਲਾਲ ਲੁਕਾਏ,
ਜ਼ਾਲਿਮ ਮੁਗ਼ਲਾਂ ਦੱਸ ਦੇ, ਕਿੰਨੇ ਨੇ ਕਹਿਰ ਕਮਾਏ,
ਭੇਦ ਜ਼ਰਾ ਖੋਲ੍ਹੀਂ ਨੀਂ, ਕੰਧੇ ਸਰਹਿੰਦ ਦੀਏ,
ਝੂਠ ਭੋਰਾ ਨ ਬੋਲੀਂ ਨੀਂ, ਕੰਧੇ ਸਰਹਿੰਦ ਦੀਏ ?

**ਕੰਧ ਦਾ ਜਵਾਬ:**
ਮੇਰਾ ਕਸੂਰ ਕੋਈ ਨਹੀਂ, ਗੰਗੂ ਦੀ ਮਿਲੀ ਭੁਗਤ ਸੀ,
ਆ ਵਿਚ ਲਾਲਚ ਜਿਨ੍ਹੇ, ਫੜਾਏ ਬਣਾਕੇ ਜੁਗਤ ਸੀ,
ਸੱਦ ਕੇ ਸਵੇਰੇ ਕਚਹਿਰੀ, ਸੂਬੇ ਨੇ ਪਹਿਲਾਂ ਧਮਕਾਏ,
ਜੈਕਾਰੇ ਲਾਲਾਂ ਨੇ ਮਾਰੇ, ਸਰਹਿੰਦ ਦੇ ਤਖ਼ਤ ਹਿਲਾਏ।
ਪੁੱਛਦੀ ਹੈ ਮਾਤਾ ਗੁਜਰੀ, ਕਿੱਥੇ ਨੇ ਲਾਲ ਲੁਕਾਏ,
ਜ਼ਾਲਿਮ ਮੁਗ਼ਲਾਂ ਦੱਸ ਦੇ, ਕਿੰਨੇ ਨੇ ਕਹਿਰ ਕਮਾਏ।
ਭੇਦ ਜ਼ਰਾ ਖੋਲ੍ਹੀਂ ਨੀਂ, ਕੰਧੇ ਸਰਹਿੰਦ ਦੀਏ,
ਝੂਠ ਭੋਰਾ ਨ ਬੋਲੀਂ ਨੀਂ, ਕੰਧੇ ਸਰਹਿੰਦ ਦੀਏ ?

**ਸਵਾਲ :**
ਬੀਤਿਆ ਕਿੰਝ ਭਾਣਾ ਸੀ, ਦੱਸ ਦੇਹ ਨੀਂ ਅੱਜ ਖੋਲ੍ਹ ਕੇ,
ਦਿਲ ਵਿਚ ਜੋ ਭੇਦ ਛੁਪਾਏ, ਦੱਸ ਦੇਹ ਨੀਂ ਮੁੱਖੋਂ ਬੋਲ ਕੇ।
ਕਿਨ੍ਹੇ ਸੀ ਸ਼ਰਮਾਂ ਲਾਹੀਆਂ, ਕੰਧੇ ਸਰਹਿੰਦ ਦੀਏ,
ਕਿਨ੍ਹੇ ਦਿੱਤੀਆਂ ਗਵਾਹੀਆਂ, ਕੰਧੇ ਸਰਹਿੰਦ ਦੀਏ ?

**ਕੰਧ ਦਾ ਜਵਾਬ :**
ਮੇਰੀ ਕੋਈ ਪੇਸ਼ ਨਾ ਚੱਲੀ, ਜੋੜੇ ਸੀ ਮੈਂ ਹੱਥ ਬਥੇਰੇ,
ਵਾਸਤੇ ਬੜੇ ਪਾ ਪਾ ਥੱਕੀ, ਸੁੱਚੇ ਦੇ ਗਰਕੇ ਬੇੜੇ।
ਕਾਜ਼ੀ ਦੇਹ ਹੁਕਮ ਜਲਾਦਾਂ, ਨੀਹਾਂ 'ਚ ਚਿਣਵਾਏ ਨੇ,
ਰਾਜ਼ਾਂ ਨੇ ਤਰਸ ਨਾ ਖਾਧਾ, ਲਹੂ ਗੋਡਿਆਂ 'ਚੋਂ ਵਗਾਏ ਨੇ।
ਪੁੱਛਦੀ ਹੈ ਮਾਤਾ ਗੁਜਰੀ, ਕਿੱਥੇ ਲਾਲ ਲੁਕਾਏ ਨੇ,
ਜ਼ਾਲਿਮ ਮੁਗ਼ਲਾਂ ਦੱਸ ਦੇ, ਕਿੰਨੇ ਕਹਿਰ ਕਮਾਏ ਨੇ,
ਭੇਦ ਜ਼ਰਾ ਨੀਂ ਖੋਲ੍ਹੀਂ, ਕੰਧੇ ਸਰਹਿੰਦ ਦੀਏ,
ਝੂਠ ਭੋਰਾ ਨਾ ਬੋਲੀਂ, ਕੰਧੇ ਸਰਹਿੰਦ ਦੀਏ।

-ਸੇਵਾ ਸਿੰਘ "ਨੂਰਪੁਰੀ"



## ਛੇ ਪੋਹ-ਵੀਹ ਦਸੰਬਰ

ਛੇ ਪੋਹ ਚੜ੍ਹਿਆ ਤੇ ਝੰਡਾ ਗੱਡਤਾ
ਗੁਰਾਂ ਨੇ ਅਨੰਦਪੁਰ ਕਿਲ੍ਹਾ ਛੱਡਤਾ

ਚੰਦਰਾ ਔਰੰਗਾ ਸੀ ਸ਼ੈਤਾਨ ਹੋ ਗਿਆ
ਸੌਂਹਾਂ ਖਾ ਕੇ ਪਾਪੀ ਬੇਈਮਾਨ ਹੋ ਗਿਆ

ਗੁਰੂ ਜੀ 'ਤੇ ਧੋਖੇ ਨਾਲ, ਧਾਵਾ ਬੋਲਤਾ
ਵਾਹਦਿਆਂ ਨੂੰ ਝੱਟ, ਮਿੱਟੀ ਵਿਚ ਰੋਲਤਾ

ਭਾਈ ਜੈਤਾ ਖੜ੍ਹ ਗਿਆ, ਹਿੱਕ ਤਾਣ ਕੇ
ਉਦੈ ਸਿੰਘ ਡੱਟ ਗਿਆ ਮੂਹਰੇ ਆਣ ਕੇ

ਬੱਚਿਆਂ ਸਮੇਤ ਗੁਰੂ, ਅੱਗੇ ਵਧ ਗਏ
ਕੁਝ ਸਿੰਘ ਸੂਰਿਆਂ ਨੂੰ ਪਿੱਛੇ ਛੱਡ ਗਏ

ਸਰਸਾ ਕਿਨਾਰੇ ਜਾ ਕੇ ਡੇਰਾ ਲਾ ਲਿਆ
ਵੈਰੀਆਂ ਨੇ ਪਿੱਛੋਂ ਆ ਕੇ ਘੇਰਾ ਪਾ ਲਿਆ

ਚੱਲ ਰਹੀ ਸੀ ਉੱਪਰੋਂ ਹਨੇਰੀ ਜ਼ੋਰ ਦੀ
ਪੋਹ ਵਾਲੀ ਠੰਢ ਸਿਗੀ ਹੱਡ ਤੋੜਦੀ

ਬੜਾ ਘਮਸਾਨ ਵਾਲਾ ਯੁੱਧ ਛਿੜਿਆ
ਸ਼ੇਰਾਂ ਵਾਂਗੂੰ ਖਾਲਸਾ ਸੀ, ਜਾ ਭਿੜਿਆ

ਚੰਦਰੀ ਹੋਣੀ ਨੇ ਸਾਰਾ ਕੁਝ, ਖੋਹ ਲਿਆ
ਸਾਰਾ ਪਰਿਵਾਰ ਖੇਰੂੰ-ਖੇਰੂੰ, ਹੋ ਗਿਆ

ਵਿਰਲਾ ਹੀ ਸਰਸਾ ਦੇ ਵਿਚੋਂ ਲੰਘਿਆ
ਤਿੰਨ ਥਾਹੀਂ ਗਿਆ ਪਰਿਵਾਰ ਵੰਡਿਆ

ਪੁੱਤ ਨੂੰ ਨਾ ਮਾਤਾ ਦਾ ਪਿਆਰ ਮਿਲਿਆ
ਮੁੜਕੇ ਨਾ ਫੇਰ ਪਰਿਵਾਰ ਮਿਲਿਆ

ਸਰਸਾ ਦਾ ਪਾਣੀ ਸਭ ਹੂੰਝ ਲੈ ਗਿਆ
ਗੁਰੂ 'ਤੇ ਪਹਾੜ ਜਿੱਡਾ, ਕਹਿਰ ਢਹਿ ਗਿਆ

ਜੋੜਦਾ ਇਹ ਛੰਦ ਗਮਗੀਨ ਹੋ ਗਿਆ
ਲਿਖਦਾ ਕਹਾਣੀ ਕੁਲਵੀਰ ਰੋ ਪਿਆ

-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



## ਠੰਡੇ ਬੁਰਜ 'ਚ ਬੈਠੀ ਦਾਦੀ

ਨਿੱਘੀ ਗੋਦ 'ਚ ਕੋਲ ਬਿਠਾ ਕੇ
ਬੱਚਿਆਂ ਨੂੰ ਨਾਲ ਸੀਨੇ ਦੇ ਲਾ ਕੇ
ਮੁੱਖ 'ਚੋਂ ਫੁਰਮਾਉਂਦੀ ਐ
ਠੰਡੇ ਬੁਰਜ 'ਚ ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

ਬੱਚਿਓ ਭਾਵੇਂ ਤੁਸੀਂ ਓਂ ਭੁੱਖੇ
ਕਈ ਦਿਨਾਂ ਤੋਂ ਨਹੀਂਓਂ ਸੁੱਤੇ
ਹੱਡ ਚੀਰ ਦੀ ਸਰਦੀ
ਉੱਤੋਂ ਜ਼ੋਰ ਦਿਖਾਉਂਦੀ ਹੈ
ਠੰਡੇ ਬੁਰਜ ਚ' ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

ਤੁਸੀਂ ਉਮਰੋਂ ਵੱਧ ਤਸੀਹੇ ਝੱਲੇ
ਬੰਨ੍ਹ ਕੇ ਰੱਖੀ ਗੱਲ ਪਰ ਪੱਲੇ
ਸੀਸ ਤੋਂ ਵੱਧ ਕੇ ਧਰਮ ਪਿਆਰਾ
ਗੱਲ ਨੂੰ ਯਾਦ ਕਰਾਉਂਦੀ ਐ
ਠੰਡੇ ਬੁਰਜ 'ਚ ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

ਦਾਦੇ ਦੀ ਰੱਖਿਓ ਯਾਦ ਕੁਰਬਾਨੀ
ਹੋਈ ਸ਼ਹੀਦੀ ਦੀ ਕਿਵੇਂ ਲਾਸਾਨੀ
ਸਿਰੜ ਵੇਖ ਕੇ ਜਿਸ ਦਾ
ਹੋਣੀ ਵੀ ਘਬਰਾਉਂਦੀ ਐ
ਠੰਡੇ ਬੁਰਜ 'ਚ ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

ਜੋ ਆਇਆ ਹੈ ਉਸਨੇ ਜਾਣਾ
ਅੱਜ ਨਹੀਂ ਕੱਲ੍ਹ ਕਾਲ ਨੇ ਖਾਣਾ
ਫਿਰ ਕਿਸ ਗੱਲ ਤੋਂ ਘਬਰਾਉਣਾ
ਕਹਿ ਕੇ ਹਿੱਕ ਨਾਲ ਲਾਉਂਦੀ ਐ
ਠੰਡੇ ਬੁਰਜ 'ਚ ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

"ਦਵਿੰਦਰਾ" ਸਾਡੀ ਹੁਣ ਜ਼ਿੰਮੇਵਾਰੀ,
ਦੱਸ ਬੱਚਿਆਂ ਨੂੰ ਵਿੱਥਿਆ ਸਾਰੀ,
ਕਿਵੇਂ ਬਣਨਾ ਯੋਧੇ ਬਲਕਾਰੀ, ਜਿਵੇਂ ਦਾਦੀ ਸਿਖਾਉਂਦੀ ਐ
ਠੰਡੇ ਬੁਰਜ 'ਚ ਬੈਠੀ ਦਾਦੀ, ਕਿਵੇਂ ਲਾਡ ਲਡਾਉਂਦੀ ਐ

-ਦਵਿੰਦਰ ਸਿੰਘ ਸੇਖੋਂ



## ਸਾਕਾ ਚਮਕੌਰ

ਦਲ ਵੈਰੀ ਦੇ ਲੱਖਾਂ ਤੋਂ ਕੱਖ ਹੋ ਗਏ, ਉੱਚੀ
ਮਮਟੀਓਂ ਚਲਦੇ ਨੇ ਤੀਰ ਦੇਖੋ।
ਮੂੰਹ ਮੋੜਤਾ ਸੀ ਜਰਵਾਣਿਆਂ ਦਾ, ਦਸਮੇਸ਼
ਪਿਤਾ ਦੀ ਰੱਬੀ ਸ਼ਮਸ਼ੀਰ ਦੇਖੋ।

ਲੱਗੇ ਭਾਗ ਚਮਕੌਰ ਨੂੰ ਖਾਲਸੇ ਦੇ, ਕੱਚੀ
ਗੜ੍ਹੀ ਸੀ ਤਣੀ ਚਟਾਨ ਵਾਂਗੂੰ,
ਜੈਕਾਰੇ ਮਾਰ ਕੇ ਫਤਹਿ ਬੁਲੰਦ ਕਰਦੇ,
ਕਲਗੀਧਰ ਦੇ ਖਾਲਸੇ ਬੀਰ ਦੇਖੋ।

ਜਥੇ ਸਿੰਘਾਂ ਦੇ ਵੈਰੀ 'ਤੇ ਟੁੱਟ ਪੈਂਦੇ, ਚਾਅ
ਚੜ੍ਹਿਆ ਹੈ ਬੜਾ ਸ਼ਹੀਦੀਆਂ ਦਾ,
ਬਾਈਧਾਰ ਨੂੰ ਛਿੜਦਾ ਰਿਹਾ ਕਾਂਬਾ, ਦਹਿਲ
ਗਏ ਸੀ ਮੁਗਲੀਆ ਮੀਰ ਦੇਖੋ।

ਦਿੱਤਾ ਥਾਪੜਾ ਅਜੀਤ ਜੁਝਾਰ ਨੂੰ ਵੀ, ਹੱਥੀਂ
ਸਜਾ ਕੇ ਜੰਗ ਨੂੰ ਤੋਰ ਦਿੱਤੇ,
ਸਵਾ ਲੱਖ ਨਾਲ ਇੱਕ ਲੜਾਂਵਦੇ ਜੋ, ਗੁਰੂ
ਗੋਬਿੰਦ ਸਿੰਘ ਜੱਗ ਦੇ ਪੀਰ ਦੇਖੋ।

ਜਦੋਂ ਹੁਕਮ ਵਜਾ ਕੇ ਖਾਲਸੇ ਦਾ, ਤਾੜੀ ਮਾਰ
ਕੇ ਸਤਗੁਰਾਂ ਗੜ੍ਹੀ ਛੱਡੀ,
ਵੈਰੀ ਦਲਾਂ 'ਚ ਬੜਾ ਘਮਸਾਨ ਮਚਿਆ, ਹੋਏ
ਦਿਲੋਂ ਜੋ ਸੀ ਦਲਗੀਰ ਦੇਖੋ।

ਖੰਡੇ ਬਾਟੇ ਦੀ ਪਹੁਲ ਦਾ ਜੌਹਰ ਦੇਖੋ, ਫਤਹਿ
ਫਤਹਿ ਹੀ ਸਿੰਘ ਪੁਕਰਦੇ ਨੇ,
ਧਾਂਕ ਸੂਰਿਆਂ ਪੂਰਿਆਂ ਪਾਈ ਐਸੀ, ਜਿਗਰਾ
ਜਾਂਦਾ ਚਟਾਨਾਂ ਨੂੰ ਚੀਰ ਦੇਖੋ।

ਪਿਆਰੇ ਸਿੰਘ ਗੁਰੂ ਗੋਬਿੰਦ ਸਿੰਘ ਦੇ, ਨਾਲ
ਪਰਬਤਾਂ ਮੱਥਾ ਨੇ ਲਾਉਣ ਵਾਲੇ,
ਜਿਹੜਾ ਕਦੀ ਸਹਾਰੇ ਨਾ ਖਾਲਸੇ ਨੂੰ,
ਬਿਪਰਵਾਦ ਦੀ ਅੱਖ ਦਾ ਟੀਰ ਦੇਖੋ।

ਨਿਗ੍ਹਾ ਰਹੇ ਸਵੱਲੀ ਗੁਰੂ ਖਾਲਸੇ 'ਤੇ, ਤਿੱਤਰ
ਫੇਰ ਉਡਾਰੀਆਂ ਮਾਰਦੇ ਨੇ,
'ਢੇਸੀ' ਖਾਲਸਾਈ ਸ਼ੇਰ ਨੇ ਗਰਜਣਾ ਹੈ,
ਜੀਂਦੀ ਸਦਾ ਹੈ ਸਿੱਖੀ ਜ਼ਮੀਰ ਦੇਖੋ।

-ਕੁਲਵੰਤ ਸਿੰਘ 'ਢੇਸੀ', ਯੂ.ਕੇ.



## ਸ਼ਹਾਦਤ-ਏ-ਸਫ਼ਰ

ਸ਼ਹਾਦਤ ਦੇ ਸਫਰ 'ਤੇ ਜਿੱਤ ਹੈ ਜੈਕਾਰਿਆਂ ਕਰਕੇ।
ਪਿਆਰੇ ਗੁਰਮੁਖੋ ਸਾਡਾ ਪੰਥ ਹੈ ਗੁਰਪਿਆਰਿਆਂ ਕਰਕੇ।

ਸੀਸ ਦੇਣਾ ਸਿਰੜ ਨਹੀਂ ਹਾਰਨਾ, ਹੈ ਫਤਹਿ ਸਿੱਖੀ ਦੀ,
ਚਾਂਦਨੀ ਚੌਂਕ ਵਿਚ ਨੌਂਵੇਂ ਗੁਰਾਂ, ਸੀਸ ਵਾਰਿਆ ਕਰਕੇ।

ਦੇਗ ਤੋਂ ਕਾੜ੍ਹ ਨਾ ਹੋਈ, ਨਾ ਰੂੰਅ ਤੋਂ ਸਾੜ ਹੋਈ ਸਿੱਖੀ,
ਸਿੱਖ ਤਾਂ ਹੱਸ ਕੇ ਦੋਫਾੜ ਹੋਇਆ, ਆਰਿਆਂ ਕਰਕੇ।

ਹਿੰਦ ਦੀ ਖੁੱਲ੍ਹ ਗਈ ਨੀਂਦਰ, ਜਦੋਂ ਚਮਕੌਰ ਸੀ ਗੱਜਿਆ,
ਜੰਗ ਲਈ ਵੱਡੇ ਲਾਲਾਂ ਨੂੰ, ਗੁਰਾਂ ਸ਼ਿੰਗਾਰਿਆ ਕਰਕੇ।

ਕੰਧਾਂ ਜਦ ਤਿੜਕੀਆਂ ਸਰਹੰਦ ਵਿਚ, ਤਾਂ ਮਹਿਲ ਵੀ ਤਿੜਕੇ,
ਗੁਜ਼ਰੀ ਮਾਂ ਦੀਆਂ ਅੱਖਾਂ ਦੇ, ਸੋਹਣੇ ਤਾਰਿਆਂ ਕਰਕੇ।

ਸਰਹੰਦ ਦੀ ਇੱਟ ਦੇ ਨਾਲ ਇੱਟ ਖੜਕਾ ਕੇ ਟੰਗਿਆ ਸੂਬਾ,
ਬਹਾਦਰ ਬੰਦਾ ਸਿੰਘ ਦੇ ਗੱਜਦੇ ਲਲਕਾਰਿਆਂ ਕਰਕੇ।


ਜ਼ੁਲਮ ਦੀ ਰਾਤ ਸੀ ਮੁੱਕੀ, ਹਲੇਮੀ ਚੜ੍ਹ ਗਿਆ ਸੂਰਜ,
ਖਾਲਸਾ ਫੌਜ ਦੇ ਝਲਕਾਰਿਆਂ, ਚਮਕਾਰਿਆਂ ਕਰਕੇ।

ਖਾਲਸਾਈ ਅੱਖ ਵਿਚ ਅੱਖ ਪਾ ਕੇ, ਦੱਸੋ ਕਿਹਨੇ ਤੱਕਣਾ ਹੈ,
ਨਿਸ਼ਾਨੇ ਸਿੱਖੀ ਹੇਠਾਂ ਏਕਾ ਹੈ ਜੇ ਸਾਰਿਆਂ ਕਰਕੇ।

ਸਾਨੂੰ ਖੁਦਦਾਰੀਆਂ ਸਿਰਦਾਰੀਆਂ ਦੀ ਹੋਈ ਹੈ ਬਖਸ਼ਿਸ਼,
ਚੋਜੀ ਪਿਤਾ ਨੇ ਸਰਬੰਸ ਆਪਣਾ ਵਾਰਿਆ ਕਰਕੇ।

ਜੇ ਇਹ ਬਿਪਰੀ ਗੀਤਾਂ ਤੋਂ 'ਢੇਸੀ' ਮੁਕਤ ਹੋ ਜਾਵਣ,
ਖਾਲਸਾ ਪੰਥ ਦਾ ਗੌਰਵ ਹੈ ਗੁਰਦੁਆਰਿਆਂ ਕਰਕੇ।

-ਕੁਲਵੰਤ ਸਿੰਘ ਢੇਸੀ



## ਕ੍ਰਿਸਮਸ ਡੇ

ਕ੍ਰਿਸਮਸ ਡੇ 'ਤੇ ਗਿਫਟ ਭੇਜਣਾ,
ਨਵਾਂ ਟਰੈਕਟਰ ਹਰਾ 'ਜੌਹਨਡੀਅਰ'।

ਕਰਾਂਗੇ ਤੇਰੀ ਖਾਤਰਦਾਰੀ,
ਦੇਸੀ ਦਾਰੂ ਫੁੱਲ 'ਬਲੈਂਡਰ'।

ਪੈਸੇ ਲੈ ਕੇ ਰੋਲ ਦੇਊਗਾ,
ਗੱਪੀ ਠੱਗ ਫਿਲਮ 'ਡਾਇਰੈਕਟਰ'।


ਝੋਟਾ ਵੇਖ ਕੇ ਛੜਾਂ ਮਾਰਦੀ,
ਫੰਡਰ ਮੱਝ ਦਾ 'ਹਾਈਕਰੈਟਰ'।

ਬੱਸ 'ਤੇ ਚੜ੍ਹਨੋਂ ਡਰਦੀਆਂ ਕੁੜੀਆਂ,
ਉਰਬਿਟ ਦੇ ਬਦਮਾਸ਼ 'ਕੰਡਕਟਰ'।

ਜਾਵੀਂ ਨਾ ਪੰਜਾਬ ਬੇਲੀਆ,
ਨੇਤਾ, ਅਫਸਰ ਤੇ 'ਗੈਂਗਸਟਰ'।

ਕਿੱਥੇ ਲੈਂਦਾ ਸ਼ੈਲਟਰ ਸੀ 'ਗਿੱਲ',
ਚਰਚਿਤ ਜੋ ਸਪੈਸ਼ਲ 'ਐਨਕਾਊਂਟਰ'।

-ਜੁਗਰਾਜ ਗਿੱਲ, ਯੌਰਕ
(ਅਮਰੀਕਾ)





RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



**Gurjatinder S. Randhawa**
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

## Gurjatinder S. Randhawa

## 916-320-9444

web: www.RealtorRandhawa.com

garysingh123@yahoo.com